# ਗੁਰਬਾਣੀ ਅਤੇ ਵਾਰਾਂ ਭਾਈ ਗੁਰਦਾਸ : ਸਮਭਾਵੀ ਸਰੋਕਾਰ

**ਲੇਖਕਾ : ਭਗਵੰਤ ਕੌਰ**


ਪ੍ਰਕਾਸ਼ਕ :

**ਗੁਰਬਖਸ਼ ਸਿੰਘ**
68, ਹੇਜ਼ਲ ਕਲੋਜ਼
ਟਵਿਕਨਹਾਮ
ਯੂ.ਕੇ.

*Published by :*

**Gurbux Singh**
68, Hazel Close,
TWICKENHAM,
U.K.


*Gurbani ate Vaaran Bhai Gurdas : Sambhavi Sarokar*

by

Bhagwant Kaur

***ਇਸੇ ਕਲਮ ਤੋਂ***

- ਸੇਵਾ ਤੇ ਸਿਦਕ (1983)


ਪ੍ਰਕਾਸ਼ਕ : ਗੁਰਬਖਸ਼ ਸਿੰਘ
68, ਹੇਜ਼ਲ ਕਲੋਜ਼
ਟਵਿਕਨਹਾਮ, ਯੂ. ਕੇ.
ਫੋਨ : 00442087552435

ਛਾਪਕ : ਪੀ. ਕੇ. ਪ੍ਰੈੱਸ, ਅੱਡਾ ਹੁਸ਼ਿਆਰਪੁਰ, ਜਲੰਧਰ।

ਟਾਈਪ ਸੈਟਿੰਗ : ਸੁਰਜੀਤ ਕੰਪਿਊਟਰਜ਼, ਬਸਤੀ ਸ਼ੇਖ, ਜਲੰਧਰ।
ਫੋਨ : 0181-2432046

# ਦੋ ਸ਼ਬਦ

ਮੈਂ ਆਪਣੀ ਮੁੱਢਲੀ ਵਿਦਿਆ ਸਿੱਖ ਕੰਨਿਆਂ ਮਹਾਂ ਵਿਦਿਆਲਾ ਫਿਰੋਜ਼ਪੁਰ ਤੋਂ ਸ਼ੁਰੂ ਕੀਤੀ। ਉਥੋਂ ਹੀ ਦਸਵੀਂ ਪਾਸ ਕੀਤੀ। ਇਥੇ, ਸਿੱਖ ਸੰਸਥਾ ਹੋਣ ਦੇ ਨਾਤੇ ਹਰ ਸ਼੍ਰੇਣੀ ਵਿਚ ਧਰਮ ਪੋਥੀਆਂ ਰਾਹੀਂ ਧਾਰਮਿਕ ਸਿੱਖਿਆ ਦਿੱਤੀ ਜਾਂਦੀ। ਹਰ ਗੁਰਪੁਰਬ ਜਾਂ ਧਾਰਮਿਕ ਸਮਾਗਮਾਂ ਤੇ ਕੀਰਤਨ ਦਰਬਾਰ ਲਗਦੇ ਤੇ ਵਿਦਵਾਨ ਆਉਂਦੇ ਜੋ ਵਖਿਆਨ ਕਰਦੇ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਵਿਦਵਤਾ ਬਾਰੇ ਰੋਸ਼ਨੀ ਪਾਉਂਦੇ ਕਿ ਕਿਸ ਤਰ੍ਹਾਂ ਉਨ੍ਹਾਂ ਨੇ ਬਾਣੀ ਨੂੰ ਰਾਗਾਂ ਦੇ ਆਧਾਰ 'ਤੇ ਤਰਤੀਬ ਦਿੱਤੀ। ਵਿਦਵਾਨ ਸਾਹਿਬਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲਿਖਾਰੀ ਭਾਈ ਗੁਰਦਾਸ ਜੀ ਬਾਰੇ ਵੀ ਚਾਨਣਾ ਪਾਉਂਦੇ। ਫਿਰ ਹਰ ਰੋਜ਼ ਸਵੇਰੇ ਸਕੂਲ ਦੀ ਪ੍ਰਾਰਥਨਾ ਵਿਚ ਸ਼ਬਦ ਗਾਇਨ ਕੀਤੇ ਜਾਂਦੇ ਤੇ ਕਈ ਵਾਰੀ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚੋਂ ਵੀ ਪ੍ਰਾਰਥਨਾ ਕੀਤੀ ਜਾਂਦੀ ਜਿਨ੍ਹਾਂ ਵਿਚ ਮੁਹਾਵਰਿਆਂ ਤੇ ਅਲੰਕਾਰਾਂ ਦੀ ਖੁਲ੍ਹੀ ਵਰਤੋਂ ਹੁੰਦੀ। ਜਿਨ੍ਹਾਂ ਦਾ ਪ੍ਰਭਾਵ ਜ਼ਿਹਨ ਵਿਚ ਪੈਂਦਾ ਰਿਹਾ।

**ਸ੍ਰੀ** ਗੁਰੂ ਅਰਜਨ ਦੇਵ ਜੀ ਨੇ ਭਾਈ ਸਾਹਿਬ ਦੀਆਂ ਵਾਰਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕੁੰਜੀ ਦਾ ਦਰਜਾ ਪ੍ਰਦਾਨ ਕੀਤਾ। ਮਨ ਵਿਚ ਸੋਚ ਆਈ ਕਿਉਂ ਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਭਾਈ ਗੁਰਦਾਸ ਜੀ ਦੀ ਰਚਨਾ ਵਿਚੋਂ ਸਮਭਾਵੀ ਸ਼ਬਦ ਇਕੱਤਰ ਕੀਤੇ ਜਾਣ। ਇਸ 'ਤੇ ਬੜਾ ਵਿਸ਼ਾਲ ਕੰਮ ਹੋ ਸਕਦਾ ਹੈ ਪਰ ਮੈਂ ਆਪਣੀ ਤੁੱਛ ਸਮਝ ਦੇ ਮੁਤਾਬਕ ਕੁਝ ਚੋਣਵੇਂ ਸਮਭਾਵੀ ਸ਼ਬਦ ਚੁਣੇ ਹਨ ਜਿਹੜੇ ਆਪ ਜੀ ਦੇ ਸਨਮੁਖ ਹਨ।

—ਭਗਵੰਤ ਕੌਰ

496–R, ਮਾਡਲ ਟਾਊਨ, ਜਲੰਧਰ।

# ਸਮਰਪਣ

ਆਪਣੇ ਛੋਟੇ ਵੀਰ ਗੁਰਬਖ਼ਸ਼ ਸਿੰਘ ਨੂੰ
ਜਿਨ੍ਹਾਂ ਦੇ ਉਤਸ਼ਾਹ ਸਦਕਾ
ਇਹ ਕਾਰਜ ਅਰੰਭਿਆ ਤੇ ਸੰਪੰਨ ਕੀਤਾ।



# ਭਾਈ ਗੁਰਦਾਸ : ਗੁਰਬਾਣੀ ਦੇ ਵਿਆਖਿਆਕਾਰ

## ਵਿਵਹਾਰਕ ਪੈਟਰਨ

ਜਦੋਂ ਤੋਂ ਸਾਹਿਤ ਨੂੰ ਪੜ੍ਹਨ ਤੇ ਸਮਝਣ ਦੀ ਸੋਝੀ ਆਈ ਹੈ ਖੋਜ-ਕਰਤਾਵਾਂ ਅਤੇ ਵਿਦਵਾਨਾਂ ਵਲੋਂ ਦੀਰਘ ਚਿੰਤਨ-ਮੰਥਨ ਕਰਨ ਉਪਰੰਤ ਉਨ੍ਹਾਂ ਵਲੋਂ ਸਥਾਪਤ ਇਹ ਧਾਰਣਾ ਧਿਆਨ ਖਿੱਚਦੀ ਰਹੀ ਹੈ ਕਿ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਗੁਰਬਾਣੀ ਦੀ ਵਿਆਖਿਆ ਕੀਤੀ ਗਈ ਹੈ ਅਤੇ ਇਹ ਗੁਰਮਤਿ ਦੇ ਦਾਰਸ਼ਨਿਕ ਪੱਖ ਨੂੰ ਸਪੱਸ਼ਟ ਕਰਨ ਲਈ ਲਿਖੀਆਂ ਗਈਆਂ ਕਮਾਲ ਦੀਆਂ ਮੁੱਲਵਾਨ ਰਚਨਾਵਾਂ ਹਨ। ਭਾਈ ਗੁਰਦਾਸ ਨੂੰ ਸਿੱਖ ਸਿਧਾਂਤਾਂ ਦਾ ਵਿਆਖਿਆਕਾਰ ਵੀ ਕਿਹਾ ਗਿਆ ਹੈ। ਉਨ੍ਹਾਂ ਦੀਆਂ ਵਾਰਾਂ ਨੂੰ ਸਿੱਖੀ ਦਾ 'ਰਹਿਤਨਾਮਾ' ਵੀ ਸਵੀਕਾਰ ਕੀਤਾ ਗਿਆ ਹੈ। ਇਨ੍ਹਾਂ ਵਾਰਾਂ ਨੂੰ ਪੜ੍ਹਨ ਨਾਲ 'ਸੱਚੀ ਸਿੱਖੀ' ਨੂੰ ਪ੍ਰਾਪਤ ਕਰਨ ਦੇ ਗੁਰਾਂ/ਨੇਮਾਂ ਤੋਂ ਜਾਣੂੰ ਹੋ ਜਾਣ ਦਾ ਮਤ ਵੀ ਵਿਦਵਾਨਾਂ ਨੇ ਪ੍ਰਸਤੁਤ ਕੀਤਾ ਹੈ। ਭਾਈ ਸਾਹਿਬ ਦੀਆਂ ਵਾਰਾਂ ਨੂੰ ਗੁਰਬਾਣੀ ਦੇ 'ਟੀਕੇ' ਅਤੇ 'ਕੁੰਜੀ' ਦੀ ਸੰਗਿਆ ਵੀ ਦਿੱਤੀ ਗਈ ਹੈ। ਗੁਰਬਾਣੀ ਦੀ ਅਰਥ-ਸੀਮਾ ਅਤੇ ਭਾਵ-ਵਿਸਥਾਰ ਨੂੰ ਗਹਿਰਾਈ ਵਿਚ ਜਾ ਕੇ ਸਮਝਣ ਲਈ ਭਾਈ ਗੁਰਦਾਸ ਦੀ ਰਚਨਾ ਨੂੰ ਪੜ੍ਹਨ ਤੇ ਇਸਨੂੰ ਆਧਾਰ ਬਣਾਉਣ ਦਾ ਸਾਰ-ਤੱਤ ਵੀ ਵਿਦਵਾਨਾਂ ਨੇ ਪੇਸ਼ ਕੀਤਾ ਹੈ। ਆਪਣੇ ਮਤਾਂ ਨੂੰ ਸਪੱਸ਼ਟ ਕਰਨ ਲਈ ਵਿਦਵਾਨਾਂ ਨੇ ਤੇ ਸਾਹਿਤ ਸ਼ਾਸਤਰੀਆਂ ਨੇ ਆਪਣੇ ਅਧਿਐਨ-ਖੇਤਰ ਦੀ ਸੀਮਾ ਦੀ ਮਜਬੂਰੀ ਵਸ ਗੁਰਬਾਣੀ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਵਿਚੋਂ ਕੁਝ ਹਵਾਲੇ ਦੇ ਕੇ ਆਪਣੇ ਵਿਚਾਰਾਂ ਦੀ ਪੁਸ਼ਟੀ ਕੀਤੀ ਹੈ ਪਰ ਵਿਵਹਾਰਕ ਪੈਟਰਨ ਉਸਾਰ ਕੇ ਇਨ੍ਹਾਂ ਦੀ ਪ੍ਰੋੜ੍ਹਤਾ ਕੀਤੇ ਜਾਣ ਦੀ ਘਾਟ ਬਣੀ ਰਹੀ ਹੈ।

ਸ੍ਰੀਮਤੀ ਭਗਵੰਤ ਕੌਰ ਨੇ ਇਸ ਕਾਰਜ ਨੂੰ ਇਕ ਚੁਣੌਤੀ ਵਜੋਂ ਸਵੀਕਾਰ ਕਰਦਿਆਂ ਗੁਰਬਾਣੀ ਅਤੇ ਭਾਈ ਗੁਰਦਾਸ ਦੀਆਂ ਵਾਰਾਂ ਦਾ ਵਰ੍ਹਿਆਂ ਬੱਧੀ ਦੀਰਘ ਅਧਿਐਨ, ਤੁਲਨਾਤਮਕ ਅਧਿਐਨ, ਵਿਸ਼ਲੇਸ਼ਣ ਤੇ ਮੁਲਾਂਕਣ ਕੀਤਾ ਹੈ, ਜਿਸ ਤੋਂ ਉਪਰੋਕਤ ਮਤਾਂ ਦੀ ਉਦਾਹਰਣਾਂ ਸਹਿਤ ਪੁਸ਼ਟੀ ਕੀਤੀ ਗਈ ਹੈ। ਇਸੇ ਅਧਿਐਨ ਦੇ ਪ੍ਰਤਿਫਲ ਵਜੋਂ ਇਸ ਪੁਸਤਕ ਦੀ ਰਚਨਾ ਅਮਲ ਵਿਚ ਆ ਸਕੀ ਹੈ। ਇਹ ਪੁਸਤਕ ਗੁਰਬਾਣੀ ਵਿਚ ਪ੍ਰਸਤੁਤ ਉਨ੍ਹਾਂ ਸਰੋਕਾਰਾਂ ਨੂੰ ਉਘਾੜਨ ਦਾ ਯਤਨ ਕਰਦੀ ਹੈ, ਜਿਨ੍ਹਾਂ ਨੂੰ ਭਾਈ ਗੁਰਦਾਸ ਜੀ ਨੇ ਸਿੱਧੇ ਜਾਂ ਅਸਿੱਧੇ ਰੂਪ ਵਿਚ ਆਪਣੀਆਂ ਵਾਰਾਂ ਵਿਚ ਸਰਲ ਦ੍ਰਿਸ਼ਟਾਂਤਾਂ ਰਾਹੀਂ ਪੇਸ਼ ਕੀਤਾ ਹੈ। ਭਾਈ ਗੁਰਦਾਸ ਨੇ ਉਨ੍ਹਾਂ ਅਨੇਕ ਇਤਿਹਾਸਕ-ਮਿਥਿਹਾਸਕ ਹਵਾਲਿਆਂ ਦੀ ਵਿਆਖਿਆ ਕੀਤੀ ਹੈ, ਜਿਨ੍ਹਾਂ ਦਾ ਜ਼ਿਕਰ ਗੁਰਬਾਣੀ ਵਿਚ ਸੰਕੇਤ-ਮਾਤਰ ਹੋਇਆ ਹੈ।

ਗੁਰਮਤਿ-ਕਾਵਿ ਮਨੁੱਖੀ ਸਮਾਜ ਦੇ ਯੁੱਗਾਂ-ਯੁਗਾਂਤਰਾਂ ਦੇ ਧਾਰਮਿਕ ਚਿੰਤਨ ਦਾ ਅਜਿਹਾ ਅਮੀਰ ਵਿਰਸਾ ਹੈ, ਜਿਸਨੂੰ ਅਧਿਆਤਮਕ, ਧਾਰਮਿਕ ਤੇ ਸਮਾਜਕ ਖੇਤਰ ਵਿਚ ਇਨਕਲਾਬੀ ਤਬਦੀਲੀ ਲਿਆਉਣ ਵਾਲੀ ਰਚਨਾ ਵਜੋਂ ਅਥਾਹ ਸ਼ਰਧਾ ਤੇ ਸਤਿਕਾਰ ਹਾਸਲ ਹੈ। ਇਸ ਕਾਵਿ ਵਿਚ ਪਰਮਾਤਮਾ ਦੇ ਸਰੂਪ, ਲੱਛਣ ਅਤੇ ਸੁਭਾਅ

ਬਾਰੇ ਵਿਸਤ੍ਰਿਤ ਪ੍ਰਵਚਨ ਮਿਲਦੇ ਹਨ, ਬ੍ਰਹਿਮੰਡ ਅਤੇ ਕੁਦਰਤ ਦੇ ਰਹੱਸ-ਮੰਡਲਾਂ ਦੀ ਗੱਲ ਹੋਈ ਹੈ ਤੇ ਇਸ ਪਾਸਾਰ ਵਿਚ ਅਣੂ-ਮਾਤਰ ਮਨੁੱਖ ਨੂੰ ਆਪਣੀ ਹੋਂਦ/ਮੂਲ ਨੂੰ ਪਛਾਣਨ ਤੇ ਇਸਨੂੰ ਸਾਰਥਕ ਬਣਾਉਣ ਦੀ ਲੋੜ 'ਤੇ ਬਲ ਦਿੱਤਾ ਗਿਆ ਹੈ।

ਗੁਰਬਾਣੀ ਵਿਚ ਪਰਮੇਸ਼ਵਰ ਦੀ ਸਿਫ਼ਤ-ਸਾਲਾਹ ਹੋਈ ਹੈ। ਸਤ, ਸੰਤੋਖ ਉੱਪਰ ਜ਼ੋਰ ਦਿੱਤਾ ਗਿਆ ਹੈ। ਉਸਨੂੰ ਵੇਖਣ ਤੇ ਜਾਨਣ ਤੋਂ ਬਿਨਾਂ ਉਸਦੀ ਸਿਫ਼ਤ ਵੀ ਨਹੀਂ ਕੀਤੀ ਜਾ ਸਕਦੀ। ਗੁਰਬਾਣੀ ਨਾਮ-ਰਸ ਦਾ ਸੋਮਾ ਹੈ, ਇਹ ਸੋਮਾ ਦੁੱਖ ਅਤੇ ਪਾਪ ਕੱਟਣ ਵਿਚ ਸਹਾਈ ਹੁੰਦਾ ਹੈ। ਗੁਰਬਾਣੀ ਗਿਆਨ ਦਾ ਭੰਡਾਰ ਹੈ। ਇਸ ਗਿਆਨ ਨਾਲ ਹੀ ਮਨ ਉੱਪਰ ਕਾਬੂ ਪਾਇਆ ਜਾ ਸਕਦਾ ਹੈ। ਇਹ ਸੁਰਤ-ਸ਼ਬਦ ਦਾ ਮੇਲ ਹੈ। ਇਸਦੇ ਜਾਪ ਨਾਲ, ਇਸਨੂੰ ਹਿਰਦੇ ਵਿਚ ਵਸਾਉਣ ਨਾਲ ਮਨ, ਬੁੱਧ ਅਤੇ ਸੁਰਤ ਦੀ ਘਾੜਤ ਘੜੀ ਜਾਂਦੀ ਹੈ, ਮਿੱਠੇ ਫਲ ਦੀ ਪ੍ਰਾਪਤੀ ਹੁੰਦੀ ਹੈ। ਇਕ ਸਾਧਕ ਵਾਸਤੇ ਗੁਰਬਾਣੀ ਹੀ ਸੰਤ ਹੈ, ਸਾਧ ਹੈ, ਸਤਿ ਸੰਗਤ ਹੈ, ਸਤਿਗੁਰੂ ਹੈ। ਇਹ ਸਦਾਚਾਰ ਸ਼ਾਸਤਰ ਵੀ ਹੈ ਤੇ ਨੀਤੀ ਸ਼ਾਸਤਰ ਵੀ! ਗੁਰਬਾਣੀ ਸਾਧਕ ਨੂੰ ਦੁਨਿਆਵੀ ਝਮੇਲਿਆਂ, ਝਗੜਿਆਂ, ਖਾਹਿਸ਼ਾਂ ਨੂੰ ਤਿਆਗਣ/ਘਟਾਉਣ ਲਈ ਪ੍ਰੇਰਦੀ ਹੈ ਅਤੇ ਪ੍ਰਭੂ ਦੀ ਸ਼ਰਨ ਹਾਸਲ ਕਰਨ ਤੇ ਇਸੇ ਅਵਸਥਾ ਵਿਚ ਰਹਿਣ ਦਾ ਉਪਦੇਸ਼ ਦਿੰਦੀ ਹੈ। ਗੁਰਬਾਣੀ ਮਨੁੱਖ ਨੂੰ ਆਪਣੀਆਂ ਕਮੀਆਂ ਦਾ ਲੇਖਾ-ਜੋਖਾ ਕਰਨ ਲਈ ਵੀ ਕਹਿੰਦੀ ਹੈ, ਆਪਣੀਆਂ ਕਮੀਆਂ ਦੀ ਨਿਸ਼ਾਨਦੇਹੀ ਕਰਕੇ ਉਨ੍ਹਾਂ ਨੂੰ ਦੂਰ ਕਰਨ ਦੀ ਲੋੜ 'ਤੇ ਬਲ ਦਿੰਦੀ ਹੈ, ਅਜਿਹਾ ਕਰਨ ਲਈ ਆਤਮਕ ਬਲ ਇਕੱਠਾ ਕਰਨ ਲਈ ਵੀ ਸੰਕੇਤ ਕੀਤੇ ਗਏ ਮਿਲਦੇ ਹਨ। ਸਾਧਕ ਵਾਸਤੇ ਗੁਰਬਾਣੀ ਸਰਵਪੱਖੀ ਰਹਿਬਰ ਹੈ, ਜਿਸ ਵਿਚੋਂ ਵਿਭਿੰਨ ਦਰਸ਼ਨਵੇਤਾਵਾਂ ਦੇ ਦਰਸ਼ਨ ਹੁੰਦੇ ਹਨ। ਗੁਰਬਾਣੀ ਦਾ ਇਹ ਸਾਰ-ਸੂਤਰ ਸਮਾਜਕ, ਧਾਰਮਿਕ ਤੇ ਅਧਿਆਤਮਕ ਚੇਤਨਾ ਪੈਦਾ ਕਰਨ ਵੱਲ ਅਗ੍ਰਸਰ ਹੁੰਦਾ ਹੈ।

ਗੁਰਮਤਿ-ਮਾਰਗ ਪ੍ਰਮੁੱਖ ਤੌਰ 'ਤੇ ਜੀਵਨ ਦੇ ਦੋ ਪੱਖਾਂ ਨਾਲ ਸੰਬੰਧਤ ਹੈ—ਇਕ ਅਧਿਆਤਮਕ ਪੱਖ ਤੇ ਦੂਜਾ ਦੁਨਿਆਵੀ ਪੱਖ! ਅਧਿਆਤਮਕ ਪੱਖ ਇਸ ਗੱਲ ਦੀ ਸੋਝੀ ਕਰਵਾਉਂਦਾ ਹੈ ਕਿ ਪਰਮਾਤਮਾ ਇਸ ਸ੍ਰਿਸ਼ਟੀ ਦੀ ਸਰਵੋਤਮ, ਸਰਵ-ਸ਼ਕਤੀਮਾਨ, ਸਰਵਗੁਣ ਸੰਪੰਨ ਅਤੇ ਸਰਵ-ਵਿਆਪਕ ਹਸਤੀ ਹੈ। ਜੀਵਾਤਮਾ ਉਸ ਇਕੋ ਸੱਚੇ ਪਰਮਾਤਮਾ ਦਾ ਅੰਸ਼ ਹੈ ਪ੍ਰੰਤੂ ਆਪਣੇ ਪੂਰਬਲੇ ਕਰਮਾਂ ਦੇ ਕਾਰਨ-ਵਸ ਉਸ ਪ੍ਰਭੂ ਤੋਂ ਵਿਛੜ ਕੇ ਜੂਨਾਂ ਦੇ ਚੱਕਰ ਵਿਚ ਭਟਕਦੀ ਰਹਿੰਦੀ ਹੈ। ਮਨੁੱਖੀ ਜੀਵਨ ਬਾਕੀ ਸਭ ਜੀਵਾਂ ਦੇ ਜੀਵਨ ਨਾਲੋਂ ਉੱਤਮ ਹੈ। ਇਸ ਜਨਮ ਵਿਚ ਪ੍ਰਾਣੀ ਪ੍ਰਭੂ ਦਾ ਸਿਮਰਨ ਕਰਕੇ, ਆਪਣੇ ਅਸਲੇ ਨੂੰ ਪ੍ਰਾਪਤ ਕਰਕੇ ਉਸ ਨਾਲ ਜੁੜ ਸਕਦਾ ਹੈ। ਇਹ ਮਿਲਾਪ ਹੀ ਮਨੁੱਖੀ ਜੀਵਨ ਦਾ ਪਰਮ ਉਦੇਸ਼ ਹੈ। ਇਸ ਉਦੇਸ਼ ਦੀ ਪੂਰਤੀ ਲਈ ਸੱਚੇ ਗੁਰੂ ਦੀ ਲੋੜ ਹੈ। ਸੱਚਾ ਗੁਰੂ ਮਨੁੱਖ ਨੂੰ ਅਗਿਆਨਤਾ ਦੇ ਹਨੇਰੇ ਵਿਚੋਂ ਕੱਢ ਸਕਦਾ ਹੈ ਤੇ ਉਸ ਨੂੰ ਸੱਚ ਦੇ ਚਾਨਣ ਦੀ ਖੋਜ ਕਰਨ ਦਾ ਰਾਹ ਦੱਸ ਸਕਦਾ ਹੈ।



ਭਾਈ ਗੁਰਦਾਸ ਨੇ ਵੀ 'ਸਤਿਨਾਮ' ਨੂੰ ਪ੍ਰਭੂ ਦੀ ਸਦੀਵੀ ਹੋਂਦ ਦਾ ਪ੍ਰਤੀਕ ਮੰਨਿਆ ਹੈ (ਵਾਰ-24, ਪਉੜੀ ਪਹਿਲੀ)। ਗੁਰਮਤਿ ਵਿਚ 'ਵਾਹਿਗੁਰੂ' ਪ੍ਰਭੂ ਦੀ ਪਛਾਣ ਦਾ ਪ੍ਰਤੀਕ ਹੈ। ਭਾਈ ਗੁਰਦਾਸ ਨੇ ਇਸ ਸ਼ਬਦ ਦੀ ਮਹਾਨ ਕਰਤਾਰੀ ਸ਼ਕਤੀ ਉੱਪਰ ਚਿੰਤਨ ਕੀਤਾ ਹੈ ਤੇ ਇਸ ਸ਼ਬਦ ਦੀ ਮਹਿਮਾ ਦਾ ਗਾਇਨ ਕੀਤਾ ਹੈ (ਵਾਰ-24, ਪਉੜੀ ਪਹਿਲੀ)। ਸਭ ਯੁੱਗਾਂ ਵਿਚ ਵਿਆਪਕ ਈਸ਼ਵਰੀ ਭਗਤੀ ਨੂੰ ਭਾਈ ਗੁਰਦਾਸ ਨੇ ਸ਼ਬਦ ਦੇ ਸੂਤਰ ਵਿਚ ਬੰਨ੍ਹਿਆ ਹੈ (ਵਾਰ-ਪਹਿਲੀ, 49ਵੀਂ ਪਉੜੀ)। ਭਾਈ ਗੁਰਦਾਸ ਜੀ ਦੀ ਰਚਨਾ ਦਾ ਮੂਲ ਪ੍ਰਯੋਜਨ ਹੀ ਗੁਰਮਤਿ ਦੀ ਵਿਆਖਿਆ ਕਰਨਾ ਹੈ।

ਗੁਰਮਤਿ ਦੇ ਦੂਜੇ ਪੱਖ ਵਿਚ ਸਤਿ ਸੰਗਤ, ਸੇਵਾ, ਸਿਮਰਨ, ਨਿਮਰਤਾ, ਪਰਉਪਕਾਰ, ਭਾਣਾ ਮੰਨਣ, ਕਿਰਤ ਕਰਨ, ਵੰਡ ਛਕਣ, ਨਾਮ ਜਪਣ ਆਦਿ ਨੂੰ ਅਭਿਆਸ ਵਿਚ ਲਿਆਉਣ ਨੂੰ ਗੁਰਮਤਿ ਦੇ ਮੁੱਢਲੇ ਨੇਮ ਦਰਸਾਇਆ ਗਿਆ ਹੈ, ਜਿਨ੍ਹਾਂ ਅਨੁਸਾਰ ਆਪਣੀ ਜ਼ਿੰਦਗੀ ਢਾਲ ਕੇ ਮਨੁੱਖ ਗੁਰਮੁਖ, ਬ੍ਰਹਮ ਗਿਆਨੀ, ਸੰਤ ਦਾ ਉੱਚਾ ਦਰਜਾ ਹਾਸਲ ਕਰ ਸਕਦਾ ਹੈ ਤੇ ਪ੍ਰਭੂ ਦਾ ਰੂਪ ਹੋ ਨਿੱਬੜ ਸਕਦਾ ਹੈ। ਮਨੁੱਖ ਇਨ੍ਹਾਂ ਨੇਮਾਂ 'ਤੇ ਅਮਲ ਕਰਕੇ ਆਪਣਾ ਜੀਵਨ ਸਫ਼ਲ/ਆਦਰਸ਼ਕ ਬਣਾ ਸਕਦਾ ਹੈ। ਭਾਈ ਗੁਰਦਾਸ ਜੀ ਨੇ ਗੁਰਮਤਿ ਮਾਰਗ ਦੇ ਇਨ੍ਹਾਂ ਪਹਿਲੂਆਂ ਦਾ ਵਿਵਰਣ ਵਿਸਥਾਰ ਵਿਚ ਕੀਤਾ ਹੈ ਤੇ ਮਨੁੱਖ ਨੂੰ ਇਨ੍ਹਾਂ ਉੱਪਰ ਚੱਲਣ ਦਾ ਉਪਦੇਸ਼ ਦਿੱਤਾ ਹੈ।

ਭਾਈ ਗੁਰਦਾਸ ਵਲੋਂ ਕੀਤੀ ਗੁਰਬਾਣੀ ਦੀ ਵਿਆਖਿਆ ਗੁਰਬਾਣੀ ਦੇ ਤੱਥ/ ਭਾਵ-ਅਨੁਕੂਲ ਹੋਣ ਦੀ ਸ਼ਾਹਦੀ ਭਰਦੀ ਹੈ। ਉਨ੍ਹਾਂ ਵਲੋਂ ਕੀਤੀ ਵਿਆਖਿਆ ਤੇ ਵਿਸ਼ਲੇਸ਼ਣ ਵਿਚੋਂ ਗੁਰਸਿੱਖੀ ਦੇ ਪੂਰਨ ਅਨੁਭਵ, ਪੂਰਨ ਆਦਰਸ਼ ਅਤੇ ਪੂਰਨ ਸੰਕਲਪ-ਖੇਤਰ ਦੇ ਦਰਸ਼ਨ ਹੁੰਦੇ ਹਨ। ਭਾਈ ਸਾਹਿਬ ਦੀ ਰਚਨਾ ਦੇ ਅਧਿਐਨ ਉਪਰੰਤ ਗੁਰਮਤਿ ਅਤੇ ਗੁਰਬਾਣੀ ਦੇ ਕਈ ਰਹੱਸ ਸਮਝ ਵਿਚ ਆਉਂਦੇ ਹਨ, ਜਿਨ੍ਹਾਂ ਨੂੰ ਇਸ ਪੁਸਤਕ ਵਿਚ ਬੜੀ ਬਾਰੀਕੀ ਨਾਲ ਪ੍ਰਤੱਖਣ ਦਾ ਯਤਨ ਕੀਤਾ ਗਿਆ ਹੈ। ਇਹ ਪੁਸਤਕ ਇਸ ਤੱਥ ਦਾ ਵਿਵਹਾਰਕ ਬੋਧ ਕਰਵਾਉਂਦੀ ਹੈ ਕਿ ਭਾਈ ਗੁਰਦਾਸ ਪਾਸ ਗੁਰਮਤਿ-ਦਰਸ਼ਨ ਨੂੰ ਸਮਝਣ, ਘੋਖਣ-ਪੜਤਾਲਣ ਅਤੇ ਉਸ ਨੂੰ ਆਪਣੀ ਰਚਨਾ ਤੇ ਜ਼ਿੰਦਗੀ ਵਿਚ ਢਾਲਣ ਦੀ ਜੁਗਤ ਸੀ। ਗੁਰਮਤਿ ਦਰਸ਼ਨ ਨੂੰ ਭਾਈ ਸਾਹਿਬ ਜੀਵਨ ਦਾ ਸਭ ਤੋਂ ਵੱਧ ਪ੍ਰਭਾਵਸ਼ਾਲੀ ਸਰੋਕਾਰ ਸਵੀਕਾਰ ਕਰਦੇ ਹਨ।

'ਜਪੁਜੀ' ਅਤੇ 'ਸੁਖਮਨੀ ਸਾਹਿਬ' ਵਿਚ ਗੁਰੂ ਦੀ ਕਿਰਪਾ ਅਤੇ ਗੁਰੂ ਦੀ ਮਹਾਨਤਾ ਨੂੰ ਅਧਿਆਤਮਕ ਖੇਤਰ ਦੀ ਸਭ ਤੋਂ ਵੱਡੀ ਗੱਲ ਮੰਨਿਆ ਗਿਆ ਹੈ। ਭਾਈ ਗੁਰਦਾਸ ਨੇ ਵੀ ਆਪਣੀ ਰਚਨਾ ਵਿਚ ਸਤਿਗੁਰੂ ਦੀ ਮਹਿਮਾ ਦਾ ਭਰਪੂਰ ਜਸ ਗਾਇਆ ਹੈ। ਗੁਰੂ ਦੇ ਰੁਤਬੇ ਨੂੰ ਸਭ ਤੋਂ ਉੱਚਾ ਮੰਨਦਿਆਂ ਹੋਇਆਂ ਉਹ 'ਉਸਨੂੰ' ਪ੍ਰਭੂ ਦੇ ਨਾਲ ਹੀ ਜੋੜ ਦਿੰਦੇ ਹਨ :

**ਨਮਸਕਾਰ ਗੁਰਦੇਵ ਕੋ ਸਤਿਨਾਮ ਜਿਸ ਮੰਤ੍ਰ ਸੁਣਾਇਆ॥**

*(ਵਾਰ ਪਹਿਲੀ, ਪਉੜੀ ਪਹਿਲੀ)*

ਭਾਈ ਗੁਰਦਾਸ ਦੀਆਂ ਅਜਿਹੀਆਂ ਕਾਵਿ-ਤੁਕਾਂ ਜਾਂ ਤੁਕਾਂਸ਼ ਜਾਂ ਨਿਰੋਲ ਪਉੜੀਆਂ ਗੁਰਬਾਣੀ ਦਾ ਟੀਕਾ ਰੂਪ ਹੋ ਨਿਬੜੀਆਂ ਹਨ।

ਸਮਾਜਕ-ਰਾਜਨੀਤਕ ਢਾਂਚੇ ਵਿਚਲੀ ਗਿਰਾਵਟ ਦੇ ਅਨੇਕ ਦ੍ਰਿਸ਼ ਗੁਰਬਾਣੀ ਵਿਚ ਥਾਂ-ਪਰ-ਥਾਂ ਪੇਸ਼ ਹੋਏ ਹਨ। ਭਾਈ ਗੁਰਦਾਸ ਨੇ ਭਾਰਤ ਦੀ ਦੁਰਦਸ਼ਾ ਦਾ ਵਰਨਣ ਕਰਦਿਆਂ ਗੁਰੂ ਨਾਨਕ ਦੇਵ ਜੀ ਦੇ 'ਕਲ ਕਾਤੀ ਰਾਜੇ ਕਾਸਾਈ' ਵਾਲੇ ਨਕਸ਼ੇ ਨੂੰ ਮੁੜ ਚਿਤਰ ਦਿੱਤਾ ਹੈ, ਜਦੋਂ ਉਹ ਲਿਖਦੇ ਹਨ :

**ਕਲ ਆਈ ਕੁਤੇ ਮੁਹੀ ਖਾਜ ਹੋਆ ਮੁਰਦਾਰ ਗੁਸਾਈਂ ॥**
**ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ ॥**

*(ਵਾਰ ਪਹਿਲੀ, ਪਉੜੀ 30)*

ਭਾਈ ਗੁਰਦਾਸ ਨੇ ਬਾਬੇ ਨਾਨਕ ਵਾਂਗ ਕਠੋਰ ਤੇ ਅਨਿਆਈ ਰਾਜਿਆਂ ਪ੍ਰਤੀ ਪਰਜਾ ਵਿਚ ਪੈਦਾ ਹੋਏ ਲੋਕ-ਰੋਹ ਨੂੰ ਆਪਣੀ ਪਹਿਲੀ ਵਾਰ ਵਿਚ ਬੜੇ ਸੁਤਰਕ ਢੰਗ ਰਾਹੀਂ ਪੇਸ਼ ਕੀਤਾ ਹੈ।

ਗੁਰਬਾਣੀ ਅਨੁਸਾਰ ਮਨੁੱਖੀ ਜਨਮ ਧਰਮ ਕਮਾਉਣ ਵਾਸਤੇ ਮਿਲਿਆ ਹੈ। ਧਰਮ, ਜਿਸਦਾ ਪ੍ਰਯੋਜਨ ਮਨੁੱਖੀ ਜ਼ਿੰਦਗੀ ਨੂੰ ਵਿਉਂਤਬੱਧ ਕਰਨਾ ਹੈ, ਸੁਹਣੇਰੀ ਬਣਾਉਣਾ ਹੈ। ਇਸ ਮਹਾਨ ਰਚਨਾ ਵਿਚ ਗੁਰਮੁਖ ਦੀ ਸ਼ਖ਼ਸੀਅਤ ਦੇ ਗੁਣਾਂ ਦਾ ਜ਼ਿਕਰ ਬੜੀ ਭਰਪੂਰਤਾ ਨਾਲ ਹੋਇਆ ਹੈ। ਸਮਕਾਲੀ ਸਮਾਜ ਵਿਚ ਆਤਮਕ ਬਲ ਦੀ ਉਸਾਰੀ ਲਈ ਗੁਰਬਾਣੀ ਵਿਚ ਮਨੁੱਖ ਸਾਹਵੇਂ ਪ੍ਰਸੁਤਤ ਗੁਰਮੁਖ ਦੇ ਮਾਡਲ ਦੇ ਦਰਸ਼ਨ ਹੁੰਦੇ ਹਨ। ਭਾਈ ਗੁਰਦਾਸ ਜੀ ਦੀ ਤੀਜੀ ਵਾਰ ਵਿਚ ਗੁਰਮੁਖ ਦੀ ਮਹਿਮਾ ਹੋਈ ਹੈ। ਭਾਈ ਗੁਰਦਾਸ ਅਨੁਸਾਰ ਗੁਰਮੁਖ ਬਣਨ ਨਾਲ ਹੀ ਸਭ ਦੁੱਖਾਂ ਦਾ ਨਾਸ ਹੁੰਦਾ ਹੈ, ਕਿਉਂਜੋ ਗੁਰਮੁਖ ਗੁਰੂ ਹੈ ਅਤੇ ਗੁਰੂ ਗੁਰਮੁਖ ਹੈ।

ਗੁਰਬਾਣੀ ਵਿਚ ਮਾਇਆ ਦਾ ਜ਼ਿਕਰ ਅਨੇਕ ਵਾਰ ਹੋਇਆ ਹੈ। ਇਸਦਾ ਅਰਥ ਕੇਵਲ ਧਨ-ਦੌਲਤ ਤੱਕ ਸੀਮਤ ਨਹੀਂ, ਸਗੋਂ ਇਹ ਕੂੜ ਦੇ ਰਸਤੇ ਦਾ ਨਾਂ ਹੈ। ਮਾਇਆ ਦੇ ਵਿਭਿੰਨ ਪਹਿਲੂ ਹਨ। ਇਸਨੂੰ ਅਵਗੁਣ, ਗੁਨਾਹ, ਮੋਹ-ਮਮਤਾ ਦਾ ਜਾਲ ਆਦਿ ਵੀ ਕਿਹਾ ਗਿਆ ਹੈ। ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਆਦਿ ਇਸੇ ਦੇ ਹੀ ਕਰਿੰਦੇ ਹਨ। ਮਾਇਆ ਜ਼ਿੰਦਗੀ ਦੀ ਉਸ ਸ਼ੈਲੀ ਦਾ ਨਾਮ ਹੈ, ਜਿਸਦਾ ਮੂਲ ਮਨੋਰਥ ਦੌਲਤ ਦਾ ਲਾਲਚ ਹੈ। ਮਾਇਆ ਮਨੁੱਖੀ ਜਨਮ ਦਾ ਨਾਂ ਨਹੀਂ।

ਭਾਈ ਗੁਰਦਾਸ ਨੇ ਆਪਣੀ ਪਹਿਲੀ ਵਾਰ ਵਿਚ ਹੀ ਮਨੁੱਖੀ ਜੀਵਨ ਦੇ ਉਦੇਸ਼ ਨੂੰ ਸਪੱਸ਼ਟ ਕਰ ਦਿੱਤਾ ਹੈ। ਦੂਜੀ ਵਾਰ ਵਿਚ ਵਾਹਿਗੁਰੂ ਦੀ ਸਰਵ-ਵਿਆਪਕਤਾ ਅਤੇ ਸਰਵ-ਸ਼ਕਤੀਮਾਨਤਾ ਨੂੰ ਪ੍ਰਗਟ ਕੀਤਾ ਗਿਆ ਹੈ। ਤੀਜੀ ਵਾਰ ਵਿਚ ਗੁਰੂ ਤੇ ਸ਼ਿਸ਼ ਦੇ ਅਧਿਆਤਮਕ ਰਿਸ਼ਤੇ ਨੂੰ ਸਪੱਸ਼ਟ ਕੀਤਾ ਹੈ, ਗੁਰਮੁਖ ਦੇ ਆਚਰਣ ਤੇ ਗੁਰਸਿੱਖੀ ਮਾਰਗ ਦੇ ਨਿਯਮ ਵੀ ਦਰਸਾਏ ਹਨ ਅਤੇ ਆਦਰਸ਼ਕ ਸਿੱਖ ਦੀ ਤਸਵੀਰ ਵੀ ਪੇਸ਼ ਕੀਤੀ ਗਈ ਹੈ। ਭਾਈ ਗੁਰਦਾਸ ਨੇ ਨਿਮਰਤਾ ਨੂੰ ਮਨੁੱਖੀ ਆਚਰਣ ਦਾ ਗਹਿਣਾ ਦੱਸਿਆ ਹੈ (ਵਾਰ-



ਚੌਥੀ), ਸਾਧ-ਸੰਗਤ ਦੀ ਮਹਿਮਾ ਸਮਝਾਈ ਹੈ (ਵਾਰ ਪੰਜਵੀਂ), ਸਮਾਜਕ-ਪਰਿਵਾਰਕ ਜੀਵਨ ਜੀਉਂਦਿਆਂ ਹੋਇਆਂ ਆਪਣੀ ਲਿਵ ਪ੍ਰਭੂ ਨਾਲ ਜੋੜਨ ਬਾਰੇ ਵਿਚਾਰ ਪੇਸ਼ ਕੀਤੇ ਹਨ। ਨੇਕ ਗੁਣਾਂ ਨੂੰ ਧਾਰਨ ਕਰਨ ਤੇ ਅਲੌਕਿਕ ਆਤਮਕ ਅਨੰਦ-ਵਰਨਣ ਵੀ ਭਾਈ ਗੁਰਦਾਸ ਨੇ ਬੜੀ ਬੇਬਾਕੀ ਨਾਲ ਕੀਤਾ ਹੈ (ਵਾਰ-ਅਠਵੀਂ, ਨੌਵੀਂ)। ਪ੍ਰਭੂ ਮਿਲਾਪ, ਪ੍ਰੇਮ-ਰਸ ਦੀ ਮਹਾਨਤਾ, ਗੁਰਮਤਿ ਮਾਰਗ ਦੀ ਮਸਤੀ, ਗੁਰਮਤਿ ਦੇ ਦੈਵੀ ਸੁਆਦ, ਵਿਸ਼ਵ ਦੇ ਪਸਾਰੇ ਅਤੇ ਵਿਸਮਾਦ ਦੇ ਭਾਵਾਂ ਦੀ ਤਰਜਮਾਨੀ ਵੀ ਬੜੀ ਖ਼ੂਬਸੂਰਤੀ ਨਾਲ ਹੋਈ ਹੈ (ਵਾਰ-ਤੇਰ੍ਹਵੀਂ)।

ਭਾਈ ਗੁਰਦਾਸ ਨੇ ਗੁਰੂ ਦੀ ਪ੍ਰਸੰਸਾ ਕੀਤੀ ਹੈ ਤੇ ਉਸਨੂੰ 'ਨਿਮਾਣਿਆਂ ਦਾ ਮਾਣ' ਕਿਹਾ ਹੈ। ਗੁਰਮੁਖ ਦੁਆਰਾ ਪ੍ਰਾਪਤ ਕੀਤੀ ਜਾਣ ਵਾਲੀ ਉੱਚਤਮ ਤੇ ਮਹਾਨ ਅਧਿਆਤਮਕ ਅਵਸਥਾ ਦਾ ਜ਼ਿਕਰ ਵੀ ਛੇੜਿਆ ਹੈ (ਵਾਰ-ਚੌਧਵੀਂ)। ਸਤਿਗੁਰੂ ਜੀ ਦੀ ਮਹਿਮਾ ਬਾਰ-ਬਾਰ ਹੋਈ ਹੈ, ਜਿਸਨੇ ਜੀਵ ਨੂੰ ਭਵਜਲ ਤੋਂ ਪਾਰ ਲੰਘਾਉਣਾ ਹੈ। ਉਸ ਤੋਂ ਬਿਨਾਂ ਬਾਕੀ ਸਭ ਓਟ-ਆਸਰੇ ਬੇਅਰਥ ਹਨ। ਗੁਰੂ ਦੀ ਪਦਵੀ ਸਭ ਤੋਂ ਉੱਚੀ ਹੈ। ਭਾਈ ਗੁਰਦਾਸ ਨੇ ਪੂਰਨ ਸਿੱਖ ਆਚਾਰ, ਹਲੀਮੀ, ਪ੍ਰੀਤ ਨੇਕੀ ਦੇ ਸੰਕਲਪਾਂ ਉੱਪਰ ਵੀ ਚਰਚਾ ਕੀਤੀ ਹੈ।

ਗੁਰਬਾਣੀ ਵਿਚ ਦਿੱਤੀ ਚੇਤਨਤਾ ਸਮਾਜਕ ਸਿਆਸੀ ਲਹਿਰ ਦੀ ਚੇਤਨਤਾ ਬਣਦੀ ਹੈ, ਜਿਸਨੂੰ ਭਾਈ ਗੁਰਦਾਸ ਨੇ ਨਵੇਂ ਦਿਸਹੱਦਿਆਂ ਤੱਕ ਫੈਲਾਇਆ। ਗੁਰਬਾਣੀ ਵਿਚ ਨੇਕੀ ਤੇ ਬਦੀ ਦਾ ਅੰਤਰ-ਨਿਖੇੜ ਬੜੀ ਸ਼ਿੱਦਤ ਨਾਲ ਹੋਇਆ ਮਿਲਦਾ ਹੈ, ਭਾਈ ਗੁਰਦਾਸ ਨੇ ਇਨ੍ਹਾਂ ਨੂੰ ਵਿਸਤ੍ਰਿਤ ਆਯਾਮ ਪ੍ਰਦਾਨ ਕੀਤੇ ਹਨ। ਗੁਰਬਾਣੀ ਵਿਚ ਨਿੰਦਕ ਅਤੇ ਨਿੰਦਿਆ ਨੂੰ ਰੱਦ ਕੀਤਾ ਹੈ ਤਾਂ ਭਾਈ ਗੁਰਦਾਸ ਵੀ ਵਿਭਿੰਨ ਪ੍ਰਸੰਗਾਂ ਵਿਚ ਇਨ੍ਹਾਂ ਬਾਰੇ ਤਰਕ-ਯੁਕਤ ਨਿਰਣੇ ਪ੍ਰਸਤੁਤ ਕਰਦੇ ਹਨ। ਨਾਕਾਰਾਤਮਕ ਰੁਚੀਆਂ, ਕੁਰਹਿਤਾਂ, ਵਹਿਮਾਂ-ਭਰਮਾਂ ਦਾ ਖੰਡਨ ਵੀ ਭਾਈ ਗੁਰਦਾਸ ਨਿਸ਼ੰਗ ਹੋ ਕੇ ਕਰਦੇ ਹਨ।

ਇਹ ਕੁਝ ਕੁ ਥੀਮਕ ਪਾਸਾਰਾਂ ਨਾਲ ਜੁੜਦੇ ਸਰੋਕਾਰ ਹਨ, ਜਿਨ੍ਹਾਂ ਤੋਂ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਕੀਤੀ ਗਈ ਗੁਰਬਾਣੀ ਦੇ ਹਵਾਲਿਆਂ ਦੀ ਚਰਚਾ ਦੇ ਕੁਝ ਸੰਕੇਤ-ਮਾਤਰ ਦ੍ਰਿਸ਼ ਹੀ ਵੇਖੇ ਜਾ ਸਕਦੇ ਹਨ। ਗੁਰਬਾਣੀ ਗਿਆਨ ਦਾ ਵਿਸ਼ਾਲ ਭੰਡਾਰ ਹੈ ਤੇ ਭਾਈ ਗੁਰਦਾਸ ਦੀਆਂ ਰਚਨਾਵਾਂ ਗਿਆਨ ਦੇ ਚਾਨਣ ਦਾ ਵੱਡਾ ਸਰੋਤ ਹਨ। ਭਾਈ ਗੁਰਦਾਸ ਜੀ ਦੀ ਰਚਨਾ ਨੂੰ ਗੁਰਬਾਣੀ ਦੀ ਕੁੰਜੀ ਜਾਂ ਵਿਆਖਿਆ ਵਜੋਂ ਵਿਵਹਾਰਕ ਰੂਪ ਪ੍ਰਸਤੁਤ ਕਰਨ ਵਾਲੀ ਇਸ ਪੁਸਤਕ ਦਾ ਸਵਾਗਤ ਹੈ।

(ਡਾ: ਪ੍ਰਿਤਪਾਲ ਸਿੰਘ)
ਮੁਖੀ, ਪੋਸਟ ਗਰੈਜੂਏਟ ਪੰਜਾਬੀ ਵਿਭਾਗ,
ਸਰਕਾਰੀ ਕਾਲਜ, ਹੁਸ਼ਿਆਰਪੁਰ

## ਜਪੁ ਜੀ

ੴ

ਸਤਿਨਾਮੁ

ਕਰਤਾ ਪੁਰਖੁ

ਨਿਰਭਉ

ਨਿਰਵੈਰੁ

ਅਕਾਲ ਮੂਰਤਿ

ਅਜੂਨੀ

ਸੈਭੰ

ਗੁਰ ਪ੍ਰਸਾਦਿ ॥

ਜਪੁ ॥

ਆਦਿ ਸਚੁ

ਜੁਗਾਦਿ ਸਚੁ ॥

ਹੈ ਭੀ ਸਚੁ

ਨਾਨਕ ਹੋਸੀ ਭੀ ਸਚੁ ॥ ੧ ॥



## ਭਾਈ ਗੁਰਦਾਸ ਜੀ

## ਵਾਰ ੩ ਪਉੜੀ ੧੫

ਏਕਾ ਏਕੰਕਾਰੁ ਲਿਖਿ ਦੇਖਾਲਿਆ।
ਊੜਾ ਓਅੰਕਾਰੁ ਪਾਸਿ ਬਹਾਲਿਆ।
ਸਤਿਨਾਮੁ ਕਰਤਾਰੁ ਨਿਰਭਉ ਭਾਲਿਆ
ਨਿਰਵੈਰਹੁ ਜੈਕਾਰ ਅਜੂਨਿ ਅਕਾਲਿਆ।
ਸਚੁ ਨੀਸਾਣੁ ਅਪਾਰੁ ਜੋਤਿ ਉਜਾਲਿਆ।
ਪੰਜ ਅਖਰ ਉਪਕਾਰ ਨਾਮੁ ਸਮਾਲਿਆ।
ਪਰਮੇਸੁਰ ਸੁਖੁ ਸਾਰੁ ਨਦਰਿ ਨਿਹਾਲਿਆ।
ਨਉ ਅੰਗਿ ਸੁੰਨ ਸੁਮਾਰੁ ਸੰਗਿ ਨਿਰਾਲਿਆ।
ਨੀਲ ਅਨੀਲ ਵੀਚਾਰਿ ਪਿਰਮ ਪਿਆਲਿਆ॥ ੧੫॥

## ਵਾਰ ੩੯ ਪਉੜੀ ੧

ਏਕੰਕਾਰੁ ਇਕਾਂਗ ਲਿਖਿ ਊੜਾ ਓਅੰਕਾਰੁ ਲਿਖਾਇਆ।
ਸਤਿਨਾਮੁ ਕਰਤਾ ਪੁਰਖੁ ਨਿਰਭਉ ਹੋਇ ਨਿਰਵੈਰ ਸਦਾਇਆ।
ਅਕਾਲ ਮੂਰਤਿ ਪਰਤਖਿ ਹੋਇ ਨਾਉ ਅਜੂਨੀ ਸੈਭੰ ਭਾਇਆ।
ਗੁਰਪਰਸਾਦਿ ਸੁ ਆਦਿ ਸਚੁ ਜੁਗਹ ਜੁਗੰਤਰਿ ਹੋਂਦਾ ਆਇਆ।
ਹੈਭੀ ਹੋਸੀ ਸਚੁ ਨਾਉ ਸਚੁ ਦਰਸਣੁ ਸਤਿਗੁਰੂ ਦਿਖਾਇਆ।
ਸਬਦੁ ਸੁਰਤਿ ਲਿਵਲੀਣੁ ਹੋਇ ਗੁਰੁ ਚੇਲਾ ਪਰਚਾ ਪਰਚਾਇਆ।
ਗੁਰ ਚੇਲਾ ਰਹਰਾਸਿ ਕਰਿ ਵੀਹ ਇਕੀਹ ਚੜ੍ਹਾਉ ਚੜ੍ਹਾਇਆ।
ਗੁਰਮੁਖਿ ਸੁਖ ਫਲੁ ਅਲਖੁ ਲਖਾਇਆ॥ ੧॥

## ਸੁਖਮਨੀ ਸਾਹਿਬ ਰਾਗ ਗਉੜੀ ਮਹਲਾ ੫
## ਅਸਟਪਦੀ ੯ ਸਲੋਕ ੪

ਸੋ ਪੰਡਿਤੁ[1] ਜੋ ਮਨੁ ਪਰਬੋਧੈ[2] ॥
ਰਾਮ ਨਾਮੁ ਆਤਮ ਮਹਿ ਸੋਧੈ[3] ॥
ਰਾਮ ਨਾਮ ਸਾਰੁ ਰਸੁ ਪੀਵੈ ॥
ਉਸੁ ਪੰਡਿਤ ਕੈ ਉਪਦੇਸਿ ਜਗੁ ਜੀਵੈ ॥
ਹਰਿ ਕੀ ਕਥਾ ਹਿਰਦੈ ਬਸਾਵੈ ॥
ਸੋ ਪੰਡਿਤੁ ਫਿਰਿ ਜੋਨਿ ਨ ਆਵੈ ॥
ਬੇਦ ਪੁਰਾਨ ਸਿਮ੍ਰਿਤਿ ਬੂਝੈ ਮੂਲ[4] ॥
ਸੂਖਮ ਮਹਿ ਜਾਨੈ ਅਸਥੂਲੁ[5] ॥
**ਚਹੁ ਵਰਨਾ ਕਉ ਦੇ ਉਪਦੇਸੁ ॥**
**ਨਾਨਕ ਉਸੁ ਪੰਡਿਤ ਕਉ**
**ਸਦਾ ਅਦੇਸੁ[6] ॥੪॥**

## ਆਦਿ ਗ੍ਰੰਥ, ਪੰਨਾ ੩੯੧

**ਪ੍ਰਥਮੇ ਮਨ ਪਰਬੋਧੈ ਅਪਨਾ**
ਪਾਛੈ ਅਵਰ ਰੀਝਾਵੈ ॥
ਰਾਮ ਨਾਮ ਜਪੁ ਹਿਰਦੈ ਜਾਪੈ
ਮੁਖ ਤੇ ਸਗਲ ਸੁਨਾਵੈ ॥

1. ਸਿਆਣਾ, ਵਿਦਵਾਨ। 2. ਉਪਦੇਸ਼ ਦਿੰਦਾ ਹੈ। 3. ਯਾਦ ਕਰਦਾ ਹੈ। 4. ਮੁੱਢ 5. ਨਾਸ਼ਵਾਨ। 6. ਨਮਸਕਾਰ।



## ਭਾਈ ਗੁਰਦਾਸ ਜੀ
## ਵਾਰ ੧੯ ਪਉੜੀ ੧੮

*ਗੁਰਮੁਖ ਦਾ ਸਰੂਪ*

ਗੁਰਮੁਖਿ ਪੰਡਿਤੁ ਹੋਇ ਜਗੁ ਪਰਬੋਧੀਐ[1]।
ਗੁਰਮੁਖਿ ਆਪੁ ਗਵਾਇ ਅੰਦਰੁ ਸੋਧੀਐ।
ਗੁਰਮੁਖਿ ਸਤੁ ਸੰਤੋਖੁ ਨ ਕਾਮੁ ਕਰੋਧੀਐ[2]।
ਗੁਰਮੁਖਿ ਹੈ ਨਿਰਵੈਰੁ ਨ ਵੈਰ ਵਿਰੋਧੀਐ।
**ਚਹੁ ਵਰਨਾ ਉਪਦੇਸੁ ਸਹਜਿ ਸਮੋਧੀਐ[3]।**
ਧੰਨੁ ਜਣੇਦੀ ਮਾਉ ਜੋਧਾ ਜੋਧੀਐ[4] ॥੧੮॥

1. ਗਿਆਨ ਦੇਣਾ। 2. ਵਿਸ਼ੇਖ ਵੈਰ, ਸਿਰ ਵੱਢਵਾਂ ਵੈਰ। 3. ਸਮਾਵਣਾ। 4. ਜੋਧਿਆਂ ਵਿਚੋਂ ਜੋਧੇ ਹਨ।

## ਗਉੜੀ ਕੀ ਵਾਰ ਮਹਲਾ ੪
## ਆਦਿ ਗ੍ਰੰਥ, ਪੰਨਾ ੩੦੫-੩੦੬

**ਗੁਰ ਸਤਿਗੁਰ ਕਾ ਜੋ ਸਿਖੁ ਅਖਾਏ**
**ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥**
ਉਦਮੁ ਕਰੇ ਭਲਕੇ ਪਰਭਾਤੀ
ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ
ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥
ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥੨॥

## ਆਦਿ ਗ੍ਰੰਥ, ਪੰਨਾ ੫੯੦

ਤਿਨਾ ਗੁਰਸਿਖਾ ਕੰਉ ਹਉ ਵਾਰਿਆ
ਜੋ ਬਹਦਿਆ ਉਠਦਿਆ ਹਰਿ ਨਾਮੁ ਧਿਆਵਹਿ॥ ੧੧॥



## ਭਾਈ ਗੁਰਦਾਸ ਜੀ
## ਵਾਰ ੪੦ ਪਉੜੀ ੧੧

ਗੁਰਸਿਖ ਭਲਕੇ[1] ਉਠ ਕਰਿ ਅੰਮ੍ਰਿਤ ਵੇਲੇ ਸਰੁ ਨ੍ਹਾਵੰਦਾ।
ਗੁਰ ਕੈ ਬਚਨ ਉਚਾਰਿ ਕੈ ਧਰਮਸਾਲ ਦੀ ਸੁਰਤਿ[2] ਕਰੰਦਾ।
**ਸਾਧ ਸੰਗਤਿ ਵਿਚਿ ਜਾਇ ਕੈ ਗੁਰਬਾਨੀ ਦੇ ਪ੍ਰੀਤਿ ਸੁਣੰਦਾ।**
ਸੰਕਾ ਮਨਹੁਂ ਮਿਟਾਇਕੈ ਗੁਰੁ ਸਿਖਾਂ ਦੀ ਸੇਵ ਕਰੰਦਾ।
ਕਿਰਤ ਵਿਰਤ ਕਰਿ ਧਰਮੁ ਦੀ ਲੈ ਪਰਸਾਦ ਆਣਿ ਵਰਤੰਦਾ।
ਗੁਰ ਸਿਖਾਂ ਨੋ ਦੇਇ ਕਰਿ ਪਿਛੋਂ ਬਚਿਆ ਆਪੁ ਖਵੰਦਾ।
ਕਲੀਕਾਲ ਪਰਗਾਸ ਕਰਿ ਗੁਰੁ ਚੇਲਾ ਚੇਲਾ ਗੁਰੁ ਸੰਦਾ।
ਗੁਰਮੁਖ ਗਾਡੀ ਰਾਹੁ ਚਲੰਦਾ॥੧੧॥

## ਵਾਰ ੧੨ ਪਉੜੀ ੨

**ਕੁਰਬਾਣੀ ਤਿਨ੍ਹਾਂ ਗੁਰ ਸਿਖਾਂ ਪਿਛਲ ਰਾਤੀ[3] ਉਠਿ ਬਹੰਦੇ।**
ਕੁਰਬਾਣੀ ਤਿਨ੍ਹਾਂ ਗੁਰ ਸਿਖਾਂ ਅੰਮ੍ਰਿਤ ਵੇਲੈ ਸਰਿ ਨਾਵੰਦੇ।
ਕੁਰਬਾਣੀ ਤਿਨ੍ਹਾਂ ਗੁਰ ਸਿਖਾ ਹੋਇ ਇਕ ਮਨਿ ਗੁਰ ਜਾਪੁ ਜਪੰਦੇ।
ਕੁਰਬਾਣੀ ਤਿਨ੍ਹਾਂ ਗੁਰ ਸਿਖਾਂ ਸਾਧ ਸੰਗਤਿ ਚਲਿ ਜਾਇ ਜੁੜੰਦੇ।
ਕੁਰਬਾਣੀ ਤਿਨ੍ਹਾਂ ਗੁਰ ਸਿਖਾਂ ਗੁਰਬਾਣੀ ਨਿਤਿ ਗਾਇ ਸੁਣੰਦੇ।
ਕੁਰਬਾਣੀ ਤਿਨ੍ਹਾਂ ਗੁਰ ਸਿਖਾਂ ਮਨਿ ਮੇਲੀ ਕਰਿ ਮੇਲਿ ਮਿਲੰਦੇ।
ਕੁਰਬਾਣੀ ਤਿਨ੍ਹਾਂ ਗੁਰ ਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ।
ਗੁਰ ਸੇਵਾ ਫਲੁ ਸੁਫਲ ਫਲੰਦੇ॥੨॥

1. ਸਦੀਵ, ਸਵੇਰੇ। 2. ਪ੍ਰੀਤਿ। 3. ਅੰਮ੍ਰਿਤ ਵੇਲੇ।

## ਪਉੜੀ ਜੈਤਸਰੀ ਵਾਰ ਮਹਲਾ ੫
## ਆਦਿ ਗ੍ਰੰਥ, ਪੰਨਾ ੭੦੮

ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ॥
ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ॥
ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ॥
ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥
**ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥**

## ਗੋਂਡ (ਨਾਮਦੇਉ ਜੀ) ਪੰਨਾ ੮੭੪

ਮੋਹਿ ਲਾਗਤੀ ਤਾਲਾਬੇਲੀ॥
ਬਛਰੇ ਬਿਨੁ ਗਾਇ ਅਕੇਲੀ॥੧॥
ਪਾਨੀਆ ਬਿਨੁ ਮੀਨੁ ਤਲਫੈ॥
ਐਸੇ ਰਾਮ ਨਾਮਾ ਬਿਨੁ ਬਾਪੁਰੋ ਨਾਮਾ॥ ੧॥ ਰਹਾਉ॥

## ਭੈਰਉ ਨਾਮਦੇਉ ਜੀਉ ਘਰੁ ੨ ਪੰਨਾ ੧੧੬੪

... ... ...

**ਜੈਸੀ ਪ੍ਰੀਤਿ ਬਾਰਿਕ ਅਰੁ ਮਾਤਾ॥**
ਐਸਾ ਹਰਿ ਸੇਤੀ ਮਨੁ ਰਾਤਾ॥
ਪ੍ਰਣਵੈ ਨਾਮਦੇਉ ਲਾਗੀ ਪ੍ਰੀਤਿ॥
ਗੋਬਿਦੁ ਬਸੈ ਹਮਾਰੈ ਚੀਤਿ॥ ੪॥ ੧॥ ੭॥



## ਭਾਈ ਗੁਰਦਾਸ ਜੀ
## ਵਾਰ ੨੭ ਪਉੜੀ ੪

ਚੰਦ ਚਕੋਰ ਪਰੀਤ ਹੈ ਲਾਇ ਤਾਰ[1] ਨਿਹਾਲੇ[2]।
ਚਕਵੀ ਸੂਰਜ ਹੇਤ[3] ਹੈ ਮਿਲਿ ਹੋਨਿ ਸੁਖਾਲੇ।
ਨੇਹੁ[4] ਕਵਲ ਜਲ ਜਾਣੀਐ ਖਿੜਿ[5] ਮੁਹ ਵੇਖਾਲੇ।
ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ।
ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮ੍ਹਾਲੇ।
**ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥੪॥**

## ਕਬਿੱਤ ਭਾਈ ਗੁਰਦਾਸ ਜੀ

ਸਲਿਲ ਨਿਵਾਸ ਜੈਸੇ, ਮੀਨ ਕੀ ਨ ਘਟੈ ਰੁਚਿ,
ਦੀਪਕ ਪ੍ਰਗਾਸ ਘਟੈ ਪ੍ਰੀਤ ਨ ਪਤੰਗ ਕੀ।
**ਕੁਸਮ ਸੁਬਾਸ ਜੈਸੋ ਤ੍ਰਿਪਤ ਨ ਮਧੁਪ ਕੋ**
ਉਡਤ ਆਕਾਸ ਆਸ ਘਟੈ ਨ ਬਿਹੰਗ ਕੀ।
ਘਟਾ ਘਨਘੋਰ ਮੋਰ ਚਾਤ੍ਰਿਕ ਰਿਦੈ ਉਲਾਸ,
ਨਾਦ ਬਾਦ ਸੁਨਿ ਰਤਿ ਘਟੈ ਨ ਕੁਰੰਗ ਕੀ।
**ਤੈਸੇ ਪ੍ਰਿਅ ਪ੍ਰੇਮ ਰਸ ਰਸਿਕ ਰਸਾਲ ਸੰਤ,**
**ਘਟਤ ਨ ਤ੍ਰਿਸਨਾ ਪ੍ਰਬਲ ਅੰਗ ਅੰਗ ਕੀ।**

1. ਤਾੜੀ। 2. ਦੇਖਦਾ ਹੈ। 3. ਪ੍ਰੀਤਿ, ਪ੍ਰੇਮ। 4. ਪ੍ਰੇਮ। 5. ਪ੍ਰਸੰਨ ਹੋ ਕੇ।

## ਰਾਗ ਸਾਰੰਗ ਸਲੋਕ ਮ: ੧
## ਆਦਿ ਗ੍ਰੰਥ, ਪੰਨਾ ੧੨੪੫

ਗਿਆਨ ਵਿਹੂਣਾ ਗਾਵੈ ਗੀਤ॥

ਭੁਖੇ ਮੁਲਾਂ ਘਰੇ ਮਸੀਤਿ॥

ਮਖਟੂ ਹੋਇ ਕੈ ਕੰਨ ਪੜਾਏ॥

ਫਕਰੁ[1] ਕਰੇ ਹੋਰੁ ਜਾਤਿ ਗਵਾਏ॥

ਗੁਰੁ ਪੀਰੁ ਸਦਾਏ ਮੰਗਣ ਜਾਇ॥

ਤਾ ਕੈ ਮੂਲਿ ਨ ਲਗੀਐ ਪਾਇ[2]॥

**ਘਾਲਿ ਖਾਇ ਕਿਛੁ ਹਥਹੁ ਦੇਇ॥**

**ਨਾਨਕ ਰਾਹੁ ਪਛਾਣਹਿ ਸੇਇ॥੧॥**

1. ਫਕੀਰੀ। 2. ਪੈਰੀਂ।



## ਭਾਈ ਗੁਰਦਾਸ ਜੀ
## ਵਾਰ ੬ ਪਉੜੀ ੧੨

ਗੁਰਮੁਖਿ ਹਥ ਸਕਥ[1] ਹਨਿ ਸਾਧ ਸੰਗਤਿ ਗੁਰ ਕਾਰ ਕਮਾਵੈ।
ਪਾਣੀ ਪਖਾ ਪੀਹਣਾ[2] ਪੈਰ ਧੋਇ ਚਰਣਾਮਤੁ ਪਾਵੈ।
ਗੁਰਬਾਣੀ ਲਿਖਿ ਪੋਥੀਆ ਤਾਲ ਮ੍ਰਿਦੰਗ ਰਬਾਬ ਵਜਾਵੈ।
ਨਮਸਕਾਰ ਡੰਡਉਤ ਕਰਿ ਗੁਰਭਾਈ ਗਲਿ ਮਿਲਿ ਗਲਿ ਲਾਵੈ।
**ਕਿਰਤਿ ਵਿਰਤਿ[3] ਕਰਿ ਧਰਮ ਦੀ ਹਥਹੁ ਦੇਕੈ ਭਲਾ ਮਨਾਵੈ।**
ਪਾਰਸੁ ਪਰਸਿ ਅਪਰਸਿ ਹੋਇ ਪਰ ਤਨ ਪਰ ਧਨ ਹਥੁ ਨ ਲਾਵੈ।
ਗੁਰ ਸਿਖ ਗੁਰ ਸਿਖ ਪੂਜਕੈ ਭਾਇ ਭਗਤਿ ਭੈ ਭਾਣਾ ਭਾਵੈ।
ਆਪੁ ਗਵਾਇ ਨ ਆਪੁ ਗਣਾਵੈ॥੧੨॥

## ਸਿੱਧਾਂ ਨਾਲ ਗੋਸਟਿ
## ਵਾਰ ੧ ਪਉੜੀ ੪੦

... ... ... ...
ਹੋਇ ਅਤੀਤੁ ਗ੍ਰਿਹਸਤਿ ਤਜਿ
ਫਿਰਿ ਉਨਹੁ ਕੇ ਘਰਿ ਮੰਗਣਿ ਜਾਈ।
ਬਿਨੁ ਦਿਤੇ ਕਛੁ ਹਥਿ ਨ ਆਈ॥੪੦॥

1. ਸਫਲਾ। 2. ਚੱਕੀ ਪੀਹਣੀ। 3. ਉਪਜੀਵਕਾ।

## ਆਸਾ ਮਹਲਾ ੪
## ਆਦਿ ਗ੍ਰੰਥ, ਪੰਨਾ ੪੫੦

ਕੋਈ ਗਾਵੈ ਰਾਗੀ[1] ਨਾਦੀ[2] ਬੇਦੀ[3] ਬਹੁ ਭਾਤਿ ਕਰਿ
ਨਹੀ ਹਰਿ ਹਰਿ ਭੀਜੈ ਰਾਮ ਰਾਜੇ॥
ਜਿਨਾ ਅੰਤਰਿ ਕਪਟੁ ਵਿਕਾਰੁ ਹੈ
ਤਿਨਾ ਰੋਇ[4] ਕਿਆ ਕੀਜੈ॥
ਹਰਿ ਕਰਤਾ ਸਭੁ ਕਿਛੁ ਜਾਣਦਾ
ਸਿਰਿ ਰੋਗ ਹਥੁ ਦੀਜੈ॥
**ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ**
**ਹਰਿ ਭਗਤਿ ਹਰਿ ਲੀਜੈ॥੪॥੧੧॥੧੮॥**

## ਸੂਹੀ ਮਹਲਾ ੪, ਪੰਨਾ ੭੩੨

**ਹਰਿ ਹਰਿ ਕਰਹਿ ਨਿਤ ਕਪਟੁ ਕਮਾਵਹਿ**
**ਹਿਰਦਾ ਸੁਧੁ ਨ ਹੋਈ॥**

1. ਰਾਗਾਂ ਰਾਹੀਂ। 2. ਵਜਾਉਣ ਰਾਹੀਂ। 3. ਧਾਰਮਿਕ ਪੁਸਤਕਾਂ ਰਾਹੀਂ। 4. ਉਪਰੋਂ ਉਪਰੋਂ ਰੋਣ ਨਾਲ।



## ਭਾਈ ਗੁਰਦਾਸ ਜੀ
## ਵਾਰ ੩੬ ਪਉੜੀ ੧੪

ਮਿਲੈ ਜਿ ਤੀਰਥਿ ਨਾਤਿਆਂ ਡਡਾਂ ਜਲ ਵਾਸੀ।
ਵਾਲ ਵਧਾਇਆਂ ਪਾਈਐ ਬੜ ਜਟਾਂ ਪਲਾਸੀ।
ਨੰਗੇ ਰਹਿਆਂ ਜੇ ਮਿਲੈ ਵਣਿ ਮਿਰਗ ਉਦਾਸੀ।
ਭਸਮ ਲਾਇ ਜੇ ਪਾਈਐ ਖਰੁ ਖੇਹ ਨਿਵਾਸੀ।
ਜੇ ਪਾਈਐ ਚੁਪ ਕੀਤਿਆਂ ਪਸੂਆਂ ਜੜ ਹਾਸੀ।
**ਵਿਣੁ ਗੁਰ ਮੁਕਤਿ ਨ ਹੋਵਈ ਗੁਰ ਮਿਲੈ ਖਲਾਸੀ॥੧੪॥**

## ਕਬਿੱਤ ਭਾਈ ਗੁਰਦਾਸ ਜੀ॥੪੩੭॥

ਖਾਂਡ ਖਾਂਡ ਕਹੇ ਜਿਹਬਾ ਨ ਸ੍ਵਾਦ ਮੀਠੇ
ਅਗਿਨ ਅਗਿਨ ਕਹੇ ਸੀਤ ਨ ਬਿਨਾਸ ਹੈ॥
ਬੈਦ ਬੈਦ ਕਹੈ ਰੋਗ ਮਿਟਤ ਨ ਕਾਹੂੰ ਕੋ
ਦ੍ਰਬ ਦ੍ਰਬ ਕਹੈ ਕੋਊ ਦ੍ਰਬਹਿ ਨ ਬਿਲਾਸ ਹੈ॥
ਚੰਦਨ ਚੰਦਨ ਕਹੈ ਪ੍ਰਗਟੈ ਨਾ ਸੁਭਾਸ ਬਾਸ,
ਚੰਦ ਚੰਦ ਕਹੈ, ਉਜਿਆਰੇ ਨ ਪ੍ਰਗਾਸ ਹੈ॥
**ਤੈਸੇ ਗਿਯਾਨ ਗੋਸਟਿ ਕਰਤ ਨ ਰਹਿਤ ਪਾਵੈ,**
**ਕਰਨੀ ਪ੍ਰਧਾਨ ਭਾਨ ਉਦਤਿ ਅਕਾਸ ਹੈ॥ ੪੩੭॥**

1. ਡੱਡੂ। 2. ਬੋਹੜ। 3. ਜਟਾਵਾਂ ਛਿਛਰਿਆਂ ਵਾਂਗੂੰ ਲਮਕਦੀਆਂ ਹਨ।

## ਰਾਮਕਲੀ ਬਾਣੀ ਭਗਤ ਕਬੀਰ ਜੀਉ
## ਆਦਿ ਗ੍ਰੰਥ, ਪੰਨਾ ੯੭੦

ਮੁੰਦ੍ਰਾ ਮੋਨਿ ਦਇਆ ਕਰਿ ਝੋਲੀ
ਪਤ੍ਰ ਕਾ ਕਰਹੁ ਬੀਚਾਰੁ ਰੇ ॥
**ਖਿੰਥਾ[1] ਇਹੁ ਤਨੁ ਸੀਅਉ ਅਪਨਾ**
**ਨਾਮੁ ਕਰਉ ਆਧਾਰੁ ਰੇ ॥ ੧ ॥**
ਐਸਾ ਜੋਗੁ ਕਮਾਵਹੁ ਜੋਗੀ ॥
ਜਪ ਤਪ ਸੰਜਮੁ[2] ਗੁਰਮੁਖਿ ਭੋਗੀ ॥ ੧ ॥ ਰਹਾਉ ॥
ਬੁਧਿ ਬਿਭੂਤਿ ਚਢਾਵਉ ਅਪੁਨੀ
ਸਿੰਗੀ[3] ਸੁਰਤਿ ਮਿਲਾਈ ॥
ਕਰਿ ਬੈਰਾਗੁ ਫਿਰਉ ਤਨਿ ਨਗਰੀ
ਮਨ ਕੀ ਕਿੰਗੁਰੀ[4] ਬਜਾਈ ॥ ੨ ॥
ਪੰਚ ਤਤੁ ਲੈ ਹਿਰਦੈ ਰਾਖਹੁ
ਰਹੈ ਨਿਰਾਲਮ ਤਾੜੀ[5] ॥
ਕਹਤੁ ਕਬੀਰੁ ਸੁਨਹੁ ਰੇ ਸੰਤਹੁ
ਧਰਮੁ ਦਇਆ ਕਰਿ ਬਾੜੀ[6] ॥ ੩ ॥ ੭ ॥

1. ਗੋਦੜੀ। 2. ਇੰਦਰੀਆਂ ਨੂੰ ਵੱਸ ਕਰਨਾ। 3. ਲੰਬਾ ਵਲਦਾਰ ਸਿੰਗ। 4. ਇਕ ਤਾਰੀ ਨਾਮੀ ਸਾਜ਼। 5. ਸਮਾਧੀ। 6. ਬਗੀਚੀ।



## ਭਾਈ ਗੁਰਦਾਸ ਜੀ
## ਵਾਰ ੨੯ ਪਉੜੀ ੧੫

ਗੁਰ ਸਿਖ ਜੋਗੀ ਜਾਗਦੇ ਮਾਇਆ ਅੰਦਰਿ ਕਰਨਿ ਉਦਾਸੀ।
**ਕੰਨੀ ਮੁੰਦਰਾਂ ਮੰਤ੍ਰ ਗੁਰ ਸੰਤਾਂ ਧੂੜਿ ਬਿਭੂਤ ਸੁ ਲਾਸੀ[1]।**
**ਖਿੰਥਾ ਖਿਮਾ ਹੰਢਾਵਣੀ ਪ੍ਰੇਮ ਪਤ੍ਰ[2] ਭਾਉ ਭੁਗਤਿ ਬਿਲਾਸੀ।**
**ਸਬਦ ਸੁਰਤਿ ਸਿੰਙੀ ਵਜੈ ਡੰਡਾ ਗਿਆਨੁ ਧਿਆਨੁ ਗੁਰਦਾਸੀ।**
ਸਾਧ ਸੰਗਤਿ ਗੁਰ ਗੁਫੈ ਬਹਿ ਸਹਜਿ ਸਮਾਧਿ ਅਗਾਧਿ ਨਿਵਾਸੀ।
ਹਉਮੈ ਰੋਗ ਅਰੋਗ ਹੋਇ ਕਰਿ ਸੰਜੋਗੁ ਵਿਜੋਗ ਖਲਾਸੀ।
ਸਾਧ ਸੰਗਤਿ ਗੁਰਮਤਿ ਸਾਬਾਸੀ ॥ ੧੫ ॥

1. ਸ੍ਰੇਸ਼ਟ। 2. ਪ੍ਰੇਮ ਦਾ ਬਰਤਨ।

## ਪਉੜੀ (ਗਉੜੀ ਵਾਰ ਮਹਲਾ ੪)
## ਆਦਿ ਗ੍ਰੰਥ, ਪੰਨਾ ੩੧੪

**ਸਾ ਸੇਵਾ ਕੀਤੀ ਸਫਲ ਹੈ**
**ਜਿਤੁ ਸਤਿਗੁਰ ਕਾ ਮਨੁ ਮੰਨੇ ॥**
ਜਾ ਸਤਿਗੁਰ ਕਾ ਮਨੁ ਮੰਨਿਆ
ਤਾ ਪਾਪ ਕਸੰਮਲ[1] ਭੰਨੇ[2] ॥
ਉਪਦੇਸੁ ਜਿ ਦਿਤਾ ਸਤਿਗੁਰੂ
ਸੋ ਸੁਣਿਆ ਸਿਖੀ[3] ਕੰਨੇ[4] ॥
ਜਿਨ ਸਤਿਗੁਰ ਕਾ ਭਾਣਾ ਮੰਨਿਆ
ਤਿਨ ਚੜੀ ਚਵਗਣਿ[5] ਵੰਨੇ ॥
ਇਹ ਚਾਲ[6] ਨਿਰਾਲੀ ਗੁਰਮੁਖੀ[7]
ਗੁਰ ਦੀਖਿਆ[8] ਸੁਣਿ ਮਨੁ ਭਿੰਨੇ ॥੨੫॥

## ਬਸੰਤ ਮਹਲਾ ੫ ਪੰਨਾ ੧੧੯੨

**ਮਾਣਸ ਸੇਵਾ ਖਰੀ ਦੁਹੇਲੀ ॥**
**ਸਾਧ ਕੀ ਸੇਵਾ ਸਦਾ ਸੁਹੇਲੀ ॥ ੨ ॥**

## ਮਲਾਰ ਮਹਲਾ ੫ ਪੰਨਾ ੧੨੭੦

**ਗੁਰ ਕੀ ਸੇਵਾ ਸੋ ਜਨੁ ਪਾਏ ॥**
**ਜਾ ਕਉ ਕਰਮਿ ਲਿਖਿਆ ਧੁਰਿ ਆਏ ॥ ੩ ॥**

1. ਵੱਡੇ ਪਾਪ। 2. ਨਾਸ਼ ਹੋ ਗਏ। 3. ਸਿੱਖਾਂ ਨੇ। 4. ਕੰਨਾਂ ਦੁਆਰਾ। 5. ਚੌਗਣੀ ਰੰਗਤ। 6. ਰਹੁ-ਰੀਤੀ। 7. ਗੁਰਮੁਖਾਂ ਦੀ। 8. ਗੁਰੂ ਦੀ ਸਿੱਖਿਆ।



## ਭਾਈ ਗੁਰਦਾਸ ਜੀ
## ਵਾਰ ੨੭ ਪਉੜੀ ੧੦

ਧ੍ਰਿਗੁ ਸਿਰੁ ਜੋ ਗੁਰ ਨ ਨਿਵੈ ਗੁਰ ਲਗੈ ਨ ਚਰਣੀ।
ਧ੍ਰਿਗੁ ਲੋਇਣਿ ਗੁਰ ਦਰਸ ਵਿਣੁ ਵੇਖੈ ਪਰ ਤਰਣੀ[1]।
ਧ੍ਰਿਗੁ ਸਰਵਣਿ[2] ਉਪਦੇਸ ਵਿਣੁ ਸੁਣਿ ਸੁਰਤਿ ਨ ਧਰਣੀ।
ਧ੍ਰਿਗੁ ਜਿਹਬਾ ਗੁਰ ਸਬਦ ਵਿਣੁ ਹੋਰ ਮੰਤ੍ਰ ਸਿਮਰਣੀ।
**ਵਿਣੁ ਸੇਵਾ ਧ੍ਰਿਗੁ ਹਥ ਪੈਰ ਹੋਰ ਨਿਹਫਲ ਕਰਣੀ।**
ਪੀਰ ਮੁਰੀਦਾਂ ਪਿਰਹੜੀ ਸੁਖ ਸਤਿਗੁਰ ਸਰਣੀ ॥੧੦॥

1. ਇਸਤਰੀ। 2. ਕੰਨ।

## ਸਲੋਕ ਮਹਲਾ ੧
## ਆਸਾ ਦੀ ਵਾਰ ਆਦਿ ਗ੍ਰੰਥ, ਪੰਨਾ ੪੭੦

ਨਾਨਕ ਮੇਰੁ ਸਰੀਰ ਕਾ
ਇਕੁ ਰਥੁ ਇਕੁ ਰਥਵਾਹੁ ॥
ਜੁਗੁ ਜੁਗੁ ਫੇਰਿ ਵਟਾਈਅਹਿ
ਗਿਆਨੀ ਬੁਝਹਿ ਤਾਹਿ ॥
**ਸਤਜੁਗਿ ਰਥੁ ਸੰਤੋਖੁ ਕਾ**
**ਧਰਮੁ ਅਗੈ ਰਥਵਾਹੁ ॥**
ਤ੍ਰੇਤੈ ਰਥੁ ਜਤੈ ਕਾ
ਜੋਰੁ ਅਗੈ ਰਥਵਾਹੁ ॥
ਦੁਆਪੁਰਿ ਰਥੁ ਤਪੈ ਕਾ
ਸਤੁ ਅਗੈ ਰਥਵਾਹੁ ॥
ਕਲਜੁਗਿ ਰਥੁ ਅਗਨਿ ਕਾ
ਕੂੜੁ ਅਗੈ ਰਥਵਾਹੁ ॥ ੧ ॥

## ਗਉੜੀ ਬੈਰਾਗਣਿ ੧ੴ ਸਤਿਗੁਰ ਪ੍ਰਸਾਦਿ
## ਆਦਿ ਗ੍ਰੰਥ, ਪੰਨਾ ੩੪੬

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥
ਤੀਨੌ ਜੁਗ ਤੀਨੌ ਦਿੜੇ ਕਲਿ ਕੇਵਲ
ਨਾਮ ਅਧਾਰ ॥ ੧ ॥



## ਭਾਈ ਗੁਰਦਾਸ ਜੀ
## ਵਾਰ ੧ ਪਉੜੀ ੧੫

ਜੁਗਿ ਜੁਗਿ ਮੇਰੁ ਸਰੀਰ ਕਾ[1] ਬਾਸਨਾ ਬਧਾ ਆਵੈ ਜਾਵੈ।
ਫਿਰਿ ਫਿਰਿ ਫੇਰਿ ਵਟਾਈਐ ਗਿਆਨੀ ਹੋਇ ਮਰਮੁ[2] ਕਉ ਪਾਵੈ।
**ਸਤਿਜੁਗਿ ਦੂਜਾ ਭਰਮੁ ਕਰਿ ਤ੍ਰੇਤੇ ਵਿਚਿ ਜੋਨੀ ਫਿਰਿ ਆਵੈ।**
ਤ੍ਰੇਤੇ ਕਰਮਾਂ ਬਾਂਧਤੇ ਦੁਆਪਰਿ ਫਿਰਿ ਅਵਤਾਰ ਕਰਾਵੈ।
**ਦੁਆਪਰਿ ਮਮਤਾ ਅਹੰ ਕਰਿ ਹਉਮੈ ਅੰਦਰਿ ਗਰਬਿ ਗਲਾਵੈ।**
ਤ੍ਰਿਹੁ ਜੁਗਾਂ ਕੇ ਕਰਮ ਕਰਿ ਜਨਮ ਮਰਨ ਸੰਸਾ ਨ ਚੁਕਾਵੈ।
**ਫਿਰਿ ਕਲਿਜੁਗ ਅੰਦਰਿ ਦੇਹਿ ਧਰਿ ਕਰਮਾਂ ਅੰਦਰਿ ਫੇਰ ਫਸਾਵੈ।**
ਅਉਸਰੁ ਚੁਕਾ ਹਥ ਨ ਆਵੈ ॥ ੧੫ ॥

1. ਸਰੀਰ ਦਾ ਸ਼ਰੋਮਣੀ ਅਰਥਾਤ ਜੀਵਾਤਮਾ। 2. ਭੇਦ।

## ਸਤੇ ਬਲਵੰਡ ਕੀ ਵਾਰ
## ਆਦਿ ਗ੍ਰੰਥ, ਪੰਨਾ ੯੬੬

ਲਹਣੇ ਦੀ ਫੇਰਾਈਐ ਨਾਨਕਾ ਦੋਹੀ ਖਟੀਐ ॥
**ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ॥**
ਝੁਲੈ ਸੁ ਛਤੁ ਨਿਰੰਜਨੀ ਮਲਿ ਤਖਤੁ ਬੈਠਾ ਗੁਰ ਹਟੀਐ ॥
ਕਰਹਿ ਜਿ ਗੁਰ ਫੁਰਮਾਇਆ ਸਿਲ ਜੋਗੁ ਅਲੂਣੀ ਚਟੀਐ ॥
ਲੰਗਰੁ ਚਲੈ ਗੁਰ ਸਬਦਿ ਹਰਿ ਤੋਟਿ ਨ ਆਵੀ ਖਟੀਐ ॥
ਖਰਚੇ ਦਿਤਿ ਖਸੰਮ ਦੀ ਆਪ ਖਹਦੀ ਖੈਰਿ ਦਬਟੀਐ ॥
ਹੋਵੈ ਸਿਫਤਿ ਖਸੰਮ ਦੀ ਨੂਰੁ ਅਰਸਹੁ ਕੁਰਸਹੁ ਝਟੀਐ ॥
ਤੁਧੁ ਡਿਠੇ ਸਚੇ ਪਾਤਿਸਾਹ ਮਲੁ ਜਨਮ ਜਨਮ ਦੀ ਕਟੀਐ ॥
ਸਚੁ ਜਿ ਗੁਰਿ ਫੁਰਮਾਇਆ ਕਿਉ ਏਦੂ ਬੋਲਹੁ ਹਟੀਐ ॥
ਪੁਤ੍ਰੀ ਕਉਲੁ ਨ ਪਾਲਿਓ ਕਰਿ ਪੀਰਹੁ ਕੰਨ੍ ਮੁਰਟੀਐ ॥
ਦਿਲਿ ਖੋਟੈ ਆਕੀ ਫਿਰਨਿ੍ ਬੰਨਿ੍ ਭਾਰੁ ਉਚਾਇਨਿ੍ ਛਟੀਐ ॥
ਜਿਨਿ ਆਖੀ ਸੋਈ ਕਰੇ ਜਿਨਿ ਕੀਤੀ ਤਿਨੈ ਥਟੀਐ ॥
ਕਉਣੁ ਹਾਰੇ ਕਿਨਿ ਉਵਟੀਐ ॥ ੨ ॥

## ਮਹਲਾ ੫ (ਵਾਰ ਰਾਮਕਲੀ), ਆਦਿ ਗ੍ਰੰਥ, ਪੰਨਾ ੯੫੯

**ਵਿਣੁ ਤੁਧੁ ਹੋਰੁ ਜਿ ਮੰਗਣਾ ਸਿਰਿ ਦੁਖਾ ਕੈ ਦੁਖ ॥**
**ਦੇਹਿ ਨਾਮੁ ਸੰਤੋਖੀਆ ਉਤਰੈ ਮਨ ਕੀ ਭੁਖ ॥**
**ਗੁਰਿ ਵਣੁ ਤਿਣੁ ਹਰਿਆ ਕੀਤਿਆ ਨਾਨਕ ਕਿਆ ਮਨੁਖ ॥ ੨ ॥**

1. ਸਚਖੰਡ ਤੋਂ ਵਸਦਾ ਹੈ। 2. ਸ੍ਰੀ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਜੀ ਨੂੰ ਗੁਰੂ ਮੰਨਣ ਦੀ ਜੋ ਸੱਚੀ ਗਲ ਆਖੀ। 3. ਪੁੱਤਰਾਂ ਨੇ।



## ਭਾਈ ਗੁਰਦਾਸ ਜੀ
## ਵਾਰ ੧ ਪਉੜੀ ੪੫

ਜਾਰਤਿ ਕਰਿ ਮੁਲਤਾਨ ਦੀ ਫਿਰਿ ਕਰਤਾਰਿ ਪੁਰੇ ਨੋ ਆਇਆ।
ਚੜ੍ਹੇ ਸਵਾਈ ਦਿਹਿਦਿਹੀ[1] ਕਲਿਜੁਗਿ ਨਾਨਕ ਨਾਮੁ ਧਿਆਇਆ।
**ਵਿਣ ਨਾਵੈ ਹੋਰੁ ਮੰਗਣਾ ਸਿਰਿ ਦੁਖਾਂ ਦੇ ਦੁਖ ਸਬਾਇਆ।**
ਮਾਰਿਆ ਸਿਕਾ[2] ਜਗਤਿ ਵਿਚਿ ਨਾਨਕ ਨਿਰਮਲ ਪੰਥੁ ਚਲਾਇਆ।
**ਥਾਪਿਆ ਲਹਿਣਾ ਜੀਂਵਦੇ ਗੁਰਿਆਈ ਸਿਰਿ ਛਤ੍ਰ ਫਿਰਾਇਆ।**
**ਜੋਤੀ ਜੋਤਿ ਮਿਲਾਇਕੈ ਸਤਿਗੁਰ ਨਾਨਕਿ ਰੂਪੁ ਵਟਾਇਆ।**
ਲਖਿ ਨ ਕੋਈ ਸਕਈ ਆਚਰਜੇ ਆਚਰਜੁ ਦਿਖਾਇਆ।
**ਕਾਇਆ ਪਲਟਿ ਸਰੂਪੁ ਬਣਾਇਆ ॥ ੪੫ ॥**

1. ਦਿਨੋਂ ਦਿਨ। 2. ਸਿੱਕਾ ਤੋਰਿਆ ਭਾਵ ਹੁਕਮ ਤੋਰਿਆ।

## ਸਿਰੀਰਾਗੁ ਮਹਲਾ ੧ ਘਰੁ ਦੂਜਾ ੨
## ਆਦਿ ਗ੍ਰੰਥ, ਪੰਨਾ ੨੩

**ਆਪੇ ਰਸੀਆ[1] ਆਪਿ ਰਸੁ ਆਪੇ ਰਾਵਣਹਾਰੁ[2] ॥**

ਆਪੇ ਹੋਵੈ ਚੋਲੜਾ[3] ਆਪੇ ਸੇਜ ਭਤਾਰੁ[4] ॥ ੧ ॥

ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ ॥ ੧ ॥ ਰਹਾਉ ॥

ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ ॥

ਆਪੇ ਜਾਲ ਮਣਕੜਾ[5] ਆਪੇ ਅੰਦਰਿ ਲਾਲੁ ॥ ੨ ॥

ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ ਲਾਲੁ ॥

ਨਿਤ ਰਵੈ ਸੋਹਾਗਣੀ ਦੇਖੁ ਹਮਾਰਾ ਹਾਲੁ ॥ ੩ ॥

ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ ॥

ਕਉਲੁ[6] ਤੂ ਹੈ ਕਵੀਆ[7] ਤੂ ਹੈ ਆਪੇ ਵੇਖਿ ਵਿਗਸੁ ॥ ੪ ॥ ੨੫ ॥

1. ਜਿਸਦੀ ਜ਼ਬਾਨ 'ਚੋਂ ਰਸ ਚੋਂਦਾ ਹੋਵੇ। 2. ਮਾਨਣ ਵਾਲਾ। 3. ਬਸਤਰ। 4. ਪਤੀ। 5. ਮਣਕਾ। 6. ਕੰਵਲ ਫੁੱਲ। 7. ਪਾਣੀ ਦਾ ਬੂਟਾ, ਰਾਤ ਨੂੰ ਖਿੜਦਾ ਹੈ।



## ਭਾਈ ਗੁਰਦਾਸ ਜੀ
## ਵਾਰ ੨ ਪਉੜੀ ੩

ਆਪੇ ਭੁਖਾ ਹੋਇਕੈ ਆਪਿ ਜਾਇ ਰਸੋਈ।
ਭੋਜਨੁ ਆਪਿ ਬਣਾਇਦਾ ਰਸ ਵਿਚਿ ਰਸ ਗੋਈ।
ਆਪੇ ਖਾਇ ਸਲਾਹਿਕੈ ਹੋਇ ਤ੍ਰਿਪਤਿ ਸਮੋਈ[1]।
ਆਪੇ ਰਸੀਆ ਆਪਿ ਰਸੁ ਰਸੁ ਰਸਨਾ[2] ਭੋਈ[3]।
ਦਾਤਾ ਭੁਗਤਾ[4] ਆਪਿ ਹੈ ਸਰਬੰਗੁ ਸਮੋਈ[5]।
**ਆਪੇ ਆਪਿ ਵਰੱਤਦਾ ਗੁਰਮੁਖਿ ਸੁਖੁ ਹੋਈ ॥ ੩ ॥**

1. ਅਨੰਦਿਤ। 2. ਜੀਭ। 3. ਮਿਲਦਾ ਹੈ। 4. ਭੋਗਣ ਵਾਲਾ। 5. ਸਮਾਉਂਦਾ ਹੈ।

## ਗਉੜੀ ਸੁਖਮਨੀ ਮਹਲਾ ੫
## ਅਸਟਪਦੀ ੧੪ ਸ਼ਬਦ ੪, ਆਦਿ ਗ੍ਰੰਥ, ਪੰਨਾ ੨੮੪

**ਨਾਨਾ[1] ਰੂਪ ਨਾਨਾ ਜਾ ਕੇ ਰੰਗ[2] ॥**
**ਨਾਨਾ ਭੇਖ ਕਰਹਿ ਇਕ ਰੰਗ ॥**
**ਨਾਨਾ ਬਿਧਿ ਕੀਨੋ ਬਿਸਥਾਰੁ ॥**
**ਪ੍ਰਭੁ ਅਬਿਨਾਸੀ ਏਕੰਕਾਰੁ ॥**
ਨਾਨਾ ਚਲਿਤ ਕਰੇ ਖਿਨ ਮਾਹਿ ॥
ਪੂਰਿ ਰਹਿਓ ਪੂਰਨੁ ਸਭ ਠਾਇ ॥
ਨਾਨਾ ਬਿਧਿ ਕਰਿ ਬਨਤ ਬਨਾਈ ॥
ਅਪਨੀ ਕੀਮਤਿ ਆਪੇ ਪਾਈ ॥
ਸਭ ਘਟ ਤਿਸ ਕੇ ਸਭ ਤਿਸ ਕੇ ਠਾਉ ॥
ਜਪਿ ਜਪਿ ਜੀਵੈ ਨਾਨਕ ਹਰਿ ਨਾਉ ॥ ੪ ॥

1. ਕਈ ਕਿਸਮ ਦੇ। 2. ਵੇਸ ਤਮਾਸ਼ੇ।



## ਭਾਈ ਗੁਰਦਾਸ ਜੀ
## ਵਾਰ ੨ ਪਉੜੀ ੬

ਸੋਈ ਤਾਂਬਾ ਰੰਗ[1] ਸੰਗਿ ਜਿਉ ਕੈਹਾਂ ਹੋਈ।
ਸੋਈ ਤਾਂਬਾ ਜਿਸਤ ਮਿਲਿ ਪਿਤਲ ਅਵਲੋਈ[2]।
ਸੋਈ ਸੀਸੇ[3] ਸੰਗਤੀ ਭੰਗਾਰ[4] ਭੁਲੋਈ।
ਤਾਂਬਾ ਪਾਰਸਿ ਪਰਸਿਆ ਹੋਇ ਕੰਚਨ ਸੋਈ।
ਸੋਈ ਤਾਂਬਾ ਭਸਮ ਹੋਇ ਅਉਖਧ ਕਰਿ ਭੋਈ।
**ਆਪੇ ਆਪਿ ਵਰੱਤਦਾ ਸੰਗਤਿ ਗੁਣ ਗੋਈ ॥ ੬ ॥**

1. ਕਲੀ। 2. ਦੇਖੀਦਾ। 3. ਸਿੱਕਾ। 4. ਭਰਤ।

## ਰਾਗ ਮਲਾਰ ਮਹਲਾ ੧
## ਆਦਿ ਗ੍ਰੰਥ, ਪੰਨਾ ੧੨੫੫

ਪਰ ਦਾਰਾ[1] ਪਰ ਧਨੁ ਪਰ ਲੋਭਾ ਹਉਮੈ ਬਿਖੈ ਬਿਕਾਰ ॥
**ਦੁਸਟ ਭਾਉ[2] ਤਜਿ ਨਿੰਦ ਪਰਾਈ ਕਾਮੁ ਕ੍ਰੋਧੁ ਚੰਡਾਰ[3] ॥੧॥**
ਮਹਲ ਮਹਿ ਬੈਠੇ ਅਗਮ ਅਪਾਰ ॥
ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ
ਜਿਸੁ ਗੁਰ ਕਾ ਸਬਦੁ ਰਤਨੁ ਆਚਾਰ[4] ॥੧॥ ਰਹਾਉ ॥
ਦੁਖ ਸੁਖ ਦੋਊ ਸਮ ਕਰਿ ਜਾਨੈ ਬੁਰਾ ਭਲਾ ਸੰਸਾਰ ॥
ਸੁਧਿ ਬੁਧਿ ਸੁਰਤਿ ਨਾਮਿ ਹਰਿ ਪਾਈਐ
ਸਤਸੰਗਤਿ ਗੁਰ ਪਿਆਰ ॥੨॥
ਅਹਿਨਿਸਿ[5] ਲਾਹਾ ਹਰਿ ਨਾਮੁ ਪਰਾਪਤਿ
ਗੁਰੁ ਦਾਤਾ ਦੇਵਣਹਾਰੁ ॥
ਗੁਰਮੁਖਿ ਸਿਖ ਸੋਈ ਜਨੁ ਪਾਏ
ਜਿਸ ਨੋ ਨਦਰਿ ਕਰੇ ਕਰਤਾਰੁ ॥੩॥
ਕਾਇਆ ਮਹਲੁ ਮੰਦਰੁ ਘਰੁ ਹਰਿ ਕਾ
ਤਿਸੁ ਮਹਿ ਰਾਖੀ ਜੋਤਿ ਅਪਾਰ ॥
ਨਾਨਕ ਗੁਰਮੁਖਿ ਮਹਲਿ ਬੁਲਾਈਐ
ਹਰਿ ਮੇਲੇ ਮੇਲਣਹਾਰ ॥੪॥੫॥

1. ਇਸਤਰੀ। 2. ਮੰਦੀ ਭਾਵਨਾ। 3. ਚੰਡਾਲ। 4. ਜੀਵਨ ਆਚਾਰ। 5. ਦਿਨ ਰਾਤ।



## ਭਾਈ ਗੁਰਦਾਸ ਜੀ
## ਵਾਰ ੬ ਪਉੜੀ ੮

ਗੁਰ ਦਰਸਨੁ ਪਰਸਣੁ[1] ਸਫਲੁ ਛਿਅ ਦਰਸਨੁ ਇਕ ਦਰਸਨੁ ਜਾਣੈ।
ਦਿਬ ਦਿਸਟਿ[2] ਪਰਗਾਸੁ ਕਰਿ ਲੋਕਵੇਦ ਗੁਰ ਗਿਆਨੁ ਪਛਾਣੈ।
ਏਕਾ ਨਾਰੀ ਜਤੀ ਹੋਇ, ਪਰਨਾਰੀ ਧੀ ਭੈਣ ਵਖਾਣੈ।
**ਪਰ ਧਨੁ ਸੂਅਰ ਗਾਇ ਜਿਉ ਮਕਰੂਹ[3] ਹਿੰਦੂ ਮੁਸਲਮਾਣੈ।**
ਘਰ ਬਾਰੀ ਗੁਰ ਸਿਖੁ ਹੋਇ ਸਿਖਾ ਸੂਤ੍ਰ ਮਲ ਮੂਤ੍ਰ ਵਿਡਾਣੈ[4]।
ਪਾਰਬ੍ਰਹਮੁ ਪੂਰਨ ਬ੍ਰਹਮੁ ਗਿਆਨੁ ਧਿਆਨੁ ਗੁਰਸਿਖ ਸਿਵਾਣੈ।
ਸਾਧ ਸੰਗਤਿ ਮਿਲਿ ਪਤਿ ਪਰਵਾਣੈ ॥੮॥

1. ਸਪਰਸ਼ ਕਰਨਾ, ਛੂਹਣਾ (ਚਰਨ ਫੜ ਕੇ)। 2. ਗਯਾਨ ਦੀ ਦ੍ਰਿਸ਼ਟੀ। 3. ਨਿੰਦਤ। 4. ਅਸੰਗ।

# ਮਾਰੂ ਮਹਲਾ ੩
# ਆਦਿ ਗ੍ਰੰਥ, ਪੰਨਾ ੧੦੫੪

ਸਤਿਗੁਰੁ ਸੇਵਨਿ[1] ਸੇ ਵਡਭਾਗੀ ॥
ਅਨਦਿਨੁ[2] ਸਾਚਿ ਨਾਮਿ ਲਿਵ ਲਾਗੀ ॥
ਸਦਾ ਸੁਖਦਾਤਾ ਰਵਿਆ[3] ਘਟ ਅੰਤਰਿ
**ਸਬਦਿ ਸਚੈ ਓਮਾਹਾ[4] ਹੇ ॥ ੧ ॥**
ਨਦਰਿ ਕਰੇ[5] ਤਾ ਗੁਰੂ ਮਿਲਾਏ ॥
ਹਰਿ ਕਾ ਨਾਮੁ ਮੰਨਿ ਵਸਾਏ ॥
ਹਰਿ ਮਨਿ ਵਸਿਆ ਸਦਾ ਸੁਖਦਾਤਾ
ਸਬਦੇ ਮਨਿ ਓਮਾਹਾ ਹੇ ॥ ੨ ॥
ਕ੍ਰਿਪਾ ਕਰੇ ਤਾ ਮੇਲਿ ਮਿਲਾਏ ॥
ਹਉਮੈ ਮਮਤਾ[6] ਸਬਦਿ ਜਲਾਏ ॥
ਸਦਾ ਮੁਕਤੁ ਰਹੈ ਇਕ ਰੰਗੀ
ਨਾਹੀ ਕਿਸੈ ਨਾਲਿ ਕਾਹਾ[7] ਹੇ ॥ ੩ ॥
ਬਿਨੁ ਸਤਿਗੁਰ ਸੇਵੇ ਘੋਰ ਅੰਧਾਰਾ ॥
ਬਿਨੁ ਸਬਦੈ ਕੋਇ ਨ ਪਾਵੈ ਪਾਰਾ ॥
ਜੋ ਸਬਦਿ ਰਾਤੇ ਮਹਾ ਬੈਰਾਗੀ[8]
ਸੋ ਸਚੁ ਸਬਦੇ ਲਾਹਾ[9] ਹੇ ॥ ੪ ॥

1. ਸੇਵਦੇ ਹਨ। 2. ਹਰ ਰੋਜ਼। 3. ਵਰਤ ਰਿਹਾ ਹੈ। 4. ਉਤਸ਼ਾਹ। 5. ਮਿਹਰ ਵਾਲੀ ਨਜ਼ਰ। 6. ਮੈਂ ਮੇਰੀ। 7. ਝਗੜਾ ਝੇੜਾ। 8. ਵੱਡੇ ਤਿਆਗੀ। 9. ਲਾਭ।



# ਭਾਈ ਗੁਰਦਾਸ ਜੀ
# ਵਾਰ ੭ ਪਉੜੀ ੨੦

ਸਬਦੁ ਗੁਰੂ ਗੁਰ ਜਾਣੀਐ ਗੁਰਮੁਖਿ ਹੋਇ ਸੁਰਤਿ ਧੁਨਿ[1] ਚੇਲਾ।
ਸਾਧ ਸੰਗਤਿ ਸਚਖੰਡ ਵਿਚਿ ਪ੍ਰੇਮ ਭਗਤਿ ਪਰਚੈ ਹੋਇ ਮੇਲਾ।
ਗਿਆਨੁ ਧਿਆਨੁ ਸਿਮਰਣੁ ਜੁਗਤਿ ਕੂੰਜ ਕਰਮ[2] ਹੰਸ ਵੰਸ ਨਵੇਲਾ[3]।
ਬਿਰਖਹੁੰ ਫਲ ਫਲਤੇ ਬਿਰਖੁ ਗੁਰਸਿਖ ਸਿਖ ਗੁਰ ਮੰਤੁ ਸੁਹੇਲਾ[4]।
ਵੀਹਾ ਅੰਦਰਿ ਵਰਤਮਾਨ ਹੋਇ ਇਕੀਹ[5] ਅਗੋਚਰੁ ਖੇਲਾ।
ਆਦਿ ਪੁਰਖੁ ਆਦੇਸੁ[6] ਕਰਿ ਆਦਿ ਪੁਰਖ ਆਦੇਸ ਵਹੇਲਾ।
ਸਿਫਤਿ ਸਲਾਹਣੁ ਅੰਮ੍ਰਿਤੁ ਵੇਲਾ ॥ ੨੦ ॥ ੭ ॥

1. ਤਾਰ। 2. ਕੱਛੂ। 3. ਨਵੀਨ। 4. ਸੁਗਮ। 5. ਈਸ਼ਵਰ। 6. ਨਮਸਕਾਰ। ਦੇਸ਼, ਕਾਲ ਵਸਤੂ ਦੇ ਭੇਦ ਤੋਂ ਰਹਿਤ ਹੈ।

## ਸੋਰਠਿ ਮਹਲਾ ੩ ਘਰੁ ੧ ਤਿਤੁਕੀ
## ੴ ਸਤਿਗੁਰ ਪ੍ਰਸਾਦਿ ॥
## ਆਦਿ ਗ੍ਰੰਥ, ਪੰਨਾ ੬੩੭

**ਭਗਤਾ ਦੀ ਸਦਾ ਤੂ ਰਖਦਾ ਹਰਿ ਜੀਉ**
**ਧੁਰਿ ਤੂ ਰਖਦਾ ਆਇਆ ॥**
ਪ੍ਰਹਿਲਾਦ ਜਨ ਤੁਧੁ ਰਾਖਿ ਲਏ ਹਰਿ ਜੀਉ
ਹਰਣਾਖਸੁ ਮਾਰਿ ਪਚਾਇਆ ॥
ਗੁਰਮੁਖਾ ਨੋ ਪਰਤੀਤਿ ਹੈ ਹਰਿ ਜੀਉ
ਮਨਮੁਖ ਭਰਮਿ ਭੁਲਾਇਆ ॥ ੧ ॥
ਹਰਿ ਜੀ ਏਹ ਤੇਰੀ ਵਡਿਆਈ ॥
**ਭਗਤਾ ਕੀ ਪੈਜ ਰਖੁ ਤੂ ਸੁਆਮੀ**
**ਭਗਤ ਤੇਰੀ ਸਰਣਾਈ ॥ ਰਹਾਉ ॥**
ਭਗਤਾ ਨੋ ਜਮੁ ਜੋਹਿ[1] ਨ ਸਾਕੈ
ਕਾਲੁ ਨ ਨੇੜੈ ਜਾਈ ॥
ਕੇਵਲ ਰਾਮ ਨਾਮੁ ਮਨਿ ਵਸਿਆ
ਨਾਮੇ ਹੀ ਮੁਕਤਿ ਪਾਈ ॥
ਰਿਧਿ ਸਿਧਿ ਸਭ ਭਗਤਾ ਚਰਣੀ ਲਾਗੀ
ਗੁਰ ਕੈ ਸਹਜਿ ਸੁਭਾਈ ॥ ੨ ॥

1. ਤਾੜਨਾ।



## ਭਾਈ ਗੁਰਦਾਸ ਜੀ
## ਵਾਰ ੧੦ ਪਉੜੀ ੮

ਅੰਦਰਿ ਸਭਾ ਦੁਸਾਸਣੈ ਮਥੇਵਾਲਿ[1] ਦ੍ਰੋਪਤੀ ਆਂਦੀ।
ਦੂਤਾਂ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ[2] ਬਾਂਦੀ[3]।
ਪੰਜੇ ਪਾਂਡੋ ਵੇਖਦੇ ਅਉਘਟਿ ਰੁਧੀ[4] ਨਾਰਿ ਜਿਨਾ ਦੀ।
ਅਖੀ ਮੀਟ ਧਿਆਨੁ ਧਰਿ ਹਾਹਾਕ੍ਰਿਸਨ ਕਰੈ ਬਿਲਲਾਂਦੀ।
ਕਪੜ ਕੋਟੁ ਉਸਾਰਿਓਨੁ ਥਕੇ ਦੂਤ ਨ ਪਾਰਿ ਵਸਾਂਦੀ।
ਹਥ ਮਰੋੜਨਿ ਸਿਰੁ ਧੁਣਨਿ ਪਛੋਤਾਨਿ ਕਰਨਿ ਜਾਹਿ ਜਾਂਦੀ।
**ਘਰਿ ਆਈ ਠਾਕੁਰ ਮਿਲੇ ਪੈਜ ਰਹੀ ਬੋਲੇ ਸ਼ਰਮਾਂਦੀ।**
**ਨਾਥ ਅਨਾਥਾਂ ਬਾਣਿ ਧੁਰਾਂਦੀ ॥ ੮ ॥**

1. ਜੂੜੇ ਤੋਂ ਫੜ ਕੇ। 2. ਪੰਚਾਲ, ਪੰਜਾਬ ਦੀ ਜਾਈ। 3. ਦਾਸੀ। 4. ਔਕੜ ਵਿਚ ਫਸੀ।

## ਪਉੜੀ (ਵਡਹੰਸ ਕੀ ਵਾਰ)
## ਆਦਿ ਗ੍ਰੰਥ, ਪੰਨਾ ੫੯੩

**ਧੰਨੁ ਧੰਨੁ ਸੋ ਗੁਰਸਿਖੁ ਕਹੀਐ**
**ਜੋ ਸਤਿਗੁਰ ਚਰਣੀ ਜਾਇ ਪਇਆ॥**
ਧੰਨੁ ਧੰਨੁ ਸੋ ਗੁਰਸਿਖੁ ਕਹੀਐ
ਜਿਨਿ ਹਰਿ ਨਾਮਾ ਮੁਖਿ ਰਾਮੁ ਕਹਿਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ
ਜਿਸੁ ਹਰਿ ਨਾਮਿ ਸੁਣਿਐ ਮਨਿ ਅਨਦੁ ਭਇਆ॥
ਧੰਨੁ ਧੰਨੁ ਸੋ ਗੁਰਸਿਖੁ ਕਹੀਐ
ਜਿਨਿ ਸਤਿਗੁਰ ਸੇਵਾ ਕਰਿ ਹਰਿ ਨਾਮੁ ਲਇਆ॥
ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ
ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ॥੧੮॥



## ਭਾਈ ਗੁਰਦਾਸ ਜੀ
## ਵਾਰ ੩ ਪਉੜੀ ੨੦

**ਸਤਿਗੁਰ ਸਰਣੀ ਜਾਇ ਸੀਸੁ ਨਿਵਾਇਆ।**
**ਗੁਰ ਚਰਣੀ ਚਿਤੁ ਲਾਇ ਮਥਾ ਲਾਇਆ।**
ਗੁਰਮਤਿ ਰਿਦੈ ਵਸਾਇ ਆਪੁ ਗਵਾਇਆ।
ਗੁਰਮੁਖਿ ਸਹਜਿ ਸੁਭਾਇ ਭਾਣਾ ਭਾਇਆ।
ਸਬਦਿ ਸੁਰਤਿ ਲਿਵਲਾਇ ਹੁਕਮੁ ਕਮਾਇਆ।
ਸਾਧ ਸੰਗਤਿ ਭੈ ਭਾਇ ਨਿਜ ਘਰੁ ਪਾਇਆ।
ਚਰਣ ਕਵਲ ਪਤੀਆਇ ਭਵਰੁ ਲੁਭਾਇਆ।
ਸੁਖ ਸੰਪਟ ਪਰਚਾਇ[1] ਅਪਿਓ ਪੀਆਇਆ।
ਧੰਨੁ ਜਣੇਦੀ ਮਾਇ ਸਹਿਲਾ[2] ਆਇਆ॥੨੦॥

1. ਪ੍ਰੇਮ ਕਰਕੇ। 2. ਸਫਲਾ।

## ਆਸਾ ਮਹਲਾ ੪ ਛੰਤ
## ਆਦਿ ਗ੍ਰੰਥ, ਪੰਨਾ ੪੪੮

ਵਡਾ ਮੇਰਾ ਗੋਵਿੰਦੁ ਅਗਮ[1] ਅਗੋਚਰੁ[2]
**ਆਦਿ[3] ਨਿਰੰਜਨੁ[4] ਨਿਰੰਕਾਰੁ ਜੀਉ ॥**
**ਤਾ ਕੀ ਗਤਿ ਕਹੀ ਨ ਜਾਈ ਅਮਿਤਿ[5] ਵਡਿਆਈ**
**ਮੇਰਾ ਗੋਵਿੰਦੁ ਅਲਖ ਅਪਾਰ ਜੀਉ ॥**
ਗੋਵਿੰਦੁ ਅਲਖ ਅਪਾਰੁ ਅਪਰੰਪਰੁ[6]
ਆਪੁ ਆਪਣਾ ਜਾਣੈ ॥
ਕਿਆ ਇਹ ਜੰਤ ਵਿਚਾਰੇ ਕਹੀਅਹਿ
ਜੋ ਤੁਧੁ ਆਖਿ ਵਖਾਣੈ ॥
ਜਿਸ ਨੋ ਨਦਰਿ ਕਰਹਿ ਤੂੰ ਅਪਣੀ
ਸੋ ਗੁਰਮੁਖਿ ਕਰੇ ਵੀਚਾਰੁ ਜੀਉ ॥
**ਵਡਾ ਮੇਰਾ ਗੋਵਿੰਦੁ ਅਗਮ ਅਗੋਚਰੁ**
**ਆਦਿ ਨਿਰੰਜਨੁ ਨਿਰੰਕਾਰੁ ਜੀਉ ॥ ੧ ॥**

## ਜਪੁ ਜੀ ਸਾਹਿਬ ਪਉੜੀ ੩੭

... ... ...

**ਨਾਨਕ ਕਥਨਾ ਕਰੜਾ ਸਾਰੁ ॥ ੩੭ ॥**

1. ਅਪਹੁੰਚ। 2. ਗਿਆਨ ਇੰਦਰੀਆਂ ਤੋਂ ਪਰ੍ਹੇ। 3. ਸਭ ਦਾ ਮੂਲ। 4. ਮਾਇਆ ਰਹਿਤ, ਨਿਰੰਕਾਰ, ਅਕਾਰ ਰਹਿਤ। 5. ਗਿਣਤੀ ਮਿਣਤੀ ਤੋਂ ਰਹਿਤ। 6. ਪਰ੍ਹੇ ਤੋਂ ਪਰ੍ਹੇ।



## ਭਾਈ ਗੁਰਦਾਸ ਜੀ
## ਵਾਰ ੭ ਪਉੜੀ ੧੯

**ਵੇਦ ਕਤੇਬਹੁ ਬਾਹਰਾ ਲੇਖ ਅਲੇਖ ਨ ਲਖਿਆ ਜਾਈ।**
**ਰੂਪੁ ਅਨੂਪੁ ਅਚਰਜੁ ਹੈ ਦਰਸਨੁ ਦ੍ਰਿਸਟਿ ਅਗੋਚਰ ਭਾਈ।**
ਇਕੁ ਕਵਾਉ[1] ਪਸਾਉ ਕਰਿ ਤੋਲੁ[2] ਨ ਤੁਲਾਧਾਰ[3] ਨ ਸਮਾਈ।
ਕਥਨੀ[4] ਬਦਨੀ[5] ਬਾਹਰਾ ਥਕੈ ਸਬਦੁ ਸੁਰਤਿ ਲਿਵਲਾਈ।
ਮਨ ਬਚ ਕਰਮ ਅਗੋਚਰਾ ਮਤਿ ਬੁਧਿ ਸਾਧਿ ਸੋਝੀ ਥਕਿ ਪਾਈ।
**ਅਛਲ ਅਛੇਦ ਅਭੇਦ ਹੈ ਭਗਤਿ ਵਛਲੁ ਸਾਧ ਸੰਗਤਿ ਛਾਈ[6]।**
**ਵਡਾ ਆਪਿ ਵਡੀ ਵਡਿਆਈ ॥ ੧੯ ॥**

1. ਵਾਕ। 2. ਤੋਲਣਾ, ਪਸਾਰਾ। 3. ਤੱਕੜੀ। 4. ਕਥਾ। 5. ਕਵੀਸ਼ਰੀ। 6. ਸਥਿਤੀ।

## ਗਉੜੀ ਗੁਆਰੇਰੀ ਮਹਲਾ ੫
## ਆਦਿ ਗ੍ਰੰਥ, ਪੰਨਾ ੧੭੬

ਕਈ ਜਨਮ ਭਏ ਕੀਟ ਪਤੰਗਾ ॥
ਕਈ ਜਨਮ ਗਜ[1] ਮੀਨ ਕੁਰੰਗਾ[2] ॥
ਕਈ ਜਨਮ ਪੰਖੀ ਸਰਪ ਹੋਇਓ ॥
ਕਈ ਜਨਮ ਹੈਵਰ[3] ਬ੍ਰਿਖ[4] ਜੋਇਓ ॥ ੧ ॥
ਮਿਲੁ ਜਗਦੀਸ ਮਿਲਨ ਕੀ ਬਰੀਆ ॥
ਚਿਰੰਕਾਲ ਇਹ ਦੇਹ ਸੰਜਰੀਆ[5] ॥ ੧ ॥ ਰਹਾਉ ॥
ਕਈ ਜਨਮ ਸੈਲ ਗਿਰਿ[6] ਕਰਿਆ ॥
ਕਈ ਜਨਮ ਗਰਭ ਹਿਰਿ ਖਰਿਆ ॥
ਕਈ ਜਨਮ ਸਾਖ ਕਰਿ ਉਪਾਇਆ ॥
**ਲਖ ਚਉਰਾਸੀਹ ਜੋਨਿ ਭ੍ਰਮਾਇਆ ॥ ੨ ॥**
ਸਾਧਸੰਗਿ ਭਇਓ ਜਨਮੁ ਪਰਾਪਤਿ ॥
ਕਰਿ ਸੇਵਾ ਭਜੁ ਹਰਿ ਹਰਿ ਗੁਰਮਤਿ ॥
ਤਿਆਗਿ ਮਾਨੁ ਝੂਠੁ ਅਭਿਮਾਨੁ ॥
ਜੀਵਤ ਮਰਹਿ ਦਰਗਹ ਪਰਵਾਨੁ ॥ ੩ ॥
ਜੋ ਕਿਛੁ ਹੋਆ ਸੁ ਤੁਝ ਤੇ ਹੋਗੁ ॥
ਅਵਰੁ ਨ ਦੂਜਾ ਕਰਣੈ ਜੋਗੁ ॥
ਤਾ ਮਿਲੀਐ ਜਾ ਲੈਹਿ ਮਿਲਾਇ ॥
ਕਹੁ ਨਾਨਕ ਹਰਿ ਹਰਿ ਗੁਣ ਗਾਇ ॥ ੪ ॥ ੩ ॥ ੭੨ ॥

1. ਹਾਥੀ। 2. ਹਿਰਨ। 3. ਘੋੜੇ। 4. ਬੈਲ। 5. ਸਾਜੀ ਗਈ। 6. ਪੱਥਰ, ਪਹਾੜ।



## ਭਾਈ ਗੁਰਦਾਸ ਜੀ
## ਵਾਰ ੧ ਪਉੜੀ ੩

**ਚਉਰਾਸੀਹ ਲਖ ਜੋਨਿ ਵਿਚਿ ਉਤਮੁ ਜਨਮੁ ਸੁ ਮਾਣਸਿ ਦੇਹੀ।**
ਅਖੀ ਵੇਖਣੁ ਕਰਨਿ ਸੁਣਿ ਮੁਖਿ ਸੁਭਿ ਬੋਲਣਿ ਬਚਨ ਸਨੇਹੀ।
ਹਥੀ ਕਾਰ ਕਮਾਵਣੀ ਪੈਰੀ ਚਲਿ ਸਤਿਸੰਗਿ ਮਿਲੇਹੀ।
ਕਿਰਤਿ ਵਿਰਤਿ ਕਰਿ ਧਰਮ ਦੀ ਖਟਿ ਖਵਾਲਣੁ ਕਾਰਿ ਕਰੇਹੀ।
ਗੁਰਮੁਖਿ ਜਨਮੁ ਸਕਾਰਥਾ ਗੁਰਬਾਣੀ ਪੜ੍ਹਿ ਸਮਝਿ ਸੁਣੇਹੀ।
ਗੁਰ ਭਾਈ ਸੰਤੁਸਟਿ ਕਰਿ ਚਰਣਾਮ੍ਰਿਤੁ ਲੈ ਮੁਖਿ ਪਿਵੇਹੀ।
ਪੈਰੀ ਪਵਣੁ ਨ ਛੋਡੀਐ ਕਲੀ ਕਾਲਿ ਰਹਰਾਸਿ ਕਰੇਹੀ।
ਆਪਿ ਤਰੇ ਗੁਰ ਸਿਖ ਤਰੇਹੀ ॥ ੩ ॥

## **ਵਡਹੰਸੁ ਮਹਲਾ ੩ ॥**
## **ਆਦਿ ਗ੍ਰੰਥ, ਪੰਨਾ ੫੬੦**

**ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥**
ਹਉਮੈ ਵਿਚਿ ਸੇਵਾ ਨ ਹੋਵਈ ਤਾ ਮਨੁ ਬਿਰਥਾ ਜਾਇ॥੧॥
ਹਰਿ ਚੇਤਿ ਮਨ ਮੇਰੇ ਤੂ ਗੁਰ ਕਾ ਸਬਦੁ ਕਮਾਇ॥
ਹੁਕਮੁ ਮੰਨਹਿ ਤਾ ਹਰਿ ਮਿਲੈ ਤਾ ਵਿਚਹੁ ਹਉਮੈ ਜਾਇ॥ ਰਹਾਉ॥
ਹਉਮੈ ਸਭੁ ਸਰੀਰੁ ਹੈ ਹਉਮੈ ਓਪਤਿ[1] ਹੋਇ॥
ਹਉਮੈ ਵਡਾ ਗੁਬਾਰੁ ਹੈ ਹਉਮੈ ਵਿਚਿ ਬੁਝਿ ਨ ਸਕੈ ਕੋਇ॥੨॥
ਹਉਮੈ ਵਿਚਿ ਭਗਤਿ ਨ ਹੋਵਈ ਹੁਕਮੁ ਨ ਬੁਝਿਆ ਜਾਇ॥
ਹਉਮੈ ਵਿਚਿ ਜੀਉ ਬੰਧੁ ਹੈ ਨਾਮੁ ਨ ਵਸੈ ਮਨਿ ਆਇ॥੩॥
ਨਾਨਕ ਸਤਗੁਰਿ ਮਿਲਿਐ ਹਉਮੈ ਗਈ ਤਾ ਸਚੁ ਵਸਿਆ ਮਨਿ ਆਇ॥
ਸਚੁ ਕਮਾਵੈ ਸਚਿ ਰਹੈ ਸਚੇ ਸੇਵਿ ਸਮਾਇ॥੪॥੯॥੧੨॥

## **ਸਲੋਕ ਮਹਲਾ ੪, ਪੰਨਾ ੧੩੧੭**

**ਮਨ ਅੰਤਰਿ ਹਉਮੈ ਰੋਗੁ ਹੈ**
**ਭ੍ਰਮਿ ਭੂਲੇ ਮਨਮੁਖ ਦੁਰਜਨਾ॥**
ਨਾਨਕ ਰੋਗੁ ਵਵਾਇ ਮਿਲ
ਸਤਿਗੁਰ ਸਾਧੂ ਸਜਨਾ॥੧॥

1. ਉਤਪਤੀ।



## **ਭਾਈ ਗੁਰਦਾਸ ਜੀ**
## **ਵਾਰ ੧੭ ਪਉੜੀ ੫**

ਵਣਵਣ ਵਿਚਿ ਵਣਾਸਪਤਿ[1] ਇਕੋ ਧਰਤੀ ਇਕੋ ਪਾਣੀ।
ਰੰਗ ਬਰੰਗੀ ਫੁਲ ਫਲ ਸਾਦ[2] ਸੁਗੰਧ ਸਨਬੰਧ ਵਿਡਾਣੀ[3]।
ਉਚਾ ਸਿੰਮਲੁ ਝੰਟੁਲਾ[4] ਨਿਹਫਲੁ ਚੀਲੁ ਚੜ੍ਹੈ ਅਸਮਾਣੀ।
ਜਲਦਾ ਵਾਂਸੁ ਵਢਾਈਐ ਵੰਝੁਲੀਆਂ[5] ਵਜਨਿ ਬਿਬਾਣੀ[6]।
ਚੰਦਨ ਵਾਸੁ ਵਣਾਸਪਤਿ ਵਾਸੁ ਰਹੈ ਨਿਰਗੰਧ[7] ਰਵਾਣੀ[8]।
ਸਾਧ ਸੰਗਤਿ ਗੁਰ ਸਬਦੁ ਸੁਣਿ ਰਿਦੈ ਨ ਵਸੈ ਅਭਾਗ ਪਰਾਣੀ।
**ਹਉਮੈ ਅੰਦਰਿ ਭਰਮਿ ਭੁਲਾਣੀ॥੫॥**

1. ਜੰਗਲ, ਬਾਗ। 2. ਸੁਆਦ। 3. ਅਚਰਜ। 4. ਫੈਲਾਉ ਵਾਲਾ, ਉਪਰੋਂ ਫੈਲਿਆ ਹੋਇਆ। 5. ਬਾਂਸਰੀਆਂ। 6. ਜੰਗਲ। 7. ਗੰਧੀ ਰਹਿਤ। 8. ਬਿਰਥਾ ਸ਼ਬਦ ਕਰਨਾ।

## ਰਾਮਕਲੀ ਕੀ ਵਾਰ ਮਹਲਾ ੫
## ਆਦਿ ਗ੍ਰੰਥ, ਪੰਨਾ ੯੫੯

ਮਨਮੁਖਾ ਕੇਰੀ[1] ਦੋਸਤੀ ਮਾਇਆ ਕਾ ਸਨਬੰਧੁ[2] ॥
ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ[3] ॥
ਜਿਚਰੁ[4] ਪੈਨਨਿ ਖਾਵਨ੍ਹੇ ਤਿਚਰੁ[5] ਰਖਨਿ ਗੰਢੁ ॥
ਜਿਤੁ ਦਿਨਿ ਕਿਛੁ ਨ ਹੋਵਈ ਤਿਤੁ ਦਿਨਿ ਬੋਲਨਿ ਗੰਧੁ ॥
ਜੀਅ ਕੀ ਸਾਰ ਨ ਜਾਣਨੀ ਮਨਮੁਖ ਅਗਿਆਨੀ ਅੰਧੁ ॥
ਕੂੜਾ ਗੰਢੁ ਨ ਚਲਈ ਚਿਕੜਿ ਪਥਰ ਬੰਧੁ ॥
ਅੰਧੇ ਆਪੁ ਨ ਜਾਣਨੀ ਫਕੜੁ ਪਿਟਨਿ ਧੰਧੁ[6] ॥
**ਝੂਠੈ ਮੋਹਿ ਲਪਟਾਇਆ ਹਉ ਹਉ ਕਰਤ ਬਿਹੰਧੁ[7] ॥**
ਕ੍ਰਿਪਾ ਕਰੇ ਜਿਸੁ ਆਪਣੀ ਧੁਰਿ ਪੂਰਾ ਕਰਮੁ ਕਰੇਇ ॥
ਜਨ ਨਾਨਕ ਸੇ ਜਨ ਉਬਰੇ ਜੋ ਸਤਿਗੁਰ ਸਰਣਿ ਪਰੇ ॥ ੨ ॥

1. ਦੀ। 2. ਜੋੜ। 3. ਰਿਸ਼ਤੇਦਾਰ। 4. ਜਿੰਨਾ ਚਿਰ। 5. ਉਤਨਾ ਚਿਰ। 6. ਫਜ਼ੂਲ ਧੰਧਾ ਪਿਟਦੇ ਹਨ। 7. ਸਾਰੀ ਉਮਰ।



## ਭਾਈ ਗੁਰਦਾਸ ਜੀ
## ਵਾਰ ੩੪ ਪਉੜੀ ੭

ਭੇਡੈ ਪੂਛਲਿ ਲਗਿਆਂ ਕਿਉ ਪਾਰਿ ਲੰਘੀਐ।
ਭੂਤੈ ਕੇਰੀ ਦੋਸਤੀ ਨਿਤ ਸਹਸਾ[1] ਜੀਐ।
ਨਦੀ ਕਿਨਾਰੈ ਰੁਖੜਾ ਵੇਸਾਹੁ ਨ ਕੀਐ।
ਮਿਰਤਕ ਨਾਲਿ ਵੀਆਹੀਐ ਸੋਹਾਗੁ ਨ ਥੀਐ।
ਵਿਸੁ ਹਲਾਹਲ ਬੀਜਿ ਕੈ ਕਿਉ ਅਮਿਉ ਲਹੀਐ।
**ਬੇਮੁਖ ਸੇਤੀ ਪਿਰਹੜੀ ਜਮ ਡੰਡੁ ਸਹੀਐ ॥ ੭ ॥**

1. ਸੰਸਾ।

## ਪਉੜੀ ਬਾਵਨ ਅਖਰੀ ਮਹਲਾ ੫
## ਆਦਿ ਗ੍ਰੰਥ, ਪੰਨਾ ੨੫੨

ਆਇਆ ਸਫਲ ਤਾਹੂ ਕੋ ਗਨੀਐ॥
ਜਾਸੁ[1] ਰਸਨ ਹਰਿ ਹਰਿ ਜਸੁ ਭਨੀਐ[2]॥
ਆਇ ਬਸਹਿ ਸਾਧੂ[3] ਕੈ ਸੰਗੈ॥
ਅਨਦਿਨੁ ਨਾਮ ਧਿਆਵਹਿ ਰੰਗੈ[4]॥
ਆਵਤ ਸੋ ਜਨੁ ਨਾਮਹਿ ਰਾਤਾ॥
ਜਾ ਕਉ ਦਇਆ ਮਇਆ ਬਿਧਾਤਾ[5]॥
**ਏਕਹਿ ਆਵਨ ਫਿਰਿ ਜੋਨਿ ਨ ਆਇਆ॥**
**ਨਾਨਕ ਹਰਿ ਕੈ ਦਰਸਿ ਸਮਾਇਆ॥**

1. ਜਿਸ। 2. ਉਚਾਰਨ ਕੀਤਾ ਜਾਂਦਾ ਹੈ। 3. ਸਤਿਗੁਰ। 4. ਪ੍ਰੇਮ ਸਹਿਤ। 5. ਪ੍ਰਭੂ।



## ਭਾਈ ਗੁਰਦਾਸ ਜੀ
## ਵਾਰ ੧੯ ਪਉੜੀ ੧੪

ਗੁਰਮੁਖਿ ਜਨਮੁ ਸਵਾਰਿ ਦਰਗਹ ਚਲਿਆ।
ਸਚੀ ਦਰਗਹ ਜਾਇ ਸਚਾ ਪਿੜੁ[1] ਮਲਿਆ।
ਗੁਰਮੁਖਿ ਭੋਜਨੁ ਭਾਉ ਚਾਉ ਅਲਲਿਆ[2]।
ਗੁਰਮੁਖਿ ਨਿਹਚਲੁ ਚਿਤੁ ਨ ਹਲੈ ਹਲਿਆ।
ਗੁਰਮੁਖਿ ਸਚ ਅਲਾਉ ਭਲੀ ਹੂੰ ਭਲਿਆ।
**ਗੁਰਮੁਖਿ ਸਦੇ ਜਾਨਿ ਆਵਨਿ ਘਲਿਆ॥੧੪॥**

1. ਦਾਵਾ, ਮੈਦਾਨ ਭਾਵ ਸਿਦਕ। 2. ਥਿਰ ਅਡੋਲ।

## ਰਾਗ ਸੋਰਠਿ ਮਹਲਾ ੧
## ਆਦਿ ਗ੍ਰੰਥ, ਪੰਨਾ ੫੯੭

ਅਲਖ[1] ਅਪਾਰ ਅਗੰਮ[2] ਅਗੋਚਰ ਨਾ ਤਿਸੁ ਕਾਲੁ ਨ ਕਰਮਾ॥
ਜਾਤਿ ਅਜਾਤਿ ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ॥੧॥
ਸਾਚੇ ਸਚਿਆਰ ਵਿਟਹੁ ਕੁਰਬਾਣੁ॥
ਨਾ ਤਿਸੁ ਰੂਪ ਵਰਨੁ ਨਹੀ ਰੇਖਿਆ ਸਾਚੈ ਸਬਦਿ ਨੀਸਾਣੁ॥ ਰਹਾਉ॥
ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨਾ ਤਿਸੁ ਕਾਮੁ ਨ ਨਾਰੀ॥
**ਅਕੁਲ ਨਿਰੰਜਨ ਅਪਰ ਪਰੰਪਰੁ ਸਗਲੀ ਜੋਤਿ ਤੁਮਾਰੀ॥੨॥**
**ਘਟ ਘਟ ਅੰਤਰਿ ਬ੍ਰਹਮੁ ਲੁਕਾਇਆ ਘਟਿ ਘਟਿ ਜੋਤਿ ਸਬਾਈ॥**
ਬਜਰ ਕਪਾਟ ਮੁਕਤੇ ਗੁਰਮਤੀ ਨਿਰਭੈ ਤਾੜੀ ਲਾਈ॥੩॥
ਜੰਤ ਉਪਾਇ ਕਾਲੁ ਸਿਰਿ ਜੰਤਾ ਵਸਗਤਿ ਜੁਗਤਿ ਸਬਾਈ॥
ਸਤਿਗੁਰੁ ਸੇਵਿ ਪਦਾਰਥੁ ਪਾਵਹਿ ਛੂਟਹਿ ਸਬਦੁ ਕਮਾਈ॥੪॥
ਸੂਚੈ ਭਾਡੈ ਸਾਚੁ ਸਮਾਵੈ ਵਿਰਲੇ ਸੂਚਾਚਾਰੀ॥
ਤੰਤੈ ਕਉ ਪਰਮ ਤੰਤੁ ਮਿਲਾਇਆ ਨਾਨਕ ਸਰਣਿ ਤੁਮਾਰੀ॥੫॥੬॥

1. ਜਿਸਨੂੰ ਸਮਝ ਨ ਸਕੀਏ। 2. ਅਸਚਰਜ।



## ਭਾਈ ਗੁਰਦਾਸ ਜੀ
## ਵਾਰ ੧੬ ਪਉੜੀ ੧੭

**ਅਗਮਹੁ ਅਗਮੁ ਅਗੰਮੁ[1] ਹੈ ਅਗਮੁ ਅਗਮੁ ਅਤਿ ਅਗਮੁ ਸੁਣਾਏ।**
ਅਲਖਹੁ ਅਲਖੁ ਅਲਖੁ ਹੈ ਅਲਖੁ ਅਲਖੁ[2] ਲਖ ਅਲਖੁ ਧਿਆਏ।
**ਅਪਰੰਪਰੁ[3] ਅਪਰੰਪਰਹੁੰ ਅਪਰੰਪਰੁ ਅਪਰੰਪਰੁ ਭਾਏ।**
ਆਗੋਚਰੁ[4] ਆਗੋਚਰਹੁੰ ਆਗੋਚਰੁ ਆਗੋਚਰਿ ਜਾਏ।
ਪਾਰਬ੍ਰਹਮੁ ਪੂਰਨ ਬ੍ਰਹਮੁ ਸਾਧ ਸੰਗਤਿ ਆਗਾਧਿ ਅਲਾਏ।
ਗੁਰਮੁਖਿ ਸੁਖਫਲੁ ਪਿਰਮ ਰਸੁ ਭਗਤਿ ਵਛਲੁ ਹੋਇ ਅਛਲੁ ਛਲਾਏ।
ਵੀਹ ਇਕੀਹ[5] ਚੜ੍ਹਾਉ ਚੜ੍ਹਾਏ॥੧੭॥

1. ਮਨ ਬਾਣੀ ਤੋਂ ਪਰੇ। 2. ਜੋ ਦ੍ਰਿਸ਼ਟੀ ਦਾ ਵਿਸ਼ਾ ਨਹੀਂ। 3. ਪਰੇ ਤੋਂ ਪਰੇ। 4. ਇੰਦਰੀਆਂ ਥੋਂ ਅਵਿਸ਼ਯ। 5. (ਇਕ+ਈਹ=ਇੱਛਾ) ਇਕ ਇੱਛਾ।

## ਗੋਂਡ ਕਬੀਰ ਜੀਉ
## ਆਦਿ ਗ੍ਰੰਥ, ਪੰਨਾ ੮੭੦

**ਨਰੂ[1] ਮਰੈ ਨਰੁ ਕਾਮਿ[2] ਨ ਆਵੈ ॥**
**ਪਸੂ ਮਰੈ ਦਸ ਕਾਜ ਸਵਾਰੈ ॥੧॥**
ਅਪਨੇ ਕਰਮ ਕੀ ਗਤਿ[3] ਮੈ ਕਿਆ ਜਾਨਉ[4] ॥
ਮੈ ਕਿਆ ਜਾਨਉ ਬਾਬਾ ਰੇ ॥੧॥ ਰਹਾਉ ॥
ਹਾਡ ਜਲੇ ਜੈਸੇ ਲਕਰੀ ਕਾ ਤੂਲਾ[5] ॥
ਕੇਸ ਜਲੇ ਜੈਸੇ ਘਾਸ ਕਾ ਪੂਲਾ ॥੨॥
ਕਹੁ ਕਬੀਰ ਤਬ ਹੀ ਨਰੁ ਜਾਗੈ ॥
ਜਮ ਕਾ ਡੰਡੁ[6] ਮੂੰਡ[7] ਮਹਿ ਲਾਗੈ ॥੩॥੨॥

1. ਨਰ, ਮਨੁੱਖ। 2. ਕਿਸੇ ਵੀ ਕੰਮ ਵਿਚ। 3. ਕਰਮਾਂ ਦੀ ਗਤੀ (ਹਾਲਤ)। 4. ਕੀ ਜਾਣਾ? 5. ਲੱਕੜੀ ਦਾ ਗੱਤਾ। 6. ਡੰਡਾ। 7. ਸਿਰ ਵਿਚ।



## ਭਾਈ ਗੁਰਦਾਸ ਜੀ
## ਵਾਰ ੧੪ ਪਉੜੀ ੧੧

ਦੁਧੁ ਦੇਇ ਖੜੁ[1] ਖਾਇ ਨ ਆਪੁ ਗਣਾਇਆ।
ਦੁਧਹੁ ਦਹੀ ਜਮਾਇ ਘਿਉ ਨਿਪਜਾਇਆ[2]।
ਗੋਹਾ ਮੂਤੁ ਲਿੰਬਾਇ ਪੂਜ ਕਰਾਇਆ।
ਛਤੀਹ ਅੰਮ੍ਰਿਤੁ ਖਾਇ ਕੁਚੀਲ[3] ਕਰਾਇਆ।
ਸਾਧ ਸੰਗਤਿ ਚਲਿ ਜਾਇ ਸਤਿਗੁਰੁ ਧਿਆਇਆ।
**ਸਫਲ ਜਨਮੁ ਜਗਿ ਆਇ ਸੁਖ ਫਲ ਪਾਇਆ ॥੧੧॥**

1. ਘਾਹ। 2. ਕਢਵਾਇਆ। 3. ਵਿਸ਼ਟਾ।

## ਗਉੜੀ ਮਹਲਾ ੫
## ਆਦਿ ਗ੍ਰੰਥ, ਪੰਨਾ ੧੯੮

**ਦੁਲਭ[1] ਦੇਹ ਪਾਈ ਵਡਭਾਗੀ[2] ॥**
ਨਾਮੁ ਨ ਜਪਹਿ ਤੇ ਆਤਮ ਘਾਤੀ[3] ॥ ੧ ॥
ਮਰਿ ਨ ਜਾਹੀ ਜਿਨਾ ਬਿਸਰਤ ਰਾਮ ॥
ਨਾਮ ਬਿਹੂਨ ਜੀਵਨ ਕਉਨ ਕਾਮ ॥ ੧ ॥ ਰਹਾਉ ॥
ਖਾਤ ਪੀਤ ਖੇਲਤ ਹਸਤ ਬਿਸਥਾਰ[4] ॥
ਕਵਨ ਅਰਥ[5] ਮਿਰਤਕ ਸੀਗਾਰ ॥ ੨ ॥
ਜੋ ਨ ਸੁਨਹਿ ਜਸੁ ਪਰਮਾਨੰਦਾ ॥
**ਪਸੁ ਪੰਖੀ ਤ੍ਰਿਗਦ ਜੋਨਿ ਤੇ ਮੰਦਾ ॥ ੩ ॥**
ਕਹੁ ਨਾਨਕ ਗੁਰਿ ਮੰਤ੍ਰੁ ਦ੍ਰਿੜਾਇਆ ॥
ਕੇਵਲ ਨਾਮੁ ਰਿਦ ਮਾਹਿ ਸਮਾਇਆ ॥ ੪ ॥ ੪੨ ॥ ੧੧੧ ॥

1. ਜਿਹੜੀ ਲੱਭਣੀ ਔਖੀ ਹੋਵੇ। 2. ਵੱਡੇ ਭਾਗਾਂ ਨਾਲ। 3. ਆਤਮਾ ਦਾ ਘਾਤ (ਕਤਲ) ਕਰਨ ਵਾਲੇ। 4. ਖਿਲਾਰਾ। 5. ਕਿਸ ਕੰਮ।



## ਭਾਈ ਗੁਰਦਾਸ ਜੀ
## ਵਾਰ ੧੫ ਪਉੜੀ ੩

**ਲਖ ਚਉਰਾਸੀਹ ਜੂਨਿ ਵਿਚਿ ਉਤਮੁ ਜੂਨਿ ਸੁ ਮਾਣਸ ਦੇਹੀ।**
ਅਖੀ ਦੇਖੈ ਨਦਰਿ ਕਰਿ ਜਿਹਬਾ ਬੋਲੈ ਬਚਨ ਬਿਦੇਹੀ[1]।
ਕੰਨੀ ਸੁਣਦਾ ਸੁਰਤਿ[2] ਕਰਿ ਵਾਸ ਲਏ ਨਕਿ ਸਾਸ ਸਨੇਹੀ।
ਹਥੀ ਕਿਰਤਿ ਕਮਾਵਣੀ ਪੈਰੀ ਚਲਣੁ ਜੋਤਿ[3] ਇਵੇਹੀ।
ਗੁਰਮੁਖਿ ਜਨਮੁ ਸਕਾਰਥਾ[4] ਮਨਮੁਖ ਮੂਰਤਿ ਮਤਿ ਕਿਨੇਹੀ[5]।
ਕਰਤਾ ਪੁਰਖੁ ਵਿਸਾਰਿਕੈ ਮਾਣਸ ਦੀ ਮਨਿ ਆਸ ਧਰੇਹੀ।
**ਪਸੂ ਪਰੇਤਹੁ ਬੁਰੀ ਬੁਰੇਹੀ[6] ॥ ੩ ॥**

1. ਲਿੰਗ ਸਰੀਰ। 2. ਗਯਾਤ। 3. ਸ਼ਕਤੀ। 4. ਸਫਲ। 5. ਕੈਸੀ ਹੈ? ਭਾਵ ਭੈੜੀ ਹੈ। 6. ਨਿਸਚੇ ਕਰਕੇ ਬੁਰੀ ਤੋਂ ਬੁਰੀ ਹੈ।

## ਸਲੋਕ ਮਹਲਾ ੪
## ਆਦਿ ਗ੍ਰੰਥ, ਪੰਨਾ ੩੧੨

ਸਤਿਗੁਰੁ ਪੁਰਖੁ ਅਗੰਮੁ ਹੈ
ਜਿਸੁ ਅੰਦਰਿ ਹਰਿ ਉਰਿ ਧਾਰਿਆ॥
ਸਤਿਗੁਰੂ ਨੋ ਅਪੜਿ ਕੋਇ ਨ ਸਕਈ
ਜਿਸੁ ਵਲਿ ਸਿਰਜਣਹਾਰਿਆ॥
ਸਤਿਗੁਰੂ ਕਾ ਖੜਗੁ[1] ਸੰਜੋਉ[2] ਹਰਿ ਭਗਤਿ ਹੈ
ਜਿਤੁ ਕਾਲੁ ਕੰਟਕੁ[3] ਮਾਰਿ ਵਿਡਾਰਿਆ[4]॥
ਸਤਿਗੁਰੂ ਕਾ ਰਖਣਹਾਰਾ ਹਰਿ ਆਪਿ ਹੈ
ਸਤਿਗੁਰੂ ਕੈ ਪਿਛੈ ਹਰਿ ਸਭਿ ਉਬਾਰਿਆ॥
ਜੋ ਮੰਦਾ ਚਿਤਵੈ ਪੂਰੇ ਸਤਿਗੁਰੂ ਕਾ
ਸੋ ਆਪਿ ਉਪਾਵਣਹਾਰੈ ਮਾਰਿਆ ॥
**ਏਹ ਗਲ ਹੋਵੈ ਹਰਿ ਦਰਗਹ ਸਚੇ ਕੀ**
**ਜਨ ਨਾਨਕ ਅਗਮੁ[5] ਵੀਚਾਰਿਆ॥ ੨॥**

1. ਖੰਡਾ। 2. ਜ਼ਰਾ ਬਖਤਰ। 3. ਕਾਲ ਰੂਪ ਕੰਡਾ। 4. ਪਰੇ ਕਰ ਲਿਆ ਹੈ। 5. ਅਪਹੁੰਚ।



## ਭਾਈ ਗੁਰਦਾਸ ਜੀ
## ਵਾਰ ੩੪ ਪਉੜੀ ੧

ਸਤਿਗੁਰ ਪੁਰਖੁ ਅਗੰਮੁ[1] ਹੈ ਨਿਰਵੈਰੁ ਨਿਰਾਲਾ[2]।
ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।
ਜੇਹਾ ਬੀਜੈ ਸੋ ਲੁਣੈ ਫਲੁ ਕਰਮ ਸਮ੍ਹਾਲਾ।
ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।
ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।
**ਸੇਵਕੁ ਦਰਗਹ ਸੁਰਖਰੂ ਵੇਮੁਖੁ ਮੁਹੁ ਕਾਲਾ॥੧॥**

1. ਮਨ ਬਾਣੀਓਂ ਪਰੇ। 2. ਨਿਰਲੇਪ।

## ਰਾਗ ਗਉੜੀ ਕਬੀਰ ਜੀ
## ਆਦਿ ਗ੍ਰੰਥ, ਪੰਨਾ ੩੨੪

ਨਗਨ ਫਿਰਤ ਜੌ ਪਾਈਐ ਜੋਗੁ ॥
ਬਨ ਕਾ ਮਿਰਗੁ ਮੁਕਤਿ ਸਭੁ ਹੋਗੁ ॥ ੧ ॥
ਕਿਆ ਨਾਗੇ ਕਿਆ ਬਾਧੇ ਚਾਮ ॥
ਜਬ ਨਹੀ ਚੀਨਸਿ ਆਤਮ ਰਾਮ ॥ ੧ ॥ ਰਹਾਉ ॥
ਮੂਡ[1] ਮੁੰਡਾਏ ਜੌ ਸਿਧਿ ਪਾਈ ॥
ਮੁਕਤੀ ਭੇਡ ਨ ਗਈਆ ਕਾਈ ॥ ੨ ॥
ਬਿੰਦੁ[2] ਰਾਖਿ ਜੌ ਤਰੀਐ ਭਾਈ ॥
ਖੁਸਰੈ ਕਿਉ ਨ ਪਰਮ ਗਤਿ ਪਾਈ ॥ ੩ ॥
ਕਹੁ ਕਬੀਰ ਸੁਨਹੁ ਨਰ ਭਾਈ ॥
**ਰਾਮ ਨਾਮ ਬਿਨੁ ਕਿਨਿ ਗਤਿ ਪਾਈ ॥ ੪ ॥**

1. ਸਿਰ। 2. ਇਕ ਔਖਾ ਥਾਂ (ਦਸ ਦਰਵਾਜ਼ੇ)।



## ਭਾਈ ਗੁਰਦਾਸ ਜੀ
## ਵਾਰ ੩੬ ਪਉੜੀ ੧੪

ਮਿਲੈ ਜਿ ਤੀਰਥਿ ਨਾਤਿਆਂ ਡਡਾਂ[1] ਜਲ ਵਾਸੀ।
ਵਾਲ ਵਧਾਇਆਂ ਪਾਈਐ ਬੜ[2] ਜਟਾਂ ਪਲਾਸੀ[3]।
ਨੰਗੇ ਰਹਿਆਂ ਜੇ ਮਿਲੈ ਵਣਿ ਮਿਰਗ ਉਦਾਸੀ।
ਭਸਮ ਲਾਇ ਜੇ ਪਾਈਐ ਖਰੁ ਖੇਹ ਨਿਵਾਸੀ।
ਜੇ ਪਾਈਐ ਚੁਪ ਕੀਤਿਆਂ ਪਸੂਆਂ ਜੜ ਹਾਸੀ[4]।
**ਵਿਣੁ ਗੁਰ ਮੁਕਤਿ ਨ ਹੋਵਈ ਗੁਰ ਮਿਲੈ ਖਲਾਸੀ ॥ ੧੪ ॥**

1. ਡੱਡੂ। 2. ਬੋਹੜ। 3. ਜਟਾਵਾਂ ਛਿਛਰਿਆਂ ਵਾਂਗ ਲਮਕਦੀਆਂ। 4. ਹੈਨ (ਕ੍ਰਿਆ)।

## ਆਸਾ ਬਾਣੀ ਨਾਮਦੇਉ ਜੀ ਕੀ
## ਆਦਿ ਗ੍ਰੰਥ, ਪੰਨਾ ੪੮੫

**ਸਾਪੁ ਕੁੰਚ[1] ਛੋਡੈ ਬਿਖੁ[2] ਨਹੀ ਛਾਡੈ ॥**
ਉਦਕ[3] ਮਾਹਿ ਜੈਸੇ ਬਗੁ ਧਿਆਨੁ ਮਾਡੈ ॥੧॥
ਕਾਹੇ ਕਉ ਕੀਜੈ ਧਿਆਨੁ ਜਪੰਨਾ ॥
ਜਬ ਤੇ ਸੁਧੁ ਨਾਹੀ ਮਨੁ ਅਪਨਾ ॥੧॥ ਰਹਾਉ ॥
ਸਿੰਘਚ ਭੋਜਨੁ ਜੋ ਨਰੁ ਜਾਨੈ ॥
ਐਸੇ ਹੀ ਠਗਦੇਉ[4] ਬਖਾਨੈ ॥੨॥
ਨਾਮੇ ਕੇ ਸੁਆਮੀ ਲਾਹਿ ਲੇ ਝਗਰਾ ॥
ਰਾਮ ਰਸਾਇਨ ਪੀਉ ਰੇ ਦਗਰਾ ॥੩॥੪॥

1. ਕੁੰਜ। 2. ਜ਼ਹਿਰ। 3. ਪੇਟ। 4. ਠੱਗਾਂ ਦਾ।



## ਭਾਈ ਗੁਰਦਾਸ ਜੀ
## ਵਾਰ ੩੫ ਪਉੜੀ ੧

ਕੁਤਾ ਰਾਜਿ ਬਹਾਲੀਐ ਫਿਰਿ ਚਕੀ ਚਟੈ।
ਸਪੈ ਦੁਧੁ ਪੀਆਲੀਐ ਵਿਹੁ ਮੁਖਹੁ[1] ਸਟੈ।
ਪਥਰੁ ਪਾਣੀ ਰਖੀਐ ਮਨਿ ਹਠੁ ਨ ਘਟੈ।
ਚੋਆ ਚੰਦਨੁ ਪਰਿਹਰੈ ਖਰੁ ਖੇਹ ਪਲਟੈ[2]।
ਤਿਉ ਨਿੰਦਕ ਪਰਨਿੰਦਹੂ ਹਥਿ ਮੂਲਿ ਨ ਹਟੈ।
**ਆਪਣ ਹਥੀਂ ਆਪਣੀ ਜੜ ਆਪਿ ਉਪਟੈ ॥੧॥**

1. ਮੂੰਹ ਥੀਂ। 2. ਲੇਟਦਾ ਹੈ। 3. ਪੁੱਟਦਾ ਹੈ।

## ਆਸਾ ਮਹਲਾ ੧
## ਆਦਿ ਗ੍ਰੰਥ, ਪੰਨਾ ੪੩੯

**ਨਦੀਆ ਵਾਹ[1] ਵਿਛੁੰਨਿਆ ਮੇਲਾ ਸੰਜੋਗੀ ਰਾਮ ॥**
ਜੁਗੁ ਜੁਗੁ ਮੀਠਾ ਵਿਸੁ ਭਰੇ ਕੋ ਜਾਣੈ ਜੋਗੀ ਰਾਮ ॥
ਕੋਈ ਸਹਜਿ ਜਾਣੈ ਹਰਿ ਪਛਾਣੈ
ਸਤਿਗੁਰੂ ਜਿਨਿ ਚੇਤਿਆ ॥
ਬਿਨੁ ਨਾਮ ਹਰਿ ਕੇ ਭਰਮਿ ਭੂਲੇ
ਪਚਹਿ[2] ਮੁਗਧ[3] ਅਚੇਤਿਆ[4] ॥
ਹਰਿ ਨਾਮੁ ਭਗਤਿ ਨ ਰਿਦੈ[5] ਸਾਚਾ
ਸੇ ਅੰਤਿ ਧਾਹੀ[6] ਰੁੰਨਿਆ ॥
ਸਚੁ ਕਹੈ ਨਾਨਕੁ ਸਬਦਿ ਸਾਚੈ
ਮੇਲਿ ਚਿਰੀ ਵਿਛੁੰਨਿਆ ॥ ੪ ॥ ੧ ॥ ੫ ॥

1. ਨਾਲੇ। 2. ਖੁਆਰ ਹੁੰਦੇ ਹਨ। 3. ਮੂਰਖ। 4. ਗਾਫ਼ਲ। 5. ਹਿਰਦੇ ਵਿਚ। 6. ਢਾਹ ਮਾਰ ਕੇ।



## ਭਾਈ ਗੁਰਦਾਸ ਜੀ
## ਵਾਰ ੧੯ ਪਉੜੀ ੮

**ਨਦੀ ਨਾਵ ਸੰਜੋਗੁ[1] ਮੇਲਿ ਮਿਲਾਇਆ।**
ਸੁਹਣੇ[2] ਅੰਦਰਿ ਭੋਗੁ ਰਾਜੁ ਕਮਾਇਆ।
ਕਦੇ ਹਰਖੁ ਕਦੇ ਸੋਗੁ ਤਰਵਰ ਛਾਇਆ।
ਕਟੈ ਹਉਮੈ ਰੋਗੁ ਨ ਆਪੁ ਗਣਾਇਆ।
ਘਰ ਹੀ ਅੰਦਰਿ ਜੋਗੁ ਗੁਰਮੁਖਿ ਪਾਇਆ।
ਹੋਵਣਹਾਰ ਸੁ ਹੋਗੁ ਗੁਰ ਸਮਝਾਇਆ ॥ ੮ ॥

1. ਬੇੜੀ ਦਾ ਪੂਰ। 2. ਸੁਪਨਾ। 3. ਬ੍ਰਿਛ ਦੀ ਛਾਂ।

## ਆਸਾ ਬਾਣੀ ਸ੍ਰੀ ਰਵਿਦਾਸ ਜੀਉ ਕੀ
## ਆਦਿ ਗ੍ਰੰਥ, ਪੰਨਾ ੪੮੬

ਮ੍ਰਿਗ[1] ਮੀਨ[2] ਭ੍ਰਿੰਗ[3] ਪਤੰਗ[4] ਕੁੰਚਰ[5] ਏਕ ਦੋਖ ਬਿਨਾਸ॥
ਪੰਚ ਦੋਖ ਅਸਾਧ ਜਾ ਮਹਿ ਤਾ ਕੀ ਕੇਤਕ ਆਸ॥੧॥
ਮਾਧੋ ਅਬਿਦਿਆ ਹਿਤ ਕੀਨ॥
ਬਿਬੇਕ ਦੀਪ[6] ਮਲੀਨ॥੧॥ ਰਹਾਉ॥
ਤ੍ਰਿਗਦ ਜੋਨਿ ਅਚੇਤ ਸੰਭਵ ਪੁੰਨ ਪਾਪ ਅਸੋਚ॥
ਮਾਨੁਖਾ ਅਵਤਾਰ ਦੁਲਭ ਤਿਹੀ ਸੰਗਤਿ ਪੋਚ॥੨॥
ਜੀਅ ਜੰਤ ਜਹਾ ਜਹਾ ਲਗੁ ਕਰਮ ਕੇ ਬਸਿ ਜਾਇ॥
ਕਾਲ ਫਾਸ ਅਬਧ[7] ਲਾਗੇ ਕਛੁ ਨ ਚਲੈ ਉਪਾਇ॥੩॥
ਰਵਿਦਾਸ ਦਾਸ ਉਦਾਸ ਤਜੁ ਭ੍ਰਮੁ ਤਪਨ ਤਪੁ ਗੁਰ ਗਿਆਨ॥
**ਭਗਤ ਜਨ ਭੈ ਹਰਨ ਪਰਮਾਨੰਦ ਕਰਹੁ ਨਿਦਾਨ[8]॥੪॥੧॥**

1. ਹਿਰਨ। 2. ਮੱਛੀ। 3. ਭੌਰਾ। 4. ਭੰਬਟ। 5. ਹਾਥੀ। 6. ਗਿਆਨ ਦਾ ਦੀਵਾ। 7. ਨਾਸ਼ ਤੋਂ ਰਹਿਤ। 8. ਅੰਤ ਸਮੇਂ।



## ਭਾਈ ਗੁਰਦਾਸ ਜੀ
## ਵਾਰ ੨੭ ਪਉੜੀ ੩

ਭਵਰੈ ਵਾਸੁ ਵਿਣਾਸੁ ਹੈ ਫਿਰਦਾ ਫੁਲਵਾੜੀ।
ਜਲੈ ਪਤੰਗੁ ਨਿਸੰਗੁ ਹੋਇ ਕਰਿ ਅਖਿ ਉਘਾੜੀ[1]।
ਮਿਰਗ ਨਾਦਿ ਬਿਸਮਾਦੁ[2] ਹੋਇ ਫਿਰਦਾ ਉਜਾੜੀ।
ਕੁੰਡੀ ਫਾਥੇ ਮਛ ਜਿਉ ਰਸਿ ਜੀਭ ਵਿਗਾੜੀ।
ਹਾਥਣਿ ਹਾਥੀ ਫਾਹਿਆ ਦੁਖੁ ਸਹੈ ਦਿਹਾੜੀ।
**ਪੀਰ ਮੁਰੀਦਾ ਪਿਰਹੜੀ ਲਾਇ ਨਿਜ ਘਰਿ ਤਾੜੀ॥੩॥**

## ਕਬਿੱਤ ਭਾਈ ਗੁਰਦਾਸ ਜੀ ੩੧੬

ਚਕਈ ਚਕੋਰ ਮ੍ਰਿਗ, ਮੀਨ ਭ੍ਰਿਗ ਅਉ ਪਤੰਗ
ਪ੍ਰੀਤਿ ਇਕ ਅੰਗੀ, ਬਹੁਰੰਗੀ ਦੁਖਦਾਈ ਹੈ॥
ਏਕ ਏਕ ਟੇਕ ਸੈ ਟਰਤ ਨ ਮਰਤ ਸਬੈ,
ਆਦਿ ਅੰਤਿ ਕੀ ਸੁ ਚਾਲ ਚਲੀ ਜਗ ਆਈ ਹੈ॥
ਗੁਰਸਿਖ ਸੰਗੀਤ ਮਿਲਾਪ ਕੋ ਪਰਤਾਪ ਐਸੋ,
ਲੋਗ ਪਰਲੋਗ ਸੁਖਦਾਇਕ ਸਹਾਈ ਹੈ॥
**ਗੁਰਮਤਿ ਸੁਣ ਦੁਰਮਤਿ ਨ ਮਿਟਤ ਜਾਕੀ**
ਅਹਿ ਮਿਲਿ ਚੰਦਨ ਜਿਉ ਬਿਖ ਨ ਮਟਾਈ ਹੈ॥੩੧੬॥

1. ਖੋਲ੍ਹ ਕੇ। 2. ਮੋਹਤ।

## ਰਾਗ ਬਸੰਤ ਮਹਲਾ ੫ ਘਰੁ ੨ ਹਿੰਡੋਲ
## ੴ ਸਤਿਗੁਰ ਪ੍ਰਸਾਦਿ ॥
## ਆਦਿ ਗ੍ਰੰਥ, ਪੰਨਾ ੧੧੮੫

ਹੋਇ ਇਕਤ੍ਰ ਮਿਲਹੁ ਮੇਰੇ ਭਾਈ
ਦੁਬਿਧਾ ਦੂਰਿ ਕਰਹੁ ਲਿਵ ਲਾਇ ॥
ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ ॥ ੧ ॥
ਇਨ੍ ਬਿਧਿ ਪਾਸਾ ਢਾਲਹੁ[1] ਬੀਰ ॥
ਗੁਰਮੁਖਿ ਨਾਮੁ ਜਪਹੁ ਦਿਨੁ ਰਾਤੀ
ਅੰਤ ਕਾਲਿ ਨਹ ਲਾਗੈ ਪੀਰ ॥ ੧ ॥ ਰਹਾਉ ॥
ਕਰਮ ਧਰਮ ਤੁਮ੍ ਚਉਪੜਿ ਸਾਜਹੁ ਸਤੁ ਕਰਹੁ ਤੁਮ੍ ਸਾਰੀ ॥
ਕਾਮੁ ਕ੍ਰੋਧੁ ਲੋਭੁ ਮੋਹੁ ਜੀਤਹੁ ਐਸੀ ਖੇਲ ਹਰਿ ਪਿਆਰੀ ॥ ੨ ॥
ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ ॥
ਬਿਖੜੇ ਦਾਉ ਲੰਘਾਵੈ ਮੇਰਾ ਸਤਿਗੁਰੁ
ਸੁਖ ਸਹਜ ਸੇਤੀ ਘਰਿ ਜਾਤੇ ॥ ੩ ॥
ਹਰਿ ਆਪੇ ਖੇਲੈ ਆਪੇ ਦੇਖੈ ਹਰਿ ਆਪੇ ਰਚਨੁ ਰਚਾਇਆ ॥
**ਜਨ ਨਾਨਕ ਗੁਰਮੁਖਿ ਜੋ ਨਰੁ ਖੇਲੈ**
**ਸੋ ਜਿਣਿ ਬਾਜੀ ਘਰਿ ਆਇਆ ॥ ੪ ॥ ੧ ॥ ੧੯ ॥**

1. ਚੌਪਟ ਖੇਡੋ।



## ਭਾਈ ਗੁਰਦਾਸ ਜੀ
## ਵਾਰ ੩੭ ਪਉੜੀ ੨੭

ਇਹੁ ਜਗੁ ਚਉਪੜਿ ਖੇਲੁ ਹੈ ਆਵਾ ਗਉਣ ਭਉਜਲ ਸੈਂਸਾਰੇ।
ਗੁਰਮੁਖਿ ਜੋੜਾ ਸਾਧਸੰਗਿ ਪੂਰਾ ਸਤਿਗੁਰ ਪਾਰਿ ਉਤਾਰੇ।
ਲਗਿ ਜਾਇ[1] ਸੋ ਪੁਗਿ[2] ਜਾਇ ਗੁਰਪਰਸਾਦੀ ਪੰਜਿ ਨਿਵਾਰੇ।
ਗੁਰਮੁਖਿ ਸਹਜਿ ਸੁਭਾਉ ਹੈ ਆਪਹੁੰ ਬੁਰਾ ਨ ਕਿਸੈ ਵਿਚਾਰੇ।
ਸਬਦ ਸੁਰਤਿ ਲਿਵ ਸਾਵਧਾਨ ਗੁਰਮੁਖਿ ਪੰਥ ਚਲੈ ਪਗੁ ਧਾਰੇ।
ਲੋਕ ਵੇਦ ਗੁਰ ਗਿਆਨ ਮਤਿ ਭਾਇ ਭਗਤਿ ਗੁਰਸਿਖ ਪਿਆਰੇ।
**ਨਿਜ ਘਰਿ ਜਾਇ ਵਸੈ ਗੁਰਦੁਆਰੇ ॥ ੨੭ ॥**

1. ਦਾਉ ਦਾ ਲੱਗਣਾ। 2. ਪੁੱਗ ਜਾਣਾ।

## ਰਾਮਕਲੀ ਕੀ ਵਾਰ ਮਹਲਾ ੫
## ਆਦਿ ਗ੍ਰੰਥ, ਪੰਨਾ ੯੬੨
## ਪਉੜੀ॥

ਨਾ ਤੂ ਆਵਹਿ ਵਸਿ ਬਹੁਤੁ ਘਿਣਾਵਣੇ[1]॥
ਨਾ ਤੂ ਆਵਹਿ ਵਸਿ ਬੇਦ ਪੜਾਵਣੇ॥
ਨਾ ਤੂ ਆਵਹਿ ਵਸਿ ਤੀਰਥਿ ਨਾਈਐ॥
ਨਾ ਤੂ ਆਵਹਿ ਵਸਿ ਧਰਤੀ ਧਾਈਐ[2]॥
ਨਾ ਤੂ ਆਵਹਿ ਵਸਿ ਕਿਤੈ ਸਿਆਣਪੈ॥
ਨਾ ਤੂ ਆਵਹਿ ਵਸਿ ਬਹੁਤਾ ਦਾਨੁ ਦੇ॥
ਸਭੁ ਕੋ ਤੇਰੈ ਵਸਿ ਅਗਮ ਅਗੋਚਰਾ॥
ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ॥

## ਸੂਹੀ ਮਹਲਾ ੫, ਪੰਨਾ ੭੪੭

**ਕਰਮ ਧਰਮ ਪਾਖੰਡ ਜੋ ਦੀਸਹਿ**
**ਤਿਨ ਜਮੁ ਜਾਗਾਤੀ ਲੂਟੈ॥**

... ... ...

1. ਤਰਲਿਆਂ ਨਾਲ/ਘਿਰਣਾ ਕੀਤਿਆਂ। 2. ਧਰਤੀ ਤੇ ਫਿਰਿਆਂ।



## ਭਾਈ ਗੁਰਦਾਸ ਜੀ
## ਵਾਰ ੨੧ ਪਉੜੀ ੧੫

ਤੀਰਥ ਲਖ ਕਰੋੜਿ ਪੁਰਬੀ[1] ਨਾਵਣਾ।
ਦੇਵੀ ਦੇਵ ਸਥਾਨ ਸੇਵ ਕਰਾਵਣਾ।
ਜਪ ਤਪ ਸੰਜਮ ਲਖ ਸਾਧਿ ਸਧਾਵਣਾ।
ਹੋਮ ਜਗ ਨਈਵੇਦ[2] ਭੋਗ ਲਗਾਵਣਾ।
ਵਰਤ ਨੇਮ ਲਖ ਦਾਨ ਕਰਮ ਕਮਾਵਣਾ।
**ਲਉਬਾਲੀ[3] ਦਰਗਾਹ ਪਖੰਡ ਨ ਜਾਵਣਾ॥੧੫॥**

1. ਪਵਿੱਤਰ ਦਿਨ। 2. ਲੱਡੂ ਪੇੜਾ ਆਦਿ ਠਾਕਰ ਭੋਗ। 3. ਬੇਪਰਵਾਹ, ਅਕਾਲ ਪੁਰਖ।

## ਧਨਾਸਰੀ ਭਗਤ ਨਾਮਦੇਵ ਜੀ ਕੀ
## ਆਦਿ ਗ੍ਰੰਥ, ਪੰਨਾ ੬੯੩

ਮਾਰਵਾੜਿ ਜੈਸੇ ਨੀਰੁ ਬਾਲਹਾ[1] ਬੇਲਿ ਬਾਲਹਾ ਕਰਹਲਾ ॥
ਜਿਉ ਕੁਰੰਕ ਨਿਸਿ ਨਾਦੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥ ੧ ॥
ਤੇਰਾ ਨਾਮੁ ਰੂੜੋ ਰੂਪੁ ਰੂੜੋ[2] ਅਤਿ ਰੰਗ ਰੂੜੋ ਮੇਰੋ ਰਾਮਈਆ ॥ ੧ ॥ ਰਹਾਉ ॥
ਜਿਉ ਧਰਣੀ[3] ਕਉ ਇੰਦ੍ਰੁ ਬਾਲਹਾ ਕੁਸਮ[4] ਬਾਸੁ ਜੈਸੇ ਭਵਰਲਾ ॥
ਜਿਉ ਕੋਕਿਲ ਕਉ ਅੰਬੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥ ੨ ॥
ਚਕਵੀ ਕਉ ਜੈਸੇ ਸੂਰੁ ਬਾਲਹਾ ਮਾਨ ਸਰੋਵਰ ਹੰਸੁਲਾ ॥
ਜਿਉ ਤਰੁਣੀ ਕਉ ਕੰਤੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥ ੩ ॥
ਬਾਰਿਕ ਕਉ ਜੈਸੇ ਖੀਰੁ ਬਾਲਹਾ ਚਾਤ੍ਰਿਕ ਮੁਖ ਜੈਸੇ ਜਲਧਰਾ ॥
ਮਛੁਲੀ ਕਉ ਜੈਸੇ ਨੀਰੁ ਬਾਲਹਾ ਤਿਉ ਮੇਰੈ ਮਨਿ ਰਾਮਈਆ ॥ ੪ ॥
ਸਾਧਿਕ ਸਿਧ ਸਗਲ ਮੁਨਿ ਚਾਹਹਿ ਬਿਰਲੇ ਕਾਹੂ ਡੀਠੁਲਾ ॥
**ਸਗਲ ਭਵਣ ਤੇਰੋ ਨਾਮੁ ਬਾਲਹਾ ਤਿਉ ਨਾਮੇ ਮਨਿ ਬੀਠੁਲਾ ॥ ੫ ॥ ੩ ॥**

## ਰਾਗ ਭੈਰਉ ਨਾਮਦੇਉ ਜੀਉ ਘਰੁ ੨ ਪੰਨਾ ੧੧੬੪

ਜੈਸੀ ਭੂਖੇ ਪ੍ਰੀਤਿ ਅਨਾਜ ॥ ਤ੍ਰਿਖਾਵੰਤ ਜਲ ਸੇਤੀ ਕਾਜ ॥
**ਜੈਸੀ ਮੂੜ ਕੁਟੰਬ ਪਰਾਇਣ ॥ ਐਸੀ ਨਾਮੇ ਪ੍ਰੀਤਿ ਨਰਾਇਣ ॥ ੧ ॥**
ਨਾਮੇ ਪ੍ਰੀਤਿ ਨਾਰਾਇਣ ਲਾਗੀ ॥ ਸਹਜ ਸੁਭਾਇ ਭਇਓ ਬੈਰਾਗੀ ॥ ੧ ॥

1. ਪਿਆਰਾ। 2. ਸੁੰਦਰ। 3. ਧਰਤੀ। 4. ਫੁੱਲ ਦੀ ਖੁਸ਼ਬੋ।



## ਭਾਈ ਗੁਰਦਾਸ ਜੀ
## ਵਾਰ ੨੭ ਪਉੜੀ ੫

ਰੂਪੈ ਕਾਮੈ ਦੋਸਤੀ ਜਗ ਅੰਦਰਿ ਜਾਣੀ।
ਭੁਖੈ ਸਾਦੈ[1] ਗੰਢੁ ਹੈ ਓਹੁ ਵਿਰਤੀ ਹਾਣੀ।
ਘੁਲਿ ਮਿਲਿ ਮਿਚਲਿ ਲਬਿ ਮਾਲਿ ਇਤੁ ਭਰਮ ਭੁਲਾਣੀ।
ਊਘੈ ਸਉੜਿ[2] ਪਲੰਘ ਜਿਉ ਸਭਿ ਰੈਣਿ ਵਿਹਾਣੀ।
ਸੁਹਣੇ[3] ਸਭ ਰੰਗ ਮਾਣੀਅਨਿ ਕਰਿ ਚੋਜ ਵਿਡਾਣੀ।
**ਪੀਰ ਮੁਰੀਦਾਂ ਪਿਰਹੜੀ ਓਹੁ ਅਕਥ ਕਹਾਣੀ ॥ ੫ ॥**

## ਵਾਰ ੨੭ ਪਉੜੀ ੬

ਮਾਨਸਰੋਵਰ ਹੰਸਲਾ ਖਾਇ ਮਾਣਕ ਮੋਤੀ।
ਕੋਇਲ ਅੰਬ ਪਰੀਤਿ ਹੈ ਮਿਲ ਬੋਲ ਸਰੋਤੀ।
ਚੰਦਨ ਵਾਸੁ ਵਣਾਸੁਪਤਿ ਹੋਇ ਪਾਸ ਖਲੋਤੀ।
ਲੋਹਾ ਪਾਰਸਿ ਭੇਟਿਐ ਹੋਇ ਕੰਚਨ ਜੋਤੀ।
ਨਦੀਆ ਨਾਲੇ ਗੰਗ ਮਿਲਿ ਹੋਨਿ ਛੋਤ ਅਛੋਤੀ।
**ਪੀਰ ਮੁਰੀਦਾਂ ਪਿਰਹੜੀ ਇਹ ਖੇਪ ਸਓਤੀ ॥ ੬ ॥**

1. ਰੋਟੀ, ਪਰਸਾਦੀ। 2. ਤੁਲਾਈ। 3. ਸੁਪਨੇ ਵਿਖੇ।

## ਗਉੜੀ ਸੁਖਮਨੀ ਮਹਲਾ ੫ ॥
## ਆਦਿ ਗ੍ਰੰਥ, ਪੰਨਾ ੨੭੩

ਬ੍ਰਹਮ ਗਿਆਨੀ ਏਕ ਊਪਰਿ ਆਸ ॥
ਬ੍ਰਹਮ ਗਿਆਨੀ ਕਾ ਨਹੀ ਬਿਨਾਸ ॥
ਬ੍ਰਹਮ ਗਿਆਨੀ ਕੈ ਗਰੀਬੀ ਸਮਾਹਾ[1] ॥
**ਬ੍ਰਹਮ ਗਿਆਨੀ ਪਰਉਪਕਾਰ ਉਮਾਹਾ[2] ॥**
ਬ੍ਰਹਮ ਗਿਆਨੀ ਕੈ ਨਾਹੀ ਧੰਧਾ ॥
ਬ੍ਰਹਮ ਗਿਆਨੀ ਲੇ ਧਾਵਤੁ[3] ਬੰਧਾ ॥
ਬ੍ਰਹਮ ਗਿਆਨੀ ਕੈ ਹੋਇ ਸੁ ਭਲਾ ॥
ਬ੍ਰਹਮ ਗਿਆਨੀ ਸੁਫਲ ਫਲਾ[4] ॥
ਬ੍ਰਹਮ ਗਿਆਨੀ ਸੰਗਿ ਸਗਲ ਉਧਾਰੁ[5] ॥
ਨਾਨਕ ਬ੍ਰਹਮ ਗਿਆਨੀ ਜਪੈ ਸਗਲ ਸੰਸਾਰੁ ॥

1. ਨਿਮਰਤਾ ਸਮਾਈ ਹੁੰਦੀ ਹੈ। 2. ਖੁਸ਼ੀ। 3. ਚੰਚਲ ਮਨ। 4. ਚੰਗੀ ਤਰ੍ਹਾਂ ਫਲਿਆ ਫੁੱਲਿਆ। 5. ਨਿਸਤਾਰਾ।



## ਭਾਈ ਗੁਰਦਾਸ ਜੀ
## ਵਾਰ ੨੯ ਪਉੜੀ ੧੩

ਧਰਤੀ ਪੈਰਾਂ ਹੇਠਿ ਹੈ ਧਰਤੀ ਹੇਠਿ ਵਸੰਦਾ ਪਾਣੀ।
ਪਾਣੀ ਚਲੈ ਨੀਵਾਣ ਨੋ ਨਿਰਮਲੁ ਸੀਤਲੁ ਸੁਧੁ ਪਰਾਣੀ।
ਬਹੁ ਰੰਗੀ ਇਕੁ ਰੰਗੁ ਹੈ ਸਭਨਾਂ ਅੰਦਰਿ ਇਕੋ ਜਾਣੀ।
ਤਤਾ ਹੋਵੈ ਧੁਪ ਵਿਚਿ ਛਾਵੈ ਠੰਢਾ ਵਿਰਤੀ ਹਾਣੀ[1]।
**ਤਪਦਾ ਪਰਉਪਕਾਰ ਨੋ ਠੰਢੇ ਪਰਉਪਕਾਰ ਵਿਹਾਣੀ।**
ਅਗਨਿ ਬੁਝਾਏ ਤਪਤਿ ਵਿਚਿ[2] ਠੰਢਾ ਹੋਵੈ ਬਿਲਮੁ ਨ ਆਣੀ।
**ਗੁਰੁ ਸਿਖੀ ਦੀ ਏਹੁ ਨੀਸਾਣੀ ॥ ੧੩ ॥**

1. ਹਾਣੀਆਂ ਨਾਲ ਇਕੋ ਜਿਹਾ ਵਰਤਣਾ। 2. ਤੱਤਾ ਹੋਇਆ ਵੀ ਅੱਗ ਬੁਝਾ ਦੇਂਦਾ ਹੈ।

## ਰਾਗ ਗਉੜੀ ਮਹਲਾ ੯
## ਆਦਿ ਗ੍ਰੰਥ, ਪੰਨਾ ੨੧੯

ਸਾਧੋ ਮਨ ਕਾ ਮਾਨੁ ਤਿਆਗਉ ॥
ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ
ਤਾ ਤੇ ਅਹਿਨਿਸਿ ਭਾਗਉ ॥ ੧ ॥ ਰਹਾਉ ॥
ਸੁਖੁ ਦੁਖੁ ਦੋਨੋ ਸਮ ਕਰਿ ਜਾਨੈ
ਅਉਰੁ ਮਾਨੁ ਅਪਮਾਨਾ ॥
ਹਰਖ ਸੋਗ ਤੇ ਰਹੈ ਅਤੀਤਾ
ਤਿਨਿ ਜਗਿ ਤਤੁ ਪਛਾਨਾ ॥ ੧ ॥
ਉਸਤਤਿ ਨਿੰਦਾ ਦੋਊ ਤਿਆਗੈ
ਖੋਜੈ ਪਦੁ ਨਿਰਬਾਨਾ[1] ॥
**ਜਨ ਨਾਨਕ ਇਹੁ ਖੇਲੁ ਕਠਨੁ ਹੈ**
**ਕਿਨਹੂੰ ਗੁਰਮੁਖਿ ਜਾਨਾ ॥ ੨ ॥ ੧ ॥**

1. ਤੁਰੀਆ ਪਦ।



## ਭਾਈ ਗੁਰਦਾਸ ਜੀ
## ਵਾਰ ੨੮ ਪਉੜੀ ੧੪

ਪਾਣੀ ਅੰਦਰਿ ਧਰਤਿ ਹੈ ਧਰਤੀ ਅੰਦਰਿ ਪਾਣੀ ਵਸੈ।
ਧਰਤੀ ਰੰਗੁ ਨ ਰੰਗ ਸਭ[1] ਧਰਤੀ ਸਾਉ ਨ ਸਭ ਰਸ ਰਸੈ।
ਧਰਤੀ ਗੰਧੁ ਨ ਗੰਧ ਬਹੁ[2] ਧਰਤਿ ਨ ਰੂਪ ਅਨੂਪ ਤਰਸੈ[3]।
ਜੇਹਾ ਬੀਜੈ ਸੋ ਲੁਣੈ ਕਰਮਿ ਭੂਮਿ ਸਭ ਕੋਈ ਦਸੈ।
ਚੰਦਨ ਲੇਪੁ ਨ ਲੇਪੁ ਹੈ ਕਰਿ ਮਲ ਮੂਤ ਕਸੂਤੁ ਨ ਧਸੈ[4]।
ਵੁਠੇ ਮੀਹ ਜਮਾਇਦੇ[5] ਡਵਿ[6] ਲਗੈ ਅੰਗੂਰੁ ਵਿਗਸੈ।
**ਦੁਖਿ ਨ ਰੋਵੈ[7] ਸੁਖਿ ਨ ਹਸੈ ॥ ੧੪ ॥**

1. ਰੰਗ ਨਹੀਂ ਵੀ ਅਰ ਸਾਰੇ ਰੰਗ ਹਨ। 2. ਗੰਧ ਨਹੀਂ ਵੀ ਅਰ ਹੈ ਭੀ। 3. ਤਰਸਦੇ ਹਨ (ਲੋਕ)। 4. ਲਗਣਾ, ਖੁਭਣਾ, ਗੁੱਸੇ ਹੋਣਾ। 5. ਅੰਨ ਬੀਜਦੇ। 6. ਦਾਵਾਅਗਨ। 7. ਧਰਤੀ ਦਾ ਰੋਣਾ।

## ਰਾਗ ਬਿਲਾਵਲ ਮਹਲਾ ੪ ਛੰਤੁ
## ਆਦਿ ਗ੍ਰੰਥ, ਪੰਨਾ ੮੪੬

ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ ॥

**ਜੋਤੀ[1] ਜੋਤਿ[2] ਰਲੀ ਸੰਪੂਰਨੁ[3] ਥੀਆ[4] ਰਾਮ ॥**

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥

ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥

ਆਪਿ ਕਰਤਾ ਆਪਿ ਭੁਗਤਾ[5] ਆਪਿ ਕਾਰਣੁ ਕੀਆ[6] ॥

ਬਿਨਵੰਤਿ ਨਾਨਕ ਸੇਈ ਜਾਣਹਿ ਜਿਨ੍ਹੀ ਹਰਿ ਰਸੁ ਪੀਆ ॥ ੪ ॥ ੨ ॥

## ਦੋਹਰਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਹਰਿ ਹਰਿਜਨ ਦੁਈ ਏਕ ਹੈ

ਬਿਬ ਬਿਚਾਰ ਕਛੂ ਨਾਹਿ ॥

**ਜਲ ਤੇ ਉਪਜ ਤਰੰਗ ਜਿਉ,**

**ਜਲ ਹੀ ਬਿਖੈ ਸਮਾਹਿ ॥ ੬੦ ॥ ੫੩ ॥**

(ਬਚਿਤ੍ਰ ਨਾਟਕ)

1. ਜੋਤੀ ਜੀਵ ਦੀ। 2. ਪਰਮਾਤਮਾ ਦੀ ਜੋਤ ਵਿਚ। 3. ਮੁਕੰਮਲ (ਬ੍ਰਹਮਾ ਦਾ ਸਰੂਪ) 4. ਹੋ ਗਿਆ। 5. ਭੋਗਣ ਵਾਲਾ। 6. ਕਰਨ ਵਾਲਾ।



## ਭਾਈ ਗੁਰਦਾਸ ਜੀ
## ਵਾਰ ੩ ਪਉੜੀ ੧੧

ਗੁਰ ਸਿਖੁ ਸਿਖੁ ਗੁਰ ਸੋਇ ਅਲਖੁ ਲਖਾਇਆ।

ਗੁਰ ਦੀਖਿਆ ਲੈ ਸਿਖਿ ਸਿਖੁ ਸਦਾਇਆ।

ਗੁਰ ਸਿਖ ਇੱਕੋ ਹੋਇ ਜੋ ਗੁਰ ਭਾਇਆ।

ਹੀਰਾ ਕਣੀ ਪਰੋਇ ਹੀਰੁ ਬਿਧਾਇਆ।

ਜਲ ਤਰੰਗੁ ਅਵਲੋਇ ਸਲਿਲ ਸਮਾਇਆ।

ਜੋਤੀ ਜੋਤਿ ਸਮੋਇ ਦੀਪੁ ਦੀਪਾਇਆ।

ਅਚਰਜ ਅਚਰਜੁ ਢੋਇ ਚਲਿਤੁ ਬਣਾਇਆ।

ਦੁਧਹੁ ਦਹੀ ਵਿਲੋਇ ਘਿਉ ਕਢਾਇਆ।

**ਇਕੁ ਚਾਨਣੁ ਤ੍ਰਿਹੁ ਲੋਇ ਪ੍ਰਗਟੀਆਇਆ ॥ ੧੧ ॥**

## ਗਉੜੀ ਗੁਆਰੇਰੀ ਮਹਲਾ ੩
## ਆਦਿ ਗ੍ਰੰਥ, ਪੰਨਾ ੧੬੦

**ਤੂੰ ਅਕਥੁ ਕਿਉ ਕਥਿਆ ਜਾਹਿ॥**
**ਗੁਰ ਸਬਦੁ ਮਾਰਣੁ[1] ਮਨ ਮਾਹਿ ਸਮਾਹਿ॥**
ਤੇਰੇ ਗੁਣ ਅਨੇਕ ਕੀਮਤਿ ਨਹ ਪਾਹਿ॥ ੧॥
ਜਿਸ ਕੀ ਬਾਣੀ ਤਿਸੁ ਮਾਹਿ ਸਮਾਣੀ॥
ਤੇਰੀ ਅਕਥ ਕਥਾ ਗੁਰ ਸਬਦਿ ਵਖਾਣੀ॥ ੧॥ ਰਹਾਉ॥
ਜਹ ਸਤਿਗੁਰੁ ਤਹ ਸਤਸੰਗਤਿ ਬਣਾਈ॥
ਜਹ ਸਤਿਗੁਰੁ ਸਹਜੇ ਹਰਿ ਗੁਣ ਗਾਈ॥
ਜਹ ਸਤਿਗੁਰੁ ਤਹਾ ਹਉਮੈ ਸਬਦਿ ਜਲਾਈ॥ ੨॥
ਗੁਰਮੁਖਿ ਸੇਵਾ ਮਹਲੀ[2] ਥਾਉ ਪਾਏ॥
ਗੁਰਮੁਖਿ ਅੰਤਰਿ ਹਰਿ ਨਾਮੁ ਵਸਾਏ॥
ਗੁਰਮੁਖਿ ਭਗਤਿ ਹਰਿ ਨਾਮਿ ਸਮਾਏ॥ ੩॥
ਆਪੇ ਦਾਤਿ ਕਰੇ ਦਾਤਾਰੁ॥
ਪੂਰੇ ਸਤਿਗੁਰ ਸਿਉ ਲਗੈ ਪਿਆਰੁ॥
ਨਾਨਕ ਨਾਮਿ ਰਤੇ ਤਿਨ ਕਉ ਜੈਕਾਰੁ[3]॥ ੪॥

1. ਮਸਾਲਾ। 2. ਮਹੱਲ ਵਿਚ। 3. ਨਮਸਕਾਰ।



## ਭਾਈ ਗੁਰਦਾਸ ਜੀ
## ਵਾਰ ੮ ਪਉੜੀ ੫

ਕੇਵਡੁ ਤੋਲੁ ਸੰਜੋਗੁ[1] ਦਾ ਕੇਵਡੁ ਤੋਲੁ ਵਿਜੋਗੁ[2] ਵੀਚਾਰਾ।
ਕੇਵਡੁ ਹਸਣੁ ਆਖੀਐ ਕੇਵਡੁ ਰੋਵਣ ਦਾ ਬਿਸਥਾਰਾ।
ਕੇਵਡੁ ਹੈ ਨਿਰਵਿਰਤਿ[3] ਪਖੁ ਕੇਵਡੁ ਹੈ ਪਰਵਿਰਤਿ[4] ਪਸਾਰਾ।
ਕੇਵਡੁ ਆਖਾ ਪੁੰਨ ਪਾਪੁ ਕੇਵਡੁ ਆਖਾ ਮੋਖੁ ਦੁਆਰਾ।
ਕੇਵਡੁ ਕੁਦਰਤਿ ਆਖੀਐ ਇਕਦੂੰ ਕੁਦਰਤਿ ਲਖ ਅਪਾਰਾ।
ਦਾਨੈ[5] ਕੀਮਤਿ ਨ ਪਵੈ ਕੇਵਡੁ ਦਾਤਾ ਦੇਵਣਹਾਰਾ।
**ਅਕਥ ਕਥਾ ਅਬਿਗਤਿ[6] ਨਿਰਧਾਰਾ[7]॥੫॥**

1. ਮਿਲਾਪ। 2. ਵਿਛੋੜਾ। 3. ਵੈਰਾਗੀ ਪੱਖ। 4. ਗ੍ਰਿਹਸਤ। 5. ਖਜ਼ਾਨਾ। 6. ਜਿਸਦੀ ਗਤੀ ਨ ਲਖੀ ਜਾਵੇ। 7. ਜਿਸਦਾ ਆਸਰਾ ਕੋਈ ਨਾ ਹੋਵੇ, ਜੋ ਆਪਣੇ ਆਸਰੇ ਆਪ ਹੋਵੇ।

## ਗਉੜੀ ਮਹਲਾ ੧
## ਆਦਿ ਗ੍ਰੰਥ, ਪੰਨਾ ੨੨੬

ਹਉਮੈ ਕਰਤ ਭੇਖੀ[1] ਨਹੀ ਜਾਨਿਆ ॥
ਗੁਰਮੁਖਿ ਭਗਤਿ ਵਿਰਲੇ ਮਨੁ ਮਾਨਿਆ ॥ ੧ ॥
ਹਉ ਹਉ ਕਰਤ ਨਹੀ ਸਚੁ ਪਾਈਐ ॥
ਹਉਮੈ ਜਾਇ ਪਰਮ ਪਦੁ ਪਾਈਐ ॥ ੧ ॥ ਰਹਾਉ ॥
ਹਉਮੈ ਕਰਿ ਰਾਜੇ ਬਹੁ ਧਾਵਹਿ[2] ॥
ਹਉਮੈ ਖਪਹਿ[3] ਜਨਮਿ ਮਰਿ ਆਵਹਿ ॥ ੨ ॥
ਹਉਮੈ ਨਿਵਰੈ ਗੁਰ ਸਬਦੁ ਵੀਚਾਰੈ ॥
ਚੰਚਲ ਮਤਿ ਤਿਆਗੈ ਪੰਚ ਸੰਘਾਰੈ[4] ॥ ੩ ॥
ਅੰਤਰਿ ਸਾਚੁ ਸਹਜ ਘਰਿ ਆਵਹਿ ॥
ਰਾਜਨੁ ਜਾਣਿ ਪਰਮ ਗਤਿ ਪਾਵਹਿ ॥ ੪ ॥
ਸਚੁ ਕਰਣੀ ਗੁਰੁ ਭਰਮੁ ਚੁਕਾਵੈ ॥
ਨਿਰਭਉ ਕੈ ਘਰਿ ਤਾੜੀ ਲਾਵੈ ॥ ੫ ॥
ਹਉ ਹਉ ਕਰਿ ਮਰਣਾ ਕਿਆ ਪਾਵੈ ॥
ਪੂਰਾ ਗੁਰੁ ਭੇਟੇ ਸੋ ਝਗਰੁ ਚੁਕਾਵੈ ॥ ੬ ॥
ਜੇਤੀ ਹੈ ਤੇਤੀ ਕਿਹੁ ਨਾਹੀ ॥
ਗੁਰਮੁਖਿ ਗਿਆਨ ਭੇਟਿ ਗੁਣ ਗਾਹੀ[5] ॥ ੭ ॥
**ਹਉਮੈ ਬੰਧਨ ਬੰਧਿ[6] ਭਵਾਵੈ ॥**
**ਨਾਨਕ ਰਾਮ ਭਗਤਿ ਸੁਖੁ ਪਾਵੈ ॥ ੮ ॥ ੧੩ ॥**

1. ਭੇਖਧਾਰੀ। 2. ਦੌੜਦੇ ਭੱਜਦੇ ਰਹਿੰਦੇ ਹਨ। 3. ਖਪਦੇ ਰਹਿੰਦੇ ਹਨ। 4. ਮਾਰ ਲੈਂਦਾ ਹੈ। 5. ਅਧਿਐਨ ਕਰਦਾ ਹੈ। 6. ਬੰਨ੍ਹ ਕੇ।



## ਭਾਈ ਗੁਰਦਾਸ ਜੀ
## ਵਾਰ ੮ ਪਉੜੀ ੧੧

ਕਿਤੜੇ ਵੈਸ ਵਖਾਣੀਅਨਿ ਰਾਜਪੂਤ ਰਾਵਤ ਵੀਚਾਰੀ।
ਤੂਅਰ ਗਉੜ ਪਵਾਰ ਲਖ ਮਲਣ ਹਾਸ ਚਉਹਾਣ ਚਿਤਾਰੀ।
ਕਛਵਾਹੇ ਰਾਠਉੜ ਲਖ ਰਾਣੇ ਰਾਇ ਭੂਮੀਏ ਭਾਰੀ।
ਬਾਘ ਬਘੇਲੇ ਕੇਤੜੇ ਬਲਵੰਡ ਲਖ ਬੁੰਦੇਲੇ ਕਾਰੀ।
ਕੇਤੜਿਆਂ ਹੀ ਭੁਰਟੀਏ ਦਰਬਾਰਾਂ ਅੰਦਰਿ ਦਰਬਾਰੀ।
ਕਿਤੜੇ ਗਣੀ ਭਦਉੜੀਏ ਦੇਸਿ ਦੇਸਿ ਵਡੇ ਇਤਬਾਰੀ।
**ਹਉਮੈ ਮੁਏ, ਨ ਹਉਮੈ ਮਾਰੀ ॥ ੧੧ ॥**

## ਗਉੜੀ ਬਾਵਨ ਅਖਰੀ
## ਆਦਿ ਗ੍ਰੰਥ, ਪੰਨਾ ੨੬੧
## ਪਉੜੀ॥

ਲੂਣ ਹਰਾਮੀ[1] ਗੁਨਹਗਾਰ ਬੇਗਾਨਾ[2] ਅਲਪ ਮਤਿ॥
ਜੀਉ ਪਿੰਡੁ ਜਿਨਿ ਸੁਖ ਦੀਏ ਤਾਹਿ[3] ਨ ਜਾਨਤ ਤਤ॥
ਲਾਹਾ ਮਾਇਆ ਕਾਰਨੇ ਦਹ ਦਿਸਿ ਢੂਢਨ ਜਾਇ॥
ਦੇਵਨਹਾਰ ਦਾਤਾਰ ਪ੍ਰਭ ਨਿਮਖ ਨ ਮਨਹਿ ਬਸਾਇ॥
ਲਾਲਚ ਝੂਠ ਬਿਕਾਰ ਮੋਹ ਇਆ ਸੰਪੈ[4] ਮਨ ਮਾਹਿ॥
ਲੰਪਟ[5] ਚੋਰ ਨਿੰਦਕ ਮਹਾ ਤਿਨਹੂ ਸੰਗਿ ਬਿਹਾਇ॥
**ਤੁਧੁ ਭਾਵੈ ਤਾ ਬਖਸਿ ਲੈਹਿ ਖੋਟੇ ਸੰਗਿ ਖਰੇ ॥**
**ਨਾਨਕ ਭਾਵੈ ਪਾਰਬ੍ਰਹਮ ਪਾਹਨ ਨੀਰਿ ਤਰੇ॥ ੫੨॥**

1. ਨਾ-ਸ਼ੁਕਰਾ। 2. ਬੇਸਮਝ। 3. ਉਸ ਤੱਤ ਰੂਪ ਨੂੰ ਨਹੀਂ ਜਾਣਦਾ। 4. ਪਦਾਰਥ। 5. ਵਿਸ਼ੇਈ।



## ਭਾਈ ਗੁਰਦਾਸ ਜੀ
## ਵਾਰ ੩੬ ਪਉੜੀ ੨੧

ਹਉ ਅਪਰਾਧੀ ਗੁਨਹਗਾਰ ਹਉ ਬੇਮੁਖ ਮੰਦਾ।
ਚੋਰੁ ਯਾਰੁ ਜੂਆਰਿ ਹਉ ਪਰ ਘਰਿ ਜੋਹੰਦਾ[1]।
ਨਿੰਦਕੁ ਦੁਸਟੁ ਹਰਾਮਖੋਰੁ ਠਗੁ ਦੇਸ ਠਗੰਦਾ[2]।
ਕਾਮ ਕ੍ਰੋਧੁ ਮਦੁ ਲੋਭੁ ਮੋਹੁ ਅਹੰਕਾਰੁ ਕਰੰਦਾ।
ਬਿਸਾਸਘਾਤੀ ਅਕਿਰਤਘਣ ਮੈ ਕੋ ਨ ਰਖੰਦਾ।
**ਸਿਮਰਿ[3] ਮੁਰੀਦਾ[4] ਢਾਢੀਆ[5] ਸਤਿਗੁਰ ਬਖਸੰਦਾ॥ ੨੧॥**

1. ਤੱਕਣ ਵਾਲਾ। 2. ਦਿਨ ਦੀਵੀਂ ਠੱਗਣ ਵਾਲਾ। 3. ਯਾਦ ਕਰ। 4. ਸੰਬੋਧਨ ਹੈ, ਹੇ ਮੁਰੀਦ! 5. ਹੇ ਢਾਢੀ!

## ਰਾਮਕਲੀ ਮਹਲਾ ੧ ਸਿਧ ਗੋਸਟਿ
## ਆਦਿ ਗ੍ਰੰਥ, ਪੰਨਾ ੯੩੮

**ਜੈਸੇ ਜਲ ਮਹਿ ਕਮਲੁ[1] ਨਿਰਾਲਮੁ[2]**
**ਮੁਰਗਾਈ[3] ਨੈ ਸਾਣੇ ॥**
ਸੁਰਤਿ ਸਬਦਿ ਭਵ ਸਾਗਰੁ ਤਰੀਐ
ਨਾਨਕ ਨਾਮੁ ਵਖਾਣੇ ॥
ਰਹਹਿ ਇਕਾਂਤਿ ਏਕੋ ਮਨਿ ਵਸਿਆ
ਆਸਾ ਮਾਹਿ ਨਿਰਾਸੋ ॥
ਅਗਮੁ[4] ਅਗੋਚਰੁ[5] ਦੇਖਿ ਦਿਖਾਏ
ਨਾਨਕੁ ਤਾ ਕਾ ਦਾਸੋ ॥੫॥

1. ਕੰਵਲ ਫੁੱਲ। 2. ਨਿਰਲੇਪ। 3. ਮੁਰਗਾਬੀ। 4. ਅਪਹੁੰਚ। 5. ਮਨ ਤੇ ਗਿਆਨ ਦੀਆਂ ਇੰਦਰੀਆਂ ਤੋਂ ਪਰ੍ਹੇ।



## ਭਾਈ ਗੁਰਦਾਸ ਜੀ
## ਵਾਰ ੨੯ ਪਉੜੀ ੨੧

ਮਛੀ ਦੇ ਪਰਵਾਰ ਵਾਂਗਿ ਜੀਵਣਿ ਮਰਣਿ ਨ ਵਿਸਰੈ ਪਾਣੀ।
ਜਿਉ ਪਰਵਾਰੁ ਪਤੰਗ ਦਾ ਦੀਪਕ ਬਾਝੁ ਨ ਹੋਰ ਸੁ ਜਾਣੀ।
ਜਿਉ ਜਲ ਕਵਲੁ ਪਿਆਰੁ ਹੈ ਭਵਰ ਕਵਲ ਕੁਲ ਪ੍ਰੀਤਿ ਵਖਾਣੀ।
ਬੂੰਦ ਬਬੀਹੇ[1] ਮਿਰਗ ਨਾਦ ਕੋਇਲ ਜਿਉ ਫਲ ਅੰਬਿ ਲੁਭਾਣੀ।
ਮਾਨ ਸਰੋਵਰੁ ਹੰਸੁਲਾ ਓਹੁ ਅਮੋਲਕ ਰਤਨਾ ਖਾਣੀ।
ਚਕਵੀ ਸੂਰਜ ਹੇਤੁ ਹੈ ਚੰਦ ਚਕੋਰੈ ਚੋਜ ਵਿਡਾਣੀ।
ਗੁਰ ਸਿਖ ਵੰਸੀ ਪਰਮ ਹੰਸ ਸਤਿਗੁਰ ਸਹਜਿ ਸਰੋਵਰੁ ਜਾਣੀ।
**ਮੁਰਗਾਈ ਨੀਸਾਣੁ ਨੀਸਾਣੀ[2]** ॥੨੧॥

1. ਚਾਤ੍ਰਿਕ। 2. (ਮੁਰਗਾਈ ਦਾ) ਤੁਰਾਂ ਨਦੀ ਦੇ ਸਾਹਮਣੇ ਜਾਣਾ।

## ਆਸਾ ਮਹਲਾ ੫ ਛੰਤ ਘਰੁ ੬
## ਆਦਿ ਗ੍ਰੰਥ, ਪੰਨਾ ੪੫੪-੪੫੫

ਜੈਸੀ ਮਛੁਲੀ ਨੀਰ ਇਕੁ ਖਿਨੁ ਭੀ ਨਾ ਧੀਰੇ[1]
ਮਨ ਐਸਾ ਨੇਹੁ[2] ਕਰੇਹੁ ॥
ਜੈਸੀ ਚਾਤ੍ਰਿਕ[3] ਪਿਆਸ ਖਿਨੁ ਖਿਨੁ ਬੂੰਦ ਚਵੈ[4]
ਬਰਸੁ ਸੁਹਾਵੇ ਮੇਹੁ ॥
ਹਰਿ ਪ੍ਰੀਤਿ ਕਰੀਜੈ ਇਹੁ ਮਨੁ ਦੀਜੈ
ਅਤਿ ਲਾਈਐ ਚਿਤੁ ਮੁਰਾਰੀ ॥
ਮਾਨੁ ਨ ਕੀਜੈ ਸਰਣਿ ਪਰੀਜੈ
ਦਰਸਨ ਕਉ ਬਲਿਹਾਰੀ ॥
ਗੁਰ ਸੁਪ੍ਰਸੰਨੇ[5] ਮਿਲੁ ਨਾਹ ਵਿਛੁੰਨੇ[6]
ਧਨ[7] ਦੇਦੀ ਸਾਚੁ ਸਨੇਹਾ ॥
**ਕਹੁ ਨਾਨਕ ਛੰਤ ਅਨੰਤ ਠਾਕੁਰ ਕੇ**
**ਹਰਿ ਸਿਉ ਕੀਜੈ ਨੇਹਾ ਮਨ ਐਸਾ ਨੇਹੁ ਕਰੇਹੁ ॥ ੨ ॥**

1. ਧੀਰਜ ਨਹੀਂ ਕਰਦੀ। 2. ਪ੍ਰੇਮ। ਪਪੀਹਾ। 4. ਕੂਕਦਾ ਹੈ। 5. ਚੰਗੀ ਤਰ੍ਹਾਂ ਪ੍ਰਸੰਨ ਹੋਣ ਵਾਲੇ। 6. ਵਿਛੜੇ ਹੋਏ। 7. ਜੀਵ ਇਸਤਰੀ।



## ਭਾਈ ਗੁਰਦਾਸ ਜੀ
## ਵਾਰ ੨ ਪਉੜੀ ੧੭

ਦੀਪਕ ਹੇਤੁ ਪਤੰਗ ਦਾ ਜਲ ਮੀਨ[1] ਤਰੰਦਾ।
ਮਿਰਗ ਨਾਦ ਵਿਸਮਾਦੁ[2] ਹੈ ਭਵਰ ਕਵਲਿ ਵਸੰਦਾ।
ਚੰਦ ਚਕੋਰ ਪਰੀਤਿ ਹੈ ਦੇਖਿ ਧਿਆਨੁ ਧਰੰਦਾ।
ਚਕਵੀ ਸੂਰਜ ਹੇਤੁ ਹੈ ਸੰਜੋਗੁ ਬਣੰਦਾ।
ਨਾਰਿ[3] ਭਤਾਰ[4] ਪਿਆਰੁ ਹੈ ਮਾਂ ਪੁਤੁ ਮਿਲੰਦਾ।
**ਆਪੇ ਆਪਿ ਵਰੱਤਦਾ ਗੁਰਮੁਖ ਪਰਚੰਦਾ ॥ ੧੭ ॥**

1. ਮੱਛੀ। 2. ਅਚਰਜ। 3. ਇਸਤਰੀ। 4. ਪਤੀ।

## ਮਾਰੂ ਮਹਲਾ ੫
## ਆਦਿ ਗ੍ਰੰਥ, ਪੰਨਾ ੧੦੦੨

ਬਾਹਰਿ ਢੂਢਨ ਤੇ ਛੂਟਿ ਪਰੇ ਗੁਰਿ ਘਰ ਹੀ ਮਾਹਿ ਦਿਖਾਇਆ ਥਾ ॥
ਅਨਭਉ[1] ਅਚਰਜ ਰੂਪੁ ਪ੍ਰਭ ਪੇਖਿਆ
ਮੇਰਾ ਮਨੁ ਛੋਡਿ ਨ ਕਤਹੂ ਜਾਇਆ ਥਾ ॥ ੧ ॥
ਮਾਨਕੁ[2] ਪਾਇਓ ਰੇ ਪਾਇਓ ਹਰਿ ਪੂਰਾ ਪਾਇਆ ਥਾ ॥
ਮੋਲਿ ਅਮੋਲੁ ਨ ਪਾਇਆ ਜਾਈ ਕਰਿ
ਕਿਰਪਾ ਗੁਰੂ ਦਿਵਾਇਆ ਥਾ ॥ ੧ ॥
ਅਦਿਸਟੁ ਅਗੋਚਰੁ ਪਾਰਬ੍ਰਹਮੁ ਮਿਲਿ ਸਾਧੂ ਅਕਥੁ ਕਥਾਇਆ ਥਾ ॥
**ਅਨਹਦ ਸਬਦੁ ਦਸਮ ਦੁਆਰਿ ਵਜਿਓ**
**ਤਹ ਅੰਮ੍ਰਿਤ ਨਾਮੁ ਚੁਆਇਆ ਥਾ ॥ ੨ ॥**
ਤੋਟਿ ਨਾਹੀ ਮਨਿ ਤ੍ਰਿਸਨਾ ਬੂਝੀ ਅਖੁਟ ਭੰਡਾਰ ਸਮਾਇਆ ਥਾ ॥
ਚਰਣ ਚਰਣ ਚਰਣ ਗੁਰ ਸੇਵੇ
ਅਘੜੁ[3] ਘੜਿਓ ਰਸੁ ਪਾਇਆ ਥਾ ॥ ੩ ॥
ਸਹਜੇ ਆਵਾ ਸਹਜੇ ਜਾਵਾ ਸਹਜੇ ਮਨੁ ਖੇਲਾਇਆ ਥਾ ॥
ਕਹੁ ਨਾਨਕ ਭਰਮੁ ਗੁਰਿ ਖੋਇਆ
ਤਾ ਹਰਿ ਮਹਲੀ ਮਹਲੁ ਪਾਇਆ ਥਾ ॥ ੪ ॥ ੩ ॥ ੧੨ ॥

1. ਬ੍ਰਹਮ ਗਿਆਨ। 2. ਨਾਮ ਰੂਪੀ ਹੀਰਾ। 3. ਨਾ ਘੜੇ ਜਾਣ ਵਾਲੇ ਮਨ ਨੂੰ ਘੜ ਕੇ।



## ਭਾਈ ਗੁਰਦਾਸ ਜੀ
## ਵਾਰ ੧੯ ਪਉੜੀ ੨੧

ਗੁਰਮੁਖਿ ਸੁਖਫਲ ਪਾਇ ਸਭ ਫਲ ਪਾਇਆ।
ਰੰਗੁ ਸੁਰੰਗੁ[1] ਚੜ੍ਹਾਇ ਸਭ ਰੰਗ ਲਾਇਆ।
ਗੰਧ ਸੁਗੰਧਿ ਸਮਾਇ ਬੋਹਿ ਬੁਹਾਇਆ[2]।
ਅੰਮ੍ਰਿਤਰਸ ਤ੍ਰਿਪਤਾਇ ਸਭ ਰਸ ਆਇਆ।
**ਸਬਦ ਸੁਰਤਿ ਲਿਵਲਾਇ ਅਨਹਦ ਵਾਇਆ[3]।**
**ਨਿਜਘਰਿ ਨਿਹਚਲ ਜਾਇ ਦਹਦਿਸ ਧਾਇਆ ॥ ੨੧ ॥**

1. ਚੰਗਾ ਰੰਗ, ਲਾਲ ਰੰਗ। 2. ਸੁਗੰਧਤ ਕੀਤਾ। 3. ਵਜਾਇਆ।

## ਸਲੋਕ ਮਹਲਾ ੧ ਵਾਰ ਮਾਝ ਕੀ
## ਆਦਿ ਗ੍ਰੰਥ, ਪੰਨਾ ੧੪੫

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥
ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥
ਹਉ ਭਾਲਿ ਵਿਕੁੰਨੀ[1] ਹੋਈ॥
**ਆਧੇਰੈ ਰਾਹੁ ਨ ਕੋਈ॥**
**ਵਿਚਿ ਹਉਮੈ ਕਰਿ ਦੁਖੁ ਰੋਈ॥**
ਕਹੁ ਨਾਨਕ ਕਿਨਿ ਬਿਧਿ ਗਤਿ ਹੋਈ॥ ੧॥

1. ਪਾਗਲ।



## ਭਾਈ ਗੁਰਦਾਸ ਜੀ
## ਵਾਰ ੧ ਪਉੜੀ ੩੦

ਕਲਿ ਆਈ[1] ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।
ਰਾਜੇ ਪਾਪੁ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨੁ ਕੂੜ[2] ਕੁਸਤੁ ਮੁਖਹੁ ਆਲਾਈ।
ਚੇਲੇ ਸਾਜ ਵਜਾਇੰਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ।
ਸੇਵਕ ਬੈਠਨਿ ਘਰਾਂ ਵਿਚਿ ਗੁਰ ਉਠ ਘਰੀਂ ਤਿਨਾੜੇ ਜਾਈ।
ਕਾਜੀ ਹੋਏ ਰਿਸਵਤੀ ਵਢੀ ਲੈਕੈ ਹਕੁ ਗਵਾਈ।
ਇਸਤ੍ਰੀ ਪੁਰਖੈ ਦਾਮਿ ਹਿਤੁ[3] ਭਾਵੈ ਆਇ ਕਿਥਾਊਂ ਜਾਈ।
**ਵਰਤਿਆ ਪਾਪੁ ਸਭਸਿ ਜਗਿ ਮਾਂਹੀ॥੩੦॥**

1. ਕਲਜੁਗ ਵਰਤ ਗਿਆ। 2. ਝੂਠ। 3. ਪੈਸੇ ਦਾ ਪਿਆਰ।

## ਸਲੋਕ ਮਹਲਾ ੧ ਵਾਰ ਰਾਮਕਲੀ
## ਆਦਿ ਗ੍ਰੰਥ, ਪੰਨਾ ੯੫੫

ਵੇਲਿ ਪਿੰਞਾਇਆ ਕਤਿ ਵੁਣਾਇਆ ॥
ਕਟਿ ਕੁਟਿ ਕਰਿ ਖੁੰਬਿ ਚੜਾਇਆ ॥
ਲੋਹਾ ਵਢੇ ਦਰਜੀ ਪਾੜੇ ਸੂਈ ਧਾਗਾ ਸੀਵੈ ॥
ਇਉ ਪਤਿ ਪਾਟੀ ਸਿਫਤੀ ਸੀਪੈ ਨਾਨਕ ਜੀਵਤ ਜੀਵੈ ॥
ਹੋਇ ਪੁਰਾਣਾ ਕਪੜੁ ਪਾਟੈ ਸੂਈ ਧਾਗਾ ਗੰਢੈ ॥
ਮਾਹੁ ਪਖੁ[1] ਕਿਹੁ ਚਲੈ ਨਾਹੀ ਘੜੀ ਮੁਹਤੁ[2] ਕਿਛੁ ਹੰਢੈ ॥
**ਸਚੁ ਪੁਰਾਣਾ ਹੋਵੈ ਨਾਹੀ ਸੀਤਾ ਕਦੇ ਨ ਪਾਟੈ ॥**
**ਨਾਨਕ ਸਾਹਿਬੁ ਸਚੋ ਸਚਾ ਤਿਚਰੁ[3] ਜਾਪੀ ਜਾਪੈ[4] ॥ ੧ ॥**

1. ਚਾਨਣਾ ਤੇ ਹਨ੍ਹੇਰਾ ਪੱਖ। 2. ਮਹੂਰਤ। 3. ਉਤਨਾ ਚਿਰ। 4. ਜਪਿਆ ਜਾਏ।



## ਭਾਈ ਗੁਰਦਾਸ ਜੀ
## ਵਾਰ ੧੪ ਪਉੜੀ ੧੨

ਦੁਖ ਸਹੈ ਕਪਾਹਿ ਭਾਣਾ ਭਾਇਆ।
ਵੇਲਣਿ ਵੇਲ ਵਲਾਇ[1] ਤੁੰਬਿ ਤੁੰਬਾਇਆ।
ਪਿੰਞਨ[2] ਪਿੰਜ ਫਿਰਾਇ ਸੂਤੁ ਕਤਾਇਆ।
ਨਲੀ ਜੁਲਾਹੇ ਵਾਹਿ[3] ਚੀਰੁ[4] ਵੁਣਾਇਆ।
ਖੁੰਬ ਚੜਾਇਨਿ ਬਾਹਿ[5] ਨੀਰਿ ਧੁਵਾਇਆ।
**ਪੈਨ੍ਹਿ ਸਾਹਿ ਪਾਤਿਸਾਹਿ ਸਭਾ ਸੁਹਾਇਆ।੧੨॥**

1. ਵੜੇਵੇਂ ਅੱਡ ਕਰਨਾ। 2. ਪੇਂਜਾ। 3. ਚਲਾ ਕੇ। 4. ਕੱਪੜਾ। 5. ਨਦੀ ਨਾਲੇ।

## ਆਸਾ ਘਰੁ ੮ ਕਾਫੀ ਮਹਲਾ ੫

## ੧ੴ ਸਤਿਗੁਰ ਪ੍ਰਸਾਦਿ॥

## ਆਦਿ ਗ੍ਰੰਥ, ਪੰਨਾ ੩੯੬

**ਮੈ ਬੰਦਾ ਬੈ ਖਰੀਦੁ ਸਚੁ ਸਾਹਿਬੁ ਮੇਰਾ॥**

ਜੀਉ ਪਿੰਡੁ ਸਭੁ ਤਿਸ ਦਾ ਸਭੁ ਕਿਛੁ ਹੈ ਤੇਰਾ॥ ੧॥
ਮਾਣੁ ਨਿਮਾਣੇ ਤੂੰ ਧਣੀ ਤੇਰਾ ਭਰਵਾਸਾ॥
ਬਿਨੁ ਸਾਚੇ ਅਨ ਟੇਕ ਹੈ ਸੋ ਜਾਣਹੁ ਕਾਚਾ॥ ੧॥ ਰਹਾਉ॥
ਤੇਰਾ ਹੁਕਮੁ ਅਪਾਰ ਹੈ ਕੋਈ ਅੰਤੁ ਨ ਪਾਏ॥
ਜਿਸੁ ਗੁਰੁ ਪੂਰਾ ਭੇਟਸੀ ਸੋ ਚਲੈ ਰਜਾਏ॥ ੨॥
ਚਤੁਰਾਈ ਸਿਆਣਪਾ ਕਿਤੈ ਕਾਮਿ ਨ ਆਈਐ॥
ਤੁਠਾ ਸਾਹਿਬੁ ਜੋ ਦੇਵੈ ਸੋਈ ਸੁਖੁ ਪਾਈਐ॥ ੩॥
ਜੇ ਲਖ ਕਰਮ ਕਮਾਈਅਹਿ ਕਿਛੁ ਪਵੈ ਨ ਬੰਧਾ[1]॥
ਜਨ ਨਾਨਕ ਕੀਤਾ ਨਾਮੁ ਧਰ ਹੋਰੁ ਛੋਡਿਆ ਧੰਧਾ॥ ੪॥ ੧॥

## ਮਾਰੂ ਮਹਲਾ ੧, ਪੰਨਾ ੯੯੧

**ਮੁਲ ਖਰੀਦੀ ਲਾਲਾ ਗੋਲਾ, ਮੇਰਾ ਨਾਉ ਸਭਾਗਾ॥**

... ... ... ....

## ਆਦਿ ਗ੍ਰੰਥ, ਪੰਨਾ ੧੧੦੨

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥

1. ਕੋਈ ਰੋਕ ਨਹੀਂ ਪੈਂਦੀ।



## ਭਾਈ ਗੁਰਦਾਸ ਜੀ

## ਵਾਰ ੩ ਪਉੜੀ ੧੯

**ਮੁਰਦਾ ਹੋਇ ਮੁਰੀਦੁ[1] ਨ ਗਲੀ ਹੋਵਣਾ।**
ਸਾਬਰੁ[2] ਸਿਦਕਿ ਸਹੀਦੁ[3] ਭਰਮ ਭਉ ਖੋਵਣਾ।
ਗੋਲਾ ਮੁਲ ਖਰੀਦੁ ਕਾਰੇ ਜੋਵਣਾ[4]।
ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।
ਪੀਹਣਿ ਹੋਇ ਜਦੀਦ[5] ਪਾਣੀ ਢੋਵਣਾ।
ਪਖੇ ਦੀ ਤਾਗੀਦ ਪਗ ਮਲਿ ਧੋਵਣਾ।
ਸੇਵਕ ਹੋਇ ਸੰਜੀਦੁ[6] ਨ ਹਸਣੁ ਰੋਵਣਾ।
ਦਰ ਦਰਵੇਸ ਰਸੀਦੁ[7] ਪਿਰਮ ਰਸੁ ਭੋਵਣਾ।
ਚੰਦ ਮੁਮਾਰਖਿ[8] ਈਦ ਪੁਗਿ[9] ਖਲੋਵਣਾ॥੧੯॥

1. ਚੇਲਾ। 2. ਸੰਤੋਖੀ, ਸਹਾਰੇ ਵਾਲਾ। 3. ਜੋ ਸਾਹਮਣੇ ਹੋ ਕੇ ਮਰੇ। 4. ਹਰ ਸਮੇਂ ਟਹਿਲ ਕਰੇ। 5. ਨਵਾਂ, ਤਾਜ਼ਾ। 6. ਗਹਿਰ ਗੰਭੀਰ। 7. ਪਹੁੰਚਣਾ। 8. ਵਧਾਈਆਂ। 9. ਪੂਰਨ (ਚੰਦਰਮਾ) ਹੋ ਜਾਣਾ।

## ਸਲੋਕ ਮਹਲਾ ੧ ਆਸਾ ਦੀ ਵਾਰ
## ਆਦਿ ਗ੍ਰੰਥ, ਪੰਨਾ ੪੬੮

ਸਚੁ[1] ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥
ਕੂੜ ਕੀ ਮਲੁ ਉਤਰੈ ਤਨੁ ਕਰੇ ਹਛਾ ਧੋਇ॥
ਸਚੁ ਤਾ ਪਰੁ ਜਾਣੀਐ ਜਾ ਸਚਿ ਧਰੇ ਪਿਆਰੁ॥
ਨਾਉ ਸੁਣਿ ਮਨੁ ਰਹਸੀਐ[2] ਤਾ ਪਾਏ ਮੋਖ ਦੁਆਰੁ[3]॥
ਸਚੁ ਤਾ ਪਰੁ ਜਾਣੀਐ ਜਾ ਜੁਗਤਿ[4] ਜਾਣੈ ਜੀਉ॥
ਧਰਤਿ ਕਾਇਆ ਸਾਧ ਕੈ ਵਿਚਿ ਦੇਇ ਕਰਤਾ ਬੀਉ॥
ਸਚੁ ਤਾ ਪਰੁ ਜਾਣੀਐ ਜਾ ਸਿਖ ਸਚੀ ਲੇਇ॥
ਦਇਆ ਜਾਣੈ ਜੀਅ ਕੀ ਕਿਛੁ ਪੁੰਨੁ ਦਾਨੁ ਕਰੇਇ॥
ਸਚੁ ਤਾਂ ਪਰੁ ਜਾਣੀਐ ਜਾ ਆਤਮ ਤੀਰਥਿ[5] ਕਰੇ ਨਿਵਾਸੁ॥
ਸਤਿਗੁਰੂ ਨੋ ਪੁਛਿ ਕੈ ਬਹਿ ਰਹੈ ਕਰੇ ਨਿਵਾਸੁ॥
**ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥**
**ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ॥੨॥**

1. ਸਤ, ਸਦਾ ਹੋਂਦ ਵਾਲਾ। 2. ਖਿੜਦਾ, ਪ੍ਰਸੰਨ ਹੁੰਦਾ ਹੈ। 3. ਮੁਕਤੀ ਦਾ ਦਰਵਾਜ਼ਾ। 4. ਤਰੀਕਾ। 5. ਗਿਆਨ ਰੂਪੀ ਤੀਰਥ।



## ਭਾਈ ਗੁਰਦਾਸ ਜੀ
## ਵਾਰ ੧੮ ਪਉੜੀ ੧੯

ਜਪ ਤਪ ਸੰਜਮ ਲਖ ਲਖ ਹੋਮ ਜਗ ਨਈਵੇਦ[1] ਕਰੋੜੀ।
ਵਰਤ ਨੇਮ ਸੰਜਮ ਘਣੇ ਕਰਮ ਧਰਮ ਲਖ ਤੰਦੁ ਮਰੋੜੀ।
ਤੀਰਥ ਪੁਰਬ ਸੰਜੋਗ ਲਖ ਪੁੰਨ ਦਾਨੁ ਉਪਕਾਰ ਨ ਓੜੀ[2]।
ਦੇਵੀ ਦੇਵ ਸਰੇਵਣੇ[3] ਵਰ ਸਰਾਪ ਲਖ ਜੋੜ ਵਿਛੋੜੀ।
ਦਰਸਨ ਵਰਨ ਅਵਰਨ ਲਖ ਪੂਜਾ ਅਰਚਾ ਬੰਧਨ ਤੋੜੀ।
ਲੋਕ ਵੇਦ ਗੁਣ ਗਿਆਨ ਲਖ ਜੋਗ ਭੋਗ ਲਖ ਝਾੜਿ[4] ਪਛੋੜੀ।
**ਸਚਹੁੰ ਓਰੈ ਸਭ ਕਿਹੁ ਲਖ ਸਿਆਣਪ ਸੱਭਾ ਥੋੜੀ।**
**ਉਪਰਿ ਸਚੁ ਅਚਾਰੁ ਚਮੋੜੀ[5]॥੧੯॥**

1. ਠਾਕਰ ਨੂੰ ਭੋਗ ਲਗਾਉਣਾ। 2. ਅੰਤ। 3. ਸੇਵਾ। 4. ਝਾੜ ਕੇ ਪਿੱਛੇ ਕੀਤੇ 5. ਚੰਮੜਿਆ ਭਾਵ ਰੱਖਿਆ ਹੈ।

## ਸਲੋਕ ਮਹਲਾ ੫
## ਆਦਿ ਗ੍ਰੰਥ, ਪੰਨਾ ੯੫੮

**ਧੰਨੁ ਸੁ ਵੇਲਾ ਘੜੀ ਧੰਨੁ**
**ਧਨੁ ਮੂਰਤੁ ਪਲੁ ਸਾਰੁ**[1] ॥
ਧੰਨੁ ਸੁ ਦਿਨਸੁ ਸੰਜੋਗੜਾ
ਜਿਤੁ ਡਿਠਾ ਗੁਰ ਦਰਸਾਰੁ ॥
ਮਨ ਕੀਆ ਇਛਾ ਪੂਰੀਆ
ਹਰਿ ਪਾਇਆ ਅਗਮ ਅਪਾਰੁ ॥
ਹਉਮੈ ਤੁਟਾ ਮੋਹੜਾ
ਇਕੁ ਸਚੁ ਨਾਮੁ ਆਧਾਰੁ ॥
ਜਨੁ ਨਾਨਕੁ ਲਗਾ ਸੇਵ ਹਰਿ
ਉਧਰਿਆ ਸਗਲ ਸੰਸਾਰੁ ॥ ੨ ॥

1. ਇਕ ਸਮਾਨ।



## ਭਾਈ ਗੁਰਦਾਸ ਜੀ
## ਵਾਰ ੬ ਪਉੜੀ ੧੭

**ਧੰਨੁ ਪਲੁ**[1] **ਚਸਾ**[2] **ਘੜੀ**[3] **ਪਹਰੁ**[4] **ਧੰਨੁ ਧੰਨੁ ਥਿਤਿ ਸੁ ਵਾਰ ਸਭਾਗੇ।**
**ਧੰਨੁ ਧੰਨੁ ਦਿਹੁ ਰਾਤਿ ਹੈ ਪਖੁ**[5] **ਮਾਹ ਰੁਤਿ ਸੰਮਤਿ ਜਾਗੇ।**
ਧੰਨੁ ਅਭੀਚੁ ਨਿਛਤ੍ਰ ਹੈ ਕਾਮੁ ਕ੍ਰੋਧ ਅਹੰਕਾਰੁ ਤਿਆਗੇ।
ਧੰਨੁ ਧੰਨੁ ਸੰਜੋਗੁ ਹੈ ਅਠਸਠਿ ਤੀਰਥ ਰਾਜ ਪਿਰਾਗੇ।
ਗੁਰੂ ਦੁਆਰੈ ਆਇਕੈ ਚਰਣ ਕਵਲ ਰਸ ਅੰਮ੍ਰਿਤੁ ਪਾਗੇ।
ਗੁਰ ਉਪਦੇਸੁ ਅਵੇਸੁ ਕਰਿ ਅਨਭੈ ਪਿਰਮ ਪਿਰੀ ਅਨੁਰਾਗੇ।
ਸਬਦਿ ਸੁਰਤਿ ਲਿਵ ਸਾਧ ਸੰਗਿ ਅੰਗਿਅੰਗਿ ਇਕ ਰੰਗਿ ਸਮਾਗੇ।
ਰਤਨੁ ਮਾਲੁ ਕਰਿ ਕਚੇ ਧਾਗੇ ॥ ੧੭ ॥

1. 6 ਸਵਾਸਾਂ ਦਾ ਇਕ ਪਲ। 2. ਛਿਨ 6। 3. 60 ਪਲਾਂ ਦੀ ਇਕ ਘੜੀ। 4. 8 ਘੜੀ ਦਾ ਇਕ ਪਹਿਰ। 5. 15 ਦਿਨ ਰਾਤ ਦਾ ਇਕ ਪੱਖ।

## ਧਨਾਸਰੀ ਮਹਲਾ ੯
## ਆਦਿ ਗ੍ਰੰਥ, ਪੰਨਾ ੬੮੪

ਕਾਹੇ ਰੇ ਬਨ ਖੋਜਨ ਜਾਈ॥
ਸਰਬ ਨਿਵਾਸੀ ਸਦਾ ਅਲੇਪਾ
ਤੋਹੀ ਸੰਗਿ ਸਮਾਈ॥੧॥ ਰਹਾਉ॥
**ਪੁਹਪ[1] ਮਧਿ ਜਿਉ ਬਾਸੁ ਬਸਤੁ ਹੈ**
**ਮੁਕਰ[2] ਮਾਹਿ ਜੈਸੇ ਛਾਈ॥**
ਤੈਸੇ ਹੀ ਹਰਿ ਬਸੇ ਨਿਰੰਤਰਿ[3]
ਘਟ ਹੀ ਖੋਜਹੁ ਭਾਈ॥੧॥
ਬਾਹਰਿ ਭੀਤਰਿ ਏਕੋ ਜਾਨਹੁ
ਇਹੁ ਗੁਰ ਗਿਆਨੁ ਬਤਾਈ॥
ਜਨ ਨਾਨਕ ਬਿਨੁ ਆਪਾ ਚੀਨੈ
ਮਿਟੈ ਨ ਭ੍ਰਮ ਕੀ ਕਾਈ[4]॥੨॥

1. ਫੁੱਲ। 2. ਸ਼ੀਸ਼ਾ। 3. ਅੰਦਰ। 4. ਮੇਲ।



## ਭਾਈ ਗੁਰਦਾਸ ਜੀ
## ਵਾਰ ੧੮ ਪਉੜੀ ੬

ਲਖ ਅਸਮਾਨ ਉਚਾਨਿ ਚੜਿ ਉਚਾ ਹੋਇ ਨ ਅੰਬੜਿ[1] ਸਕੈ।
ਉਚੀ ਹੂੰ ਊਚਾ ਘਣਾ ਥਾਉ ਗਿਰਾਉ[2] ਨ ਨਾਉ ਅਥਕੈ[3]।
ਲਖ ਪਤਾਲ ਨੀਵਾਣਿ[4] ਜਾਇ ਨੀਵਾ ਹੋਇ ਨ ਨੀਵੈ ਤਕੈ[5]।
ਪੂਰਬਿ ਪਛਮਿ ਉਤਰਾਧਿ ਦਖਣਿ ਫੇਰਿ ਚਉਫੇਰਿ ਨ ਢਕੈ[6]।
ਓੜਕ ਮੂਲੁ ਨ ਲਭਈ ਓਪਤਿ[7] ਪਰਲਉ ਅਖਿ ਫਰਕੈ।
**ਫੁਲਾਂ ਅੰਦਰਿ ਵਾਸੁ ਮਹਕੈ[8]॥੬॥**

1. ਪਹੁੰਚ ਸਕਣਾ। 2. ਪਿੰਡ। 3. ਜੋ ਥੱਕਣ ਵਿਚ ਨਾ ਆਵੇ। 4. ਡੂੰਘਾਈ। 5. ਡੂੰਘੇ ਰੱਬ ਨੂੰ ਭਾਲ ਨਹੀਂ ਸਕਦਾ। 6. ਕੱਜਣਾ। 7. ਉਤਪਤੀ। 8. ਮਹਿਕਣਾ, ਵਿਆਪਕ ਹੋਣਾ।

## ਸਲੋਕ ਮਹਲਾ ੧
## ਆਦਿ ਗ੍ਰੰਥ, ਪੰਨਾ ੪੬੪

**ਭੈ ਵਿਚਿ** ਪਵਣੁ ਵਹੈ ਸਦਵਾਉ[1] ॥
ਭੈ ਵਿਚਿ ਚਲਹਿ ਲਖ ਦਰੀਆਉ ॥
ਭੈ ਵਿਚਿ ਅਗਨਿ ਕਢੈ ਵੇਗਾਰਿ ॥
ਭੈ ਵਿਚਿ ਧਰਤੀ ਦਬੀ ਭਾਰਿ ॥
ਭੈ ਵਿਚਿ ਇੰਦੁ[2] ਫਿਰੈ ਸਿਰ ਭਾਰਿ ॥
ਭੈ ਵਿਚਿ ਰਾਜਾ ਧਰਮੁ ਦੁਆਰੁ ॥
ਭੈ ਵਿਚਿ ਸੂਰਜੁ ਭੈ ਵਿਚਿ ਚੰਦੁ ॥
ਕੋਹ ਕਰੋੜੀ ਚਲਤ ਨ ਅੰਤੁ ॥
ਭੈ ਵਿਚਿ ਸਿਧ ਬੁਧ ਸੁਰ ਨਾਥ ॥
ਭੈ ਵਿਚਿ ਆਡਾਣੇ ਆਕਾਸ ॥
ਭੈ ਵਿਚਿ ਜੋਧ ਮਹਾਬਲ ਸੂਰ ॥
ਭੈ ਵਿਚਿ ਆਵਹਿ ਜਾਵਹਿ ਪੂਰ ॥
**ਸਗਲਿਆ ਭਉ ਲਿਖਿਆ ਸਿਰਿ ਲੇਖੁ ॥**
**ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥**

1. ਸਦਾ ਚੱਲਣ ਵਾਲੀ (ਹਵਾ)। 2. ਬੱਦਲ।



## ਭਾਈ ਗੁਰਦਾਸ ਜੀ
## ਵਾਰ ੧੯ ਪਉੜੀ ੫

**ਭੈ ਵਿਚਿ** ਧਰਤਿ ਅਗਾਸੁ[1] ਹੈ ਨਿਰਾਧਾਰ[2] ਭੈ ਭਾਰਿ ਧਰਾਇਆ।
ਪਉਣੁ ਪਾਣੀ ਬੈਸੰਤਰੋ ਭੈ ਵਿਚਿ ਰਖੈ ਮੇਲਿ ਮਿਲਾਇਆ।
ਪਾਣੀ ਅੰਦਰਿ ਧਰਤਿ ਧਰਿ ਵਿਣੁ ਥੰਮ੍ਹਾ ਆਗਾਸੁ ਰਹਾਇਆ।
ਕਾਠੈ[3] ਅੰਦਰਿ ਅਗਨਿ ਧਰਿ ਕਰਿ ਪਰਫੁਲਿਤ ਸੁਫਲੁ ਫਲਾਇਆ।
**ਨਵੀ ਦੁਆਰੀ[4] ਪਵਣੁ ਧਰਿ ਭੈ ਵਿਚਿ ਸੂਰਜੁ ਚੰਦ ਚਲਾਇਆ।**
**ਨਿਰਭਉ ਆਪਿ ਨਿਰੰਜਨੁ ਰਾਇਆ ॥ ੫ ॥**

1. ਆਕਾਸ਼। 2. ਆਸਰੇ ਤੋਂ ਬਿਨਾਂ। 3. ਲੱਕੜੀ। 4. ਨੌਂ ਗੋਲਕਾਂ ਵਿਖੇ।

## ਬਿਹਾਗੜਾ ਮਹਲਾ ੫ ਛੰਤ
## ਆਦਿ ਗ੍ਰੰਥ, ਪੰਨਾ ੫੪੬

ਅਨ ਕਾਏ[1] ਰਾਤੜਿਆ[2] ਵਾਟ ਦੁਹੇਲੀ[3] ਰਾਮ॥
ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ॥
ਕੋਏ ਨ ਬੇਲੀ ਹੋਇ ਤੇਰਾ ਸਦਾ ਪਛੋਤਾਵਹੇ॥
ਗੁਨ ਗੁਪਾਲ ਨ ਜਪਹਿ ਰਸਨਾ
ਫਿਰਿ ਕਦਹੁ ਸੇ ਦਿਹ ਆਵਹੇ॥
ਤਰਵਰ ਵਿਛੁੰਨੇ ਨਹ ਪਾਤ ਜੁੜਤੇ
ਜਮ ਮਗਿ ਗਉਨੁ ਇਕੇਲੀ॥
**ਬਿਨਵੰਤ ਨਾਨਕ ਬਿਨੁ ਨਾਮ ਹਰਿ ਕੇ**
**ਸਦਾ ਫਿਰਤ ਦੁਹੇਲੀ॥੧॥**

## ਪੰਨਾ ੧੪੨੫

ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ॥

1. ਹੋਰਨਾਂ ਵਿਚ। 2. ਰਤੇ ਹੋਏ। 3. ਦੁਖਦਾਈ।



## ਭਾਈ ਗੁਰਦਾਸ ਜੀ
## ਵਾਰ ੩੪ ਪਉੜੀ ੪

ਰਤਨ ਮਣੀ ਗਲਿ ਬਾਂਦਰੈ ਕਿਹੁ ਕੀਮ ਨ ਜਾਣੈ।
ਕੜਛੀ ਸਾਉ ਨ ਸੰਮਲੈ ਭੋਜਨ ਰਸੁ ਖਾਣੈ।
ਡਡੂ ਚਿਕੜਿ ਵਾਸੁ ਹੈ ਕਵਲੈ ਨ ਸਿਞਾਣੈ।
ਨਾਭਿ ਕਥੂਰੀ ਮਿਰਗ ਦੈ ਫਿਰਦਾ ਹੈਰਾਣੈ।
ਗੁਜਰੁ ਗੋਰਸੁ[1] ਵੇਚਿਕੈ ਖਲਿ ਸੂੜੀ[2] ਆਣੈ।
**ਬੇਮੁਖ ਮੂਲਹੁ ਘੁਥਿਆ ਦੁਖੁ ਸਹੈ ਜਮਾਣੈ[3]॥੪॥**

1. ਦੁੱਧ। 2. ਛਾਣ ਬੂਰਾ। 3. ਜਮਾਂ ਦੇ।

## ਗਉੜੀ ਸੁਖਮਨੀ ਮ: ੫
## ਆਦਿ ਗ੍ਰੰਥ, ਪੰਨਾ ੨੬੯

ਰਹਤ[1] ਅਵਰ[2] ਕਛੁ ਅਵਰ ਕਮਾਵਤ॥
ਮਨਿ ਨਹੀ ਪ੍ਰੀਤਿ ਮੁਖਹੁ ਗੰਢ[3] ਲਾਵਤ॥
ਜਾਨਨਹਾਰ ਪ੍ਰਭੂ ਪਰਬੀਨ[4]॥
ਬਾਹਰਿ ਭੇਖ[5] ਨ ਕਾਹੂ ਭੀਨ॥
**ਅਵਰ ਉਪਦੇਸੈ ਆਪਿ ਨ ਕਰੈ॥**
**ਆਵਤ ਜਾਵਤ ਜਨਮੈ ਮਰੈ॥**
ਜਿਸ ਕੈ ਅੰਤਰਿ ਬਸੈ ਨਿਰੰਕਾਰੁ॥
ਤਿਸ ਕੀ ਸੀਖ[6] ਤਰੈ ਸੰਸਾਰੁ॥
ਜੋ ਤੁਮ ਭਾਨੇ[7] ਤਿਨ ਪ੍ਰਭੁ ਜਾਤਾ॥
ਨਾਨਕ ਉਨ ਜਨ ਚਰਨ ਪਰਾਤਾ[8]॥ ੭॥

## ਸਲੋਕ ਕਬੀਰ ਜੀਉ ਕੇ ੧ਓ ਸਤਿਗੁਰ ਪ੍ਰਸਾਦਿ॥
## ਪੰਨਾ ੧੩੬੯

**ਕਬੀਰ ਅਵਰਹ ਕਉ ਉਪਦੇਸਤੇ ਮੁਖ ਮੈ ਪਰਿ ਹੈ ਰੇਤੁ॥**
**ਰਾਸਿ ਬਿਰਾਨੀ ਰਾਖਤੇ ਖਾਯਾ ਘਰ ਕਾ ਖੇਤੁ॥ ੯੮॥**

1. ਰਹਿਣੀ। 2. ਹੋਰ। 3. ਜੋੜ। 4. ਸੁਜਾਨ। 5. ਪਹਿਰਾਵਾ। 6. ਸਿੱਖਿਆ, ਉਪਦੇਸ਼। 7. ਚੰਗੇ ਲੱਗੇ। 8. ਪੈਂਦਾ ਹੈ।



## ਭਾਈ ਗੁਰਦਾਸ ਜੀ
## ਵਾਰ ੩੪ ਪਉੜੀ ੩

**ਆਪਿ ਨ ਵੰਞੈ ਸਾਹੁਰੇ ਸਿਖ ਲੋਕ ਸੁਣਾਵੈ।**
ਕੰਤ[1] ਨ ਪੁਛੈ ਵਾਤੜੀ[2] ਸੁਹਾਗੁ ਗਣਾਵੈ।
ਚੂਹਾ ਖਡ ਨ ਮਾਵਈ ਲਕਿ ਛਜੁ ਵਲਾਵੈ।
ਮੰਤੁ ਨ ਹੋਇ ਅਠੂਹਿਆਂ ਹਥੁ ਸਪੀ ਪਾਵੈ।
ਸਰੁ[3] ਸੰਨ੍ਹੈ ਆਗਾਸ ਨੋ ਫਿਰਿ ਮਥੈ ਆਵੈ।
**ਦੁਹੀ ਸਰਾਈ ਜਰਦਰੂ[4] ਬੇਮੁਖ ਪਛੁਤਾਵੈ॥੩॥**

1. ਪਤੀ। 2. ਗੱਲ। 3. ਬਾਣ। 4. ਪੀਲਾ ਮੂੰਹ, ਸ਼ਰਮਿੰਦਾ।

## ਸਲੋਕ ਮਹਲਾ ੪ ਗਉੜੀ ਕੀ ਵਾਰ
## ਆਦਿ ਗ੍ਰੰਥ, ਪੰਨਾ ੩੧੬

ਮਨਮੁਖ ਮੂਲਹੁ[1] ਭੁਲਿਆ
ਵਿਚਿ ਲਬੁ ਲੋਭੁ ਅਹੰਕਾਰੁ ॥
ਝਗੜਾ ਕਰਦਿਆ ਅਨਦਿਨੁ ਗੁਦਰੈ[2]
ਸਬਦਿ ਨ ਕਰੈ ਵੀਚਾਰੁ ॥
ਸੁਧਿ ਮਤਿ ਕਰਤੈ ਹਿਰਿ ਲਈ[3]
ਬੋਲਨਿ ਸਭੁ ਵਿਕਾਰੁ ॥
ਦਿਤੈ ਕਿਤੈ ਨ ਸੰਤੋਖੀਅਹਿ
ਅੰਤਰਿ ਤ੍ਰਿਸਨਾ ਬਹੁ ਅਗਿਆਨੁ ਅੰਧਾਰੁ ॥
**ਨਾਨਕ ਮਨਮੁਖਾ ਨਾਲੋਂ ਤੁਟੀ ਭਲੀ**
**ਜਿਨ ਮਾਇਆ ਮੋਹਿ ਪਿਆਰੁ ॥ ੧ ॥**

1. ਮੁੱਢ ਤੋਂ। 2. ਗੁਜ਼ਰਦਾ, ਬੀਤਦਾ ਹੈ। 3. ਖੋਹ ਲਈ।



## ਭਾਈ ਗੁਰਦਾਸ ਜੀ
## ਵਾਰ ੩੪ ਪਉੜੀ ੧੫

ਵੜੀਐ ਕਜਲ ਕੋਠੜੀ ਮੁਹੁ ਕਾਲਖ ਭਰੀਐ।
ਕਲਰਿ ਖੇਤੀ ਬੀਜੀਐ ਕਿਹੁ ਕਾਜੁ ਨ ਸਰੀਐ।
ਟੁਟੀ ਪੀਂਘੈ ਪੀਂਘੀਐ ਪੈ ਟੋਏ ਮਰੀਐ।
ਕੰਨਾਂ ਫੜਿ ਮਨਤਾਰੂਆਂ ਕਿਉਂ ਦੁਤਰੁ ਤਰੀਐ।
ਅਗਿ ਲਾਇ ਮੰਦਰਿ ਸਵੈ ਤਿਸੁ ਨਾਲਿ ਨ ਫਰੀਐ।
**ਤਿਉਂ ਠਗ ਸੰਗਤਿ ਬੇਮੁਖਾਂ ਜੀਅ ਜੋਖਹੁ ਡਰੀਐ ॥ ੧੫ ॥**

## ਸਿਰੀਰਾਗੁ ਮਹਲਾ ੧
## ਆਦਿ ਗ੍ਰੰਥ, ਪੰਨਾ ੬੨

ਰਾਮ ਨਾਮਿ ਮਨੁ ਬੇਧਿਆ[1] ਅਵਰੁ ਕਿ ਕਰੀ ਵੀਚਾਰੁ ॥
ਸਬਦ ਸੁਰਤਿ ਸੁਖੁ ਊਪਜੈ ਪ੍ਰਭ ਰਾਤਉ ਸੁਖ ਸਾਰੁ[2] ॥
ਜਿਉ ਭਾਵੈ ਤਿਉ ਰਾਖੁ ਤੂੰ ਮੈ ਹਰਿ ਨਾਮੁ ਅਧਾਰੁ ॥ ੧ ॥
ਮਨ ਰੇ ਸਾਚੀ ਖਸਮ ਰਜਾਇ ॥
ਜਿਨਿ ਤਨੁ ਮਨੁ ਸਾਜਿ ਸੀਗਾਰਿਆ
ਤਿਸੁ ਸੇਤੀ ਲਿਵ ਲਾਇ ॥ ੧ ॥ ਰਹਾਉ ॥
ਤਨੁ ਬੈਸੰਤਰਿ ਹੋਮੀਐ ਇਕ ਰਤੀ[3] ਤੋਲਿ ਕਟਾਇ ॥
ਤਨੁ ਮਨੁ ਸਮਧਾ[4] ਜੇ ਕਰੀ ਅਨਦਿਨੁ ਅਗਨਿ ਜਲਾਇ ॥
ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਟੀ ਕਰਮ ਕਮਾਇ ॥ ੨ ॥
ਅਰਧ ਸਰੀਰੁ ਕਟਾਈਐ ਸਿਰਿ ਕਰਵਤੁ ਧਰਾਇ ॥
ਤਨੁ ਹੈਮੰਚਲਿ[5] ਗਾਲੀਐ ਭੀ ਮਨ ਤੇ ਰੋਗੁ ਨ ਜਾਇ ॥
ਹਰਿ ਨਾਮੈ ਤੁਲਿ ਨ ਪੁਜਈ ਸਭ ਡਿਠੀ ਠੋਕਿ ਵਜਾਇ ॥ ੩ ॥
ਕੰਚਨ ਕੇ ਕੋਟ ਦਤੁ ਕਰੀ ਬਹੁ ਹੈਵਰ ਗੈਵਰ ਦਾਨੁ ॥
ਭੂਮਿ ਦਾਨੁ ਗਊਆ ਘਣੀ ਭੀ ਅੰਤਰਿ ਗਰਬੁ ਗੁਮਾਨੁ ॥
ਰਾਮ ਨਾਮਿ ਮਨੁ ਬੇਧਿਆ ਗੁਰਿ ਦੀਆ ਸਚੁ ਦਾਨੁ ॥ ੪ ॥
ਮਨਹਠ ਬੁਧੀ ਕੇਤੀਆ ਕੇਤੇ ਬੇਦ ਬੀਚਾਰ ॥
ਕੇਤੇ ਬੰਧਨ ਜੀਅ ਕੇ ਗੁਰਮੁਖਿ ਮੋਖ ਦੁਆਰ ॥
**ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥ ੫ ॥**

1. ਵਿੰਨ੍ਹਿਆ ਗਿਆ। 2. ਸ੍ਰੇਸ਼ਟ। 3. ਟੋਟੇ ਟੋਟੇ। 4. ਲੱਕੜੀ। 5. ਹਿਮਾਲਿਆ, ਹਿਮਾਲਿਆ ਦੀ ਬਰਫ਼।



## ਭਾਈ ਗੁਰਦਾਸ ਜੀ
## ਵਾਰ ੭ ਪਉੜੀ ੧

ਸਤਿਗੁਰੁ ਸਚਾ ਪਤਿਸਾਹੁ ਸਾਧ ਸੰਗਤਿ ਸਚੁ ਖੰਡੁ ਵਸਾਇਆ।
ਗੁਰਸਿਖਲੈ ਗੁਰਸਿਖ ਹੋਇ ਆਪੁ ਗਵਾਇ ਨ ਆਪੁ ਗਣਾਇਆ।
ਗੁਰ ਸਿਖ ਸਭੋ ਸਾਧਨਾ ਸਾਧਿ[1] ਸਧਾਇ[2] ਸਾਧੁ ਸਦਵਾਇਆ।
ਚਹੁ ਵਰਣਾ ਉਪਦੇਸ ਦੇ ਮਾਇਆ ਵਿਚਿ ਉਦਾਸੁ ਰਹਾਇਆ।
**ਸਚਹੁ ਓਰੈ[3] ਸਭੁ ਕਿਹੁ ਸਚੁ ਨਾਉ ਗੁਰਮੰਤੁ ਦਿੜਾਇਆ।**
ਹੁਕਮੈ ਅੰਦਰਿ ਸਭ ਕੋ ਮੰਨੈ ਹੁਕਮੁ ਸੁ ਸਚਿ ਸਮਾਇਆ।
ਸਬਦ ਸੁਰਤਿ ਲਿਵ ਅਲਖੁ ਲਖਾਇਆ ॥ ੧ ॥

1. ਸਿੱਧੀ। 2. ਸਾਧ ਕੇ। 3. ਉਰੇ।

## ਮਹਲਾ ੧ (ਰਾਮਕਲੀ ਕੀ ਵਾਰ)
## ਆਦਿ ਗ੍ਰੰਥ, ਪੰਨਾ ੯੫੩

ਨਾਨਕੁ ਆਖੈ ਰੇ ਮਨਾ ਸੁਣੀਐ ਸਿਖ[1] ਸਹੀ॥
ਲੇਖਾ ਰਬੁ ਮੰਗੇਸੀਆ ਬੈਠਾ ਕਢਿ ਵਹੀ॥
ਤਲਬਾ ਪਉਸਨਿ ਆਕੀਆ[2] ਬਾਕੀ ਜਿਨਾ ਰਹੀ॥
ਅਜਰਾਈਲੁ[3] ਫਰੇਸਤਾ ਹੋਸੀ ਆਇ ਤਈ॥
ਆਵਣੁ ਜਾਣੁ ਨ ਸੁਝਈ ਭੀੜੀ ਗਲੀ ਫਹੀ[4]॥
**ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ॥੨॥**

1. ਉਪਦੇਸ਼। 2. ਧਰਮਰਾਜ ਵਿਖੇ ਪੇਸ਼ ਹੋਣਾ। 3. ਧਰਮ ਰਾਏ, ਮੌਤ ਦਾ ਫਰਿਸ਼ਤਾ। 4. ਫਸੀ ਹੋਈ।



## ਭਾਈ ਗੁਰਦਾਸ ਜੀ
## ਵਾਰ ੩੦ ਪਉੜੀ ੧੯

ਗੁਰਮੁਖਿ ਸਚੁ ਅਲਿਪਤੁ ਹੈ ਕੂੜਹੁ ਲੇਪੁ ਨ ਲਗੈ ਭਾਈ।
ਚੰਦਨ ਸਪੀਂ ਵੇੜਿਆ ਚੜ੍ਹੈ ਨ ਵਿਸੁ ਨ ਵਾਸੁ ਘਟਾਈ।
ਪਾਰਸੁ ਅੰਦਰਿ ਪਥਰਾਂ ਅਸਟਧਾਤੁ ਮਿਲਿ ਵਿਗੜਿ ਨ ਜਾਈ।
ਗੰਗ ਸੰਗਿ ਅਪਵਿਤ੍ਰ ਜਲੁ ਕਰਿ ਨ ਸਕੈ ਅਪਵਿਤ੍ਰ ਮਿਲਾਈ[1]।
ਸਾਇਰ ਅਗਿ ਨ ਲਗਈ ਮੇਰੁ[2] ਸੁਮੇਰੁ ਨ ਵਾਉ ਡੁਲਾਈ।
ਬਾਣੁ[3] ਨ ਧੁਰਿ ਅਸਮਾਨਿ ਜਾਇ ਵਾਹੇਂਦੜੁ[4] ਪਿਛੈ ਪਛੁਤਾਈ।
**ਓੜਕਿ ਕੂੜੁ ਕੂੜੋ ਹੁਇ ਜਾਈ॥੧੯॥**

1. ਮਿਲ ਕੇ। 2. ਟਿੱਲਾ। 3. ਤੀਰ। 4. ਤੀਰ ਅੰਦਾਜ਼।

## ਗਉੜੀ ਕੀ ਵਾਰ ਮਹਲਾ ੪
## ਆਦਿ ਗ੍ਰੰਥ, ਪੰਨਾ ੩੧੦

**ਸਾ ਧਰਤੀ ਭਈ ਹਰੀਆਵਲੀ**
**ਜਿਥੈ ਮੇਰਾ ਸਤਿਗੁਰੁ ਬੈਠਾ ਆਇ॥**
ਸੇ ਜੰਤ ਭਏ ਹਰੀਆਵਲੇ
ਜਿਨੀ ਮੇਰਾ ਸਤਿਗੁਰੁ ਦੇਖਿਆ ਜਾਇ॥
ਧਨੁ ਧੰਨੁ ਪਿਤਾ ਧਨੁ ਧੰਨੁ ਕੁਲੁ ਧਨੁ ਧਨੁ ਸੁ ਜਨਨੀ
ਜਿਨਿ ਗੁਰੂ ਜਣਿਆ ਮਾਇ॥
ਧਨੁ ਧੰਨੁ ਗੁਰੂ ਜਿਨਿ ਨਾਮੁ ਅਰਾਧਿਆ
ਆਪਿ ਤਰਿਆ ਜਿਨੀ ਡਿਠਾ ਤਿਨਾ ਲਏ ਛਡਾਇ॥
ਹਰਿ ਸਤਿਗੁਰੁ ਮੇਲਹੁ ਦਇਆ ਕਰਿ
ਜਨੁ ਨਾਨਕੁ ਧੋਵੈ ਪਾਇ॥ ੨॥

## ਆਸਾ ਮਹਲਾ ੪, ਪੰਨਾ ੪੫੦

ਜਿਥੈ ਜਾਇ ਬਹੈ ਮੇਰਾ ਸਤਿਗੁਰੂ
ਸੋ ਥਾਨੁ ਸੁਹਾਵਾ ਰਾਮ ਰਾਜੇ॥
ਗੁਰਸਿਖੀ ਸੋ ਥਾਨੁ ਭਾਲਿਆ
ਲੈ ਧੂਰਿ ਮੁਖਿ ਲਾਵਾ॥
ਗੁਰਸਿਖਾ ਕੀ ਘਾਲ ਥਾਇ ਪਈ
ਜਿਨ ਹਰਿ ਨਾਮੁ ਧਿਆਵਾ॥
ਜਿਨ੍ ਨਾਨਕੁ ਸਤਿਗੁਰੁ ਪੂਜਿਆ
ਤਿਨ ਹਰਿ ਪੂਜ ਕਰਾਵਾ॥੨॥



## ਭਾਈ ਗੁਰਦਾਸ ਜੀ
## ਵਾਰ ੩ ਪਉੜੀ ੧੦

**ਗੁਰ ਮੂਰਤਿ ਕਰਿ ਧਿਆਨ ਸਦਾ ਹਜ਼ੂਰ ਹੈ।**
ਗੁਰਮੁਖਿ ਸਬਦੁ ਗਿਆਨੁ ਨੇੜਿ ਨ ਦੂਰ ਹੈ।
ਪੁਰਬਿ ਲਿਖਤੁ ਨੀਸਾਣੁ[1] ਕਰਮ ਅੰਕੂਰ[2] ਹੈ।
ਗੁਰ ਸੇਵਾ ਪਰਧਾਨੁ ਸੇਵਕ ਸੂਰ[3] ਹੈ।
ਪੂਰਨ ਪਰਮ ਨਿਧਾਨ ਸਦ ਭਰਪੂਰ ਹੈ।
**ਸਾਧ ਸੰਗਤਿ ਅਸਥਾਨੁ ਜਗਮਗ ਨੂਰ[4] ਹੈ।**
ਲਖ ਲਖ ਸਸੀਅਰ ਭਾਨੁ ਕਿਰਣਿ ਠਰੂਰ[5] ਹੈ।
ਲਖ ਲਖ ਬੇਦ ਪੁਰਾਣਿ ਕੀਰਤਨ ਚੂਰ[6] ਹੈ।
ਭਗਤਿ ਵਛਲ ਪਰਵਾਣੁ ਚਰਣਾ ਧੂਰ ਹੈ॥੧੦॥

1. ਪ੍ਰਗਟ। 2. ਅੰਗੂਰ। 3. ਸੂਰਮੇ। 4. ਪ੍ਰਕਾਸ਼ਮਾਨ। 5. ਸੀਤਲ। 6. ਮਾਤ।

## ਬਸੰਤ ਮਹਲਾ ੫ ਹਿੰਡੋਲ
## ਆਦਿ ਗ੍ਰੰਥ, ਪੰਨਾ ੧੧੯੫-੯੬

**ਤੇਰੀ ਕੁਦਰਤਿ ਤੂਹੈ ਜਾਣਹਿ**
**ਅਉਰੁ ਨ ਦੂਜਾ ਜਾਣੈ ॥**
ਜਿਸ ਨੋ ਕ੍ਰਿਪਾ ਕਰਹਿ ਮੇਰੇ ਪਿਆਰੇ
ਸੋਈ ਤੁਝੈ ਪਛਾਣੈ ॥ ੧ ॥
ਤੇਰਿਆ ਭਗਤਾ ਕਉ ਬਲਿਹਾਰਾ ॥
ਥਾਨੁ ਸੁਹਾਵਾ ਸਦਾ ਪ੍ਰਭ ਤੇਰਾ
ਰੰਗ ਤੇਰੇ ਆਪਾਰਾ ॥ ੧ ॥ ਰਹਾਉ ॥
ਤੇਰੀ ਸੇਵਾ ਤੁਝ ਤੇ ਹੋਵੈ
ਅਉਰੁ ਨ ਦੂਜਾ ਕਰਤਾ ॥
ਭਗਤੁ ਤੇਰਾ ਸੋਈ ਤੁਧੁ ਭਾਵੈ
ਜਿਸ ਨੋ ਤੂ ਰੰਗੁ ਧਰਤਾ ॥ ੨ ॥
ਤੂ ਵਡ ਦਾਤਾ ਤੂ ਵਡ ਦਾਨਾ
ਅਉਰੁ ਨਹੀ ਕੋ ਦੂਜਾ ॥
ਤੂ ਸਮਰਥੁ ਸੁਆਮੀ ਮੇਰਾ
ਹਉ ਕਿਆ ਜਾਣਾ ਤੇਰੀ ਪੂਜਾ ॥ ੩ ॥
ਤੇਰਾ ਮਹਲੁ ਅਗੋਚਰੁ ਮੇਰੇ ਪਿਆਰੇ
ਬਿਖਮੁ ਤੇਰਾ ਹੈ ਭਾਣਾ ॥
ਕਹੁ ਨਾਨਕ ਢਹਿ ਪਇਆ ਦੁਆਰੈ
ਰਖਿ ਲੇਵਹੁ ਮੁਗਧ ਅਜਾਣਾ ॥ ੪ ॥ ੨ ॥ ੨੦ ॥



## ਭਾਈ ਗੁਰਦਾਸ ਜੀ
## ਵਾਰ ੧ ਪਉੜੀ ੪

ਓਅੰਕਾਰੁ ਆਕਾਰੁ ਕਰਿ ਏਕ ਕਵਾਉ ਪਸਾਉ ਪਸਾਰਾ।
ਪੰਜ ਤਤ ਪਰਵਾਣੁ ਕਰਿ ਘਟਿ ਘਟਿ ਅੰਦਰ ਤ੍ਰਿਭਵਣੁ ਸਾਰਾ।
ਕਾਦਰੁ ਕਿਨੇ ਨ ਲਖਿਆ ਕੁਦਰਤਿ ਸਾਜਿ ਕੀਆ ਅਵਤਾਰਾ।
ਇਕ ਦੂ ਕੁਦਰਤਿ ਲਖਿ ਕਰਿ ਲਖ ਬਿਅੰਤ ਅਸੰਖ ਅਪਾਰਾ।
ਰੋਮਿ ਰੋਮਿ ਵਿਚਿ ਰਖਿਓਨਿ ਕਰਿ ਬ੍ਰਹਮੰਡਿ ਕਰੋੜਿ ਸੁਮਾਰਾ।
ਇਕਸਿ ਇਕਸਿ ਬ੍ਰਹਮੰਡਿ ਵਿਚਿ ਦਸਿ ਦਸਿ ਕਰਿ ਅਵਤਾਰ ਉਤਾਰਾ।
ਕੇਤੇ ਬੇਦਿ ਬਿਆਸ ਕਰਿ ਕਈ ਕਤੇਬ ਮੁਹੰਮਦ ਯਾਰਾ।
**ਕੁਦਰਤਿ ਇਕੁ ਏਤਾ ਪਾਸਾਰਾ।੪॥**

## ਸੂਹੀ ਮਹਲਾ ੫
## ਆਦਿ ਗ੍ਰੰਥ, ਪੰਨਾ ੭੪੮-੪੯

ਭਾਗਠੜੇ[1] ਹਰਿ ਸੰਤ ਤੁਮ੍ਾਰੇ ਜਿਨ੍ ਘਰਿ[2] ਧਨੁ ਹਰਿ ਨਾਮਾ॥
ਪਰਵਾਣੁ ਗਣੀ[3] ਸੇਈ ਇਹ ਆਏ ਸਫਲ ਤਿਨਾ ਕੇ ਕਾਮਾ॥੧॥
ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ॥
ਕੇਸਾ ਕਾ ਕਰਿ ਚਵਰੁ ਢੁਲਾਵਾ
ਚਰਣ ਧੂੜਿ ਮੁਖਿ ਲਾਈ॥ ੧॥ ਰਹਾਉ॥
**ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥**
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥੨॥
ਸਚਾ ਅਮਰੁ ਸਚੀ ਪਾਤਿਸਾਹੀ ਸਚੇ ਸੇਤੀ ਰਾਤੇ॥
ਸਚਾ ਸੁਖੁ ਸਚੀ ਵਡਿਆਈ
ਜਿਸ ਕੇ ਸੇ ਤਿਨਿ ਜਾਤੇ[4]॥੩॥
ਪਖਾ ਫੇਰੀ ਪਾਣੀ ਢੋਵਾ
ਹਰਿ ਜਨ ਕੈ ਪੀਸਣੁ ਪੀਸਿ ਕਮਾਵਾ॥
ਨਾਨਕ ਕੀ ਪ੍ਰਭ ਪਾਸਿ ਬੇਨੰਤੀ
ਤੇਰੇ ਜਨ ਦੇਖਣੁ ਪਾਵਾ॥੪॥੭॥੫੪॥

1. ਭਾਗਾਂ ਵਾਲੇ। 2. ਹਿਰਦੇ ਵਿਚ। 3. ਗਿਣੇ ਜਾਂਦੇ ਹਨ। 4. ਪਛਾਣੇ ਜਾਂਦੇ ਹਨ।



## ਭਾਈ ਗੁਰਦਾਸ ਜੀ
## ਵਾਰ ੪ ਪਉੜੀ ੧

ਓਅੰਕਾਰਿ ਅਕਾਰੁ ਕਰਿ ਪਉਣੁ ਪਾਣੀ ਬੈਸੰਤਰੁ ਧਾਰੇ।
ਧਰਤਿ ਅਕਾਸ ਵਿਛੋੜਿਅਨੁ ਚੰਦੁ ਸੂਰੁ ਦੇ ਜੋਤਿ ਸਵਾਰੇ।
ਖਾਣੀ ਚਾਰਿ ਬੰਧਾਨ ਕਰਿ ਲਖ ਚਉਰਾਸੀਹ ਜੂਨਿ ਦੁਆਰੇ[1]।
ਇਕਸ ਇਕਸ ਜੂਨਿ ਵਿਚਿ ਜੀਅ ਜੰਤੁ ਅਣਗਣਤ ਅਪਾਰੇ।
ਮਾਣਸ ਜਨਮੁ ਦੁਲੰਭੁ[2] ਹੈ ਸਫਲ ਜਨਮੁ ਗੁਰ ਸਰਣਿ ਉਧਾਰੇ।
**ਸਾਧਸੰਗਤਿ ਗੁਰੁ ਸਬਦ ਲਿਵ ਭਾਇ ਭਗਤਿ ਗੁਰ ਗਿਆਨ ਵੀਚਾਰੇ।**
**ਪਰਉਪਕਾਰੀ ਗੁਰੂ ਪਿਆਰੇ॥੧॥**

1. ਸਰੀਰ। 2. ਦੁਰਲਭ।

## ਕਾਨੜਾ ਮਹਲਾ ੪
## ਆਦਿ ਗ੍ਰੰਥ, ਪੰਨਾ ੧੩੧੦

ਓਅੰਕਾਰਿ[1] ਏਕੋ ਰਵਿ ਰਹਿਆ
ਸਭੁ ਏਕਸ ਮਾਹਿ ਸਮਾਵੈਗੋ ॥
ਏਕੋ ਰੂਪੁ ਏਕੋ ਬਹੁ ਰੰਗੀ
ਸਭੁ ਏਕਤੁ ਬਚਨਿ ਚਲਾਵੈਗੋ ॥ ੪ ॥
**ਗੁਰਮੁਖਿ ਏਕੋ ਏਕੁ ਪਛਾਤਾ**
**ਗੁਰਮੁਖਿ ਹੋਇ ਲਖਾਵੈਗੋ[2] ॥**
ਗੁਰਮੁਖਿ ਜਾਇ ਮਿਲੈ ਨਿਜ ਮਹਲੀ
ਅਨਹਦ ਸਬਦੁ ਬਜਾਵੈਗੋ ॥ ੫ ॥
ਜੀਅ ਜੰਤ ਸਭ ਸਿਸਟਿ ਉਪਾਈ[3]
ਗੁਰਮੁਖਿ ਸੋਭਾ ਪਾਵੈਗੋ ॥
ਬਿਨੁ ਗੁਰ ਭੇਟੇ ਕੋ ਮਹਲੁ[4] ਨ ਪਾਵੈ
ਆਇ ਜਾਇ ਦੁਖੁ ਪਾਵੈਗੋ ॥ ੬ ॥

1. ਵਾਹਿਗੁਰੂ। 2. ਸਮਝਾ ਦੇਵੇਗਾ। 3. ਪੈਦਾ ਕੀਤੀ। 4. ਰੱਬੀ ਸਰੂਪ।



## ਭਾਈ ਗੁਰਦਾਸ ਜੀ
## ਵਾਰ ੨੬ ਪਉੜੀ ੨

**ਗੁਰ ਪਰਮੇਸਰੁ ਜਾਣੀਐ ਸਚੇ ਸਚਾ ਨਾਉ ਧਰਾਇਆ।**
ਨਿਰੰਕਾਰੁ ਆਕਾਰੁ ਹੋਇ ਏਕੰਕਾਰੁ ਅਪਾਰੁ ਸਦਾਇਆ।
ਏਕੰਕਾਰਹੁ ਸਬਦ ਧੁਨਿ ਓਅੰਕਾਰਿ ਅਕਾਰੁ ਬਣਾਇਆ।
ਇਕਦੂ ਹੋਇ ਤਿਨਿ ਦੇਵ[1] ਤਿਹੁ ਮਿਲਿ ਦਸ ਅਵਤਾਰ ਗਣਾਇਆ।
ਆਦਿ ਪੁਰਖੁ ਆਦੇਸੁ[2] ਹੈ ਓਹੁ ਵੇਖੈ ਓਨ੍ਹਾ ਨਦਰਿ ਨ ਆਇਆ।
ਸੇਖ ਨਾਗ ਸਿਮਰਣੁ ਕਰੈ ਨਾਵਾ ਅੰਤੁ ਬਿਅੰਤੁ ਨ ਪਾਇਆ।
**ਗੁਰਮੁਖਿ ਸਚੁ ਨਾਉ ਮਨਿ ਭਾਇਆ ॥ ੨ ॥**

1. ਬ੍ਰਹਮਾ, ਵਿਸ਼ਨੂੰ, ਮਹੇਸ਼ (ਸ਼ਿਵ)। 2. ਦੇਸ਼, ਕਾਲ, ਵਸਤੂ ਦੇ ਭੇਦ ਤੋਂ ਰਹਿਤ।

## ਗਉੜੀ ਚੇਤੀ ਮਹਲਾ ੧
## ਆਦਿ ਗ੍ਰੰਥ, ਪੰਨਾ ੧੫੬

**ਅਉਖਧ[1] ਮੰਤ੍ਰ ਮੂਲੁ ਮਨ ਏਕੈ**
ਜੇ ਕਰਿ ਦ੍ਰਿੜੁ ਚਿਤੁ ਕੀਜੈ ਰੇ ॥
ਜਨਮ ਜਨਮ ਕੇ ਪਾਪ ਕਰਮ ਕੇ
ਕਾਟਨਹਾਰਾ ਲੀਜੈ ਰੇ ॥ ੧ ॥
ਮਨ ਏਕੋ ਸਾਹਿਬੁ ਭਾਈ ਰੇ ॥
ਤੇਰੇ ਤੀਨਿ ਗੁਣਾ ਸੰਸਾਰਿ ਸਮਾਵਹਿ
ਅਲਖੁ ਨ ਲਖਣਾ ਜਾਈ ਰੇ ॥ ੧ ॥ ਰਹਾਉ ॥
ਸਕਰ ਖੰਡੁ ਮਾਇਆ ਤਨਿ ਮੀਠੀ
ਹਮ ਤਉ ਪੰਡ ਉਚਾਈ ਰੇ ॥
ਰਾਤਿ ਅਨੇਰੀ ਸੂਝਸਿ ਨਾਹੀ
ਲਜੁ[2] ਟੂਕਸਿ ਮੂਸਾ[3] ਭਾਈ ਰੇ ॥ ੨ ॥
ਮਨਮੁਖਿ ਕਰਹਿ ਤੇਤਾ ਦੁਖੁ ਲਾਗੈ
ਗੁਰਮੁਖਿ ਮਿਲੈ ਵਡਾਈ ਰੇ ॥
ਜੋ ਤਿਨਿ ਕੀਆ ਸੋਈ ਹੋਆ
ਕਿਰਤੁ[4] ਨ ਮੇਟਿਆ ਜਾਈ ਰੇ ॥ ੩ ॥
ਸੁਭਰ ਭਰੇ[5] ਨ ਹੋਵਹਿ ਊਣੇ
ਜੋ ਰਾਤੇ ਰੰਗੁ ਲਾਈ ਰੇ ॥
ਤਿਨ ਕੀ ਪੰਕ[6] ਹੋਵੈ ਜੇ ਨਾਨਕੁ
ਤਉ ਮੂੜਾ[7] ਕਿਛੁ ਪਾਈ ਰੇ ॥ ੪ ॥ ੪ ॥ ੧੬ ॥

1. ਦਵਾਈ। 2. ਰੱਸੀ। 3. ਚੂਹਾ। 4. ਕੀਤੇ ਕਰਮ। 5. ਨੱਕੋ ਨੱਕ ਭਰੇ। 6. ਚਰਨ ਧੂੜ। 7. ਮੂਰਖ।



## ਭਾਈ ਗੁਰਦਾਸ ਜੀ
## ਵਾਰ ੨੬ ਪਉੜੀ ੬

**ਧਿਆਨੁ ਮੂਲੁ ਗੁਰ ਦਰਸਨੋ ਪੂਰਨ ਬ੍ਰਹਮੁ ਜਾਨਿ ਜਾਣੋਈ[1] ।**
ਪੂਜ ਮੂਲ ਸਤਿਗੁਰੁ ਚਰਣ ਕਰਿ ਗੁਰਦੇਵ ਸੇਵ ਸੁਖ ਹੋਈ।
ਮੰਤ੍ਰ ਮੂਲੁ ਸਤਿਗੁਰੁ ਬਚਨ ਇਕ ਮਨਿ ਹੋਇ ਅਰਾਧੈ[2] ਕੋਈ।
ਮੋਖ ਮੂਲੁ ਕਿਰਪਾ ਗੁਰੂ ਜੀਵਨੁ ਮੁਕਤਿ ਸਾਧ ਸੰਗਿ ਸੋਈ।
ਆਪੁ ਗਣਾਇ ਨ ਪਾਈਐ ਆਪੁ ਗਵਾਇ ਮਿਲੈ ਵਿਰਲੋਈ।
ਆਪੁ ਗਵਾਏ ਆਪਿ ਹੈ ਸਭ ਕੋ ਆਪਿ ਆਪੇ ਸਭੁ ਕੋਈ।
ਗੁਰੁ ਚੇਲਾ ਚੇਲਾ ਗੁਰੁ ਹੋਈ ॥ ੬ ॥

1. ਜਾਣਨਾ, ਜਾਣਨ ਵਾਲਾ। 2. ਮਨ ਵਿਚ ਧਿਆਨ ਧਰੇ।

## ਸਿਰੀਰਾਗੁ ਮਹਲਾ ੧
## ਆਦਿ ਗ੍ਰੰਥ, ਪੰਨਾ ੨੦

**ਲਖ ਸਿਆਣਪ ਜੇ ਕਰੀ ਲਖ ਸਿਉ ਪ੍ਰੀਤਿ ਮਿਲਾਪੁ ॥**
ਬਿਨੁ ਸੰਗਤਿ ਸਾਧ ਨ ਧ੍ਰਾਪੀਆ[1] ਬਿਨੁ ਨਾਵੈ ਦੂਖ ਸੰਤਾਪੁ[2] ॥
ਹਰਿ ਜਪਿ ਜੀਅਰੇ ਛੁਟੀਐ ਗੁਰਮੁਖਿ ਚੀਨੈ[3] ਆਪੁ[4] ॥ ੩ ॥
ਤਨੁ ਮਨੁ ਗੁਰ ਪਹਿ ਵੇਚਿਆ ਮਨੁ ਦੀਆ ਸਿਰੁ ਨਾਲਿ ॥
ਤ੍ਰਿਭਵਣੁ ਖੋਜਿ ਢੰਢੋਲਿਆ[5] ਗੁਰਮੁਖਿ ਖੋਜਿ ਨਿਹਾਲਿ[6] ॥
**ਸਤਗੁਰਿ ਮੇਲਿ ਮਿਲਾਇਆ ਨਾਨਕ ਸੋ ਪ੍ਰਭੁ ਨਾਲਿ ॥ ੪ ॥ ੧੭ ॥**

1. ਨਹੀਂ ਰੱਜਦਾ। 2. ਕਲੇਸ਼। 3. ਪਛਾਣਦਾ। 4. ਆਪਣੇ ਆਪ ਨੂੰ/ਨਿੱਜ ਸਰੂਪ। 4. ਖੋਜ ਕੇ ਲੱਭਿਆ। 5. ਵੇਖਿਆ।



## ਭਾਈ ਗੁਰਦਾਸ ਜੀ
## ਵਾਰ ੨੧ ਪਉੜੀ ੭

**ਸਹਸ ਸਿਆਣਪ[1] ਲਖ ਕੰਮਿ ਨ ਆਵਹੀ।**
ਗਿਆਨ ਧਿਆਨ ਉਨਮਾਨੁ[2] ਅੰਤੁ ਨਾ ਪਾਵਹੀ।
ਲਖ ਸਸੀਅਰ[3] ਲਖ ਭਾਨੁ[4] ਅਹਿਨਿਸਿ ਧਯਾਵਹੀ।
ਲਖ ਪਰਕਿਰਤਿ[5] ਪਰਾਣ ਕਰਮ ਕਮਾਵਹੀ।
ਲਖ ਲਖ ਗਰਬ ਗੁਮਾਨ ਲੱਜ ਲਜਾਵਹੀ।
ਲਖ ਲਖ ਦੀਨ ਈਮਾਨ ਤਾੜੀ ਲਾਵਹੀ।
**ਭਾਉ ਭਗਤਿ ਭਗਵਾਨ ਸਚਿ ਸਮਾਵਹੀ ॥ ੭ ॥**

1. ਚਤੁਰਾਈਆਂ। 2. ਉਨਮਨੀ, ਮਸਤ ਅਵਸਥਾ ਵਾਲੇ। 3. ਚੰਦ੍ਰਮਾ। 4. ਸੂਰਜ। 5. ਮਾਇਆ ਦਾ ਰੂਪ।

## ਗਉੜੀ ਮਹਲਾ ੫
## ਆਦਿ ਗ੍ਰੰਥ, ਪੰਨਾ ੨੧੧

ਜੀਅਰੇ[1] ਓਲ੍ਹਾ[2] ਨਾਮ ਕਾ॥
ਅਵਰੁ ਜਿ ਕਰਨ ਕਰਾਵਨੋ
ਤਿਨ ਮਹਿ ਭਉ ਹੈ ਜਾਮ ਕਾ[3]॥ ੧॥ ਰਹਾਉ॥
ਅਵਰ ਜਤਨਿ ਨਹੀ ਪਾਈਐ॥
ਵਡੈ ਭਾਗਿ ਹਰਿ ਧਿਆਈਐ॥ ੧॥
ਲਾਖ ਹਿਕਮਤੀ[4] ਜਾਨੀਐ॥
**ਆਗੈ ਤਿਲੁ[5] ਨਹੀ ਮਾਨੀਐ॥ ੨॥**
ਅਹੰਬੁਧਿ[6] ਕਰਮ ਕਮਾਵਨੇ॥
ਗ੍ਰਿਹ ਬਾਲੂ[7] ਨੀਰਿ ਬਹਾਵਨੇ[8]॥ ੩॥
ਪ੍ਰਭੁ ਕ੍ਰਿਪਾਲੁ ਕਿਰਪਾ ਕਰੈ॥
ਨਾਮੁ ਨਾਨਕ ਸਾਧੂ ਸੰਗਿ ਮਿਲੈ॥ ੪॥ ੪॥ ੧੪੨॥

1. ਜੀਉੜੇ। 2. ਟੇਕ, ਆਸਰਾ। 3. ਜਮ ਦਾ। 4. ਚਤੁਰਾਈਆਂ ਤੇ ਹੁੱਜਤਾਂ ਕਰਨ ਵਾਲੇ। 5. ਰਤਾ ਭਰ। 6. ਹੰਕਾਰ ਵਾਲੀ ਬੁੱਧੀ। 7. ਰੇਤ ਦੇ ਘਰ। 8. ਰੁੜ੍ਹ ਜਾਂਦੇ ਹਨ।



## ਭਾਈ ਗੁਰਦਾਸ ਜੀ
## ਵਾਰ ੨੧ ਪਉੜੀ ੧੨

**ਹਿਕਮਤਿ ਲਖ ਹਕੀਮ[1] ਚਲਤ[2] ਬਣਾਵਹੀ।**
**ਆਕਲ[3] ਹੋਇ ਫਹੀਮ[4] ਮਤੇ[5] ਮਤਾਵਹੀ[6]।**
ਗਾਫਲ ਹੋਇ ਗਨੀਮ[7] ਵਾਦ[8] ਵਧਾਵਹੀ।
ਲੜਿ ਲੜਿ ਕਰਨਿ ਮੁਹੀਮ[9] ਆਪੁ ਗਣਾਵਹੀ।
ਹੋਇ ਜਦੀਦ ਕਦੀਮ[10] ਨ ਖੁਦੀ ਮਿਟਾਵਹੀ।
**ਸਾਬਰੁ[11] ਹੋਇ ਹਲੀਮ[12] ਆਪੁ ਗਵਾਵਹੀ॥ ੧੨॥**

1. ਵੈਦ ਲੋਕ। 2. ਪਸਾਰੇ। 3. ਇਕੱਲੇ। 4. ਸਮਝਦਾਰ। 5. ਸਲਾਹਾਂ। 6. ਪਕਾਉਂਦੇ ਹਨ। 7. ਦੁਸ਼ਮਨ। 8. ਝਗੜੇ। 9. ਮੁਹਿੰਮਾਂ, ਲੜਾਈਆਂ। 10. ਪ੍ਰਾਚੀਨ। 11. ਸੰਤੋਖੀ। 12. ਨਿਮਰ।

## ਆਸਾ ਬਾਣੀ ਭਗਤ ਧੰਨੇ ਜੀ ਕੀ
## ਆਦਿ ਗ੍ਰੰਥ, ਪੰਨਾ ੪੮੭

ਭ੍ਰਮਤ ਫਿਰਤ[1] ਬਹੁ ਜਨਮ ਬਿਲਾਨੇ[2]
ਤਨੁ ਮਨੁ ਧਨੁ ਨਹੀ ਧੀਰੇ[3] ॥
ਲਾਲਚ ਬਿਖੁ ਕਾਮ ਲੁਬਧ[4] ਰਾਤਾ
ਮਨਿ ਬਿਸਰੇ ਪ੍ਰਭ ਹੀਰੇ ॥ ੧ ॥ ਰਹਾਉ ॥
ਬਿਖੁ ਫਲ ਮੀਠ ਲਗੇ ਮਨ ਬਉਰੇ
ਚਾਰ[5] ਬਿਚਾਰ ਨ ਜਾਨਿਆ ॥
ਗੁਨ ਤੇ ਪ੍ਰੀਤਿ ਬਢੀ[6] ਅਨ ਭਾਂਤੀ[7]
ਜਨਮ ਮਰਨ ਫਿਰਿ ਤਾਨਿਆ ॥ ੧ ॥
ਜੁਗਤਿ ਜਾਨਿ ਨਹੀ ਰਿਦੈ ਨਿਵਾਸੀ
ਜਲਤ ਜਾਲ ਜਮ ਫੰਧ ਪਰੇ ॥
ਬਿਖੁ ਫਲ ਸੰਚਿ[8] ਭਰੇ ਮਨ ਐਸੇ
ਪਰਮ ਪੁਰਖ ਪ੍ਰਭ ਮਨ ਬਿਸਰੇ ॥ ੨ ॥
ਗਿਆਨ ਪ੍ਰਵੇਸੁ ਗੁਰਹਿ ਧਨੁ ਦੀਆ
ਧਿਆਨੁ ਮਾਨੁ ਮਨ ਏਕ ਮਏ ॥
ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ
ਤ੍ਰਿਪਤਿ ਅਘਾਨੇ ਮੁਕਤਿ ਭਏ ॥ ੩ ॥
ਜੋਤਿ ਸਮਾਇ ਸਮਾਨੀ ਜਾ ਕੈ
ਅਛਲੀ ਪ੍ਰਭੁ ਪਹਿਚਾਨਿਆ ॥
**ਧੰਨੈ ਧਨੁ ਪਾਇਆ ਧਰਣੀਧਰੁ**
**ਮਿਲਿ ਜਨ ਸੰਤ ਸਮਾਨਿਆ ॥ ੪ ॥ ੧ ॥**

1. ਭਟਕਦਿਆਂ। 2. ਬੀਤ ਗਏ। 3. ਨਹੀਂ ਟਿਕਦਾ। 4. ਲੋਭੀ। 5. ਸੁੰਦਰ। 6. ਵਧਦਾ ਰਹੇ। 7. ਹੋਰ ਹੋਰ ਕਿਸਮ ਦੇ। 8. ਇਕੱਠ ਕਰਕੇ।



## ਭਾਈ ਗੁਰਦਾਸ ਜੀ
## ਵਾਰ ੧੦ ਪਉੜੀ ੧੩

ਬਾਮ੍ਹਣੁ ਪੂਜੈ ਦੇਵਤੇ ਧੰਨਾ ਗਊ ਚਰਾਵਣਿ ਆਵੈ।
ਧੰਨੈ ਡਿਠਾ ਚਲਿਤੁ ਏਹੁ ਪੂਛੈ ਬਾਮ੍ਹਣੁ ਆਖਿ ਸੁਣਾਵੈ।
ਠਾਕੁਰ ਦੀ ਸੇਵਾ ਕਰੈ ਜੋ ਇਛੈ ਸੋਈ ਫਲੁ ਪਾਵੈ।
ਧੰਨਾ ਕਰਦਾ ਜੋਦੜੀ[1] ਮੈ ਭਿ ਦੇਹ ਇਕ ਜੇ ਤੁਧੁ ਭਾਵੈ।
ਪਥਰੁ ਇਕੁ ਲਪੇਟਿ ਕਰਿ ਦੇ ਧੰਨੈ ਨੋ ਗੈਲ[2] ਛੁਡਾਵੈ।
ਠਾਕੁਰ ਨੋ ਨ੍ਹਾਵਾਲਿਕੈ ਛਾਹਿ ਰੋਟੀ ਲੈ ਭੋਗੁ ਚੜ੍ਹਾਵੈ।
ਹਥਿ ਜੋੜਿ ਮਿਨਤਿ ਕਰੈ ਪੈਰੀ ਪੈ ਪੈ ਬਹੁਤੁ ਮਨਾਵੈ।
ਹਉ ਭੀ ਮੁਹੁ ਨ ਜੁਠਾਲਸਾਂ ਤੂ ਰੁਠਾ ਮੈ ਕਿਹੁ ਨ ਸੁਖਾਵੈ।
ਗੋਸਾਈ ਪਰਤਖਿ ਹੋਇ, ਰੋਟੀ ਖਾਹਿ ਛਾਹਿ ਮੁਹਿ ਲਾਵੈ।
**ਭੋਲਾ ਭਾਉ ਗੋਬਿੰਦੁ ਮਿਲਾਵੈ ॥ ੧੩ ॥**

1. ਮਿੰਨਤ। 2. ਖਹਿੜਾ।

## ਮਲਾਰ ਮਹਲਾ ੧ ਅਸਟਪਦੀਆ ਘਰੁ ੨
## ਆਦਿ ਗ੍ਰੰਥ, ਪੰਨਾ ੧੨੭੫

ਅਖਲੀ[1] ਊਂਡੀ[2] ਜਲੁ ਭਰ ਨਾਲਿ[3] ॥
ਡੂਗਰੁ[4] ਊਚਉ ਗੜੁ ਪਾਤਾਲਿ ॥
ਸਾਗਰੁ ਸੀਤਲੁ ਗੁਰ ਸਬਦ ਵੀਚਾਰਿ ॥
ਮਾਰਗੁ ਮੁਕਤਾ[5] ਹਉਮੈ ਮਾਰਿ[6] ॥ ੧ ॥
ਮੈ ਅੰਧੁਲੇ ਨਾਵੈ ਕੀ ਜੋਤਿ ॥
ਨਾਮ ਅਧਾਰਿ ਚਲਾ ਗੁਰ ਕੈ ਭੈ ਭੇਤਿ ॥ ੧ ॥ ਰਹਾਉ ॥
**ਸਤਿਗੁਰ ਸਬਦੀ ਪਾਧਰੁ ਜਾਣਿ ॥**
ਗੁਰ ਕੈ ਤਕੀਐ ਸਾਚੈ ਤਾਣਿ ॥
ਨਾਮੁ ਸਮ੍ਾਲਸਿ ਰੂੜ੍ੀ ਬਾਣਿ ॥
ਥੈਂ ਭਾਵੈ ਦਰੁ ਲਹਸਿ ਪਿਰਾਣਿ ॥ ੨ ॥

1. ਸਾਰੀ। 2. ਝੁਕੀ ਹੋਈ। 3. ਸਮੁੰਦਰ ਵਿਚ। 4. ਪਹਾੜ। 5. ਖੁਲ੍ਹਾ। 6. ਮਾਰ ਕੇ।



## ਭਾਈ ਗੁਰਦਾਸ ਜੀ
## ਵਾਰ ੨੮ ਪਉੜੀ ੯

ਗੁਰਮੁਖਿ ਸਚਾ ਪੰਥੁ ਹੈ ਸਿਖੁ ਸਹਜ ਘਰਿ[1] ਜਾਇ ਖਲੋਵੈ।
ਗੁਰਮੁਖਿ ਸਚੁ ਰਹਰਾਸਿ ਹੈ ਪੈਰੀ ਪੈ ਪਾਖਾਕੁ ਜੁ ਹੋਵੈ।
ਗੁਰ ਸਿਖੀ ਦਾ ਨਾਵਣਾ ਗੁਰਮਤਿ ਲੈ ਦੁਰਮਤਿ ਮਲੁ ਧੋਵੈ।
ਗੁਰ ਸਿਖੀ ਦਾ ਪੂਜਣਾ ਗੁਰਸਿਖ ਪੂਜ ਪਿਰਮ ਰਸੁ ਭੋਵੈ[2]।
ਗੁਰ ਸਿਖੀ ਦਾ ਮੰਨਣਾ ਗੁਰ ਬਚਨੀ ਗਲਿ ਹਾਰ ਪਰੋਵੈ।
**ਗੁਰ ਸਿਖੀ ਦਾ ਜੀਵਣਾ ਜੀਂਵਦਿਆਂ ਮਰਿ ਹਉਮੈ ਖੋਵੈ।**
**ਸਾਧ ਸੰਗਤਿ ਗੁਰੁ ਸਬਦ ਵਿਲੋਵੈ ॥ ੯ ॥**

1. ਸਹਿਜ ਅਵਸਥਾ, ਸ਼ਾਂਤ ਘਰ। 2. ਮਿਲਦਾ ਹੈ।

## ਰਾਗ ਸੋਰਠਿ ਬਾਣੀ ਭਗਤ ਕਬੀਰ ਜੀ ਕੀ
## ੴ ਸਤਿਗੁਰ ਪ੍ਰਸਾਦਿ ॥
## ਆਦਿ ਗ੍ਰੰਥ, ਪੰਨਾ ੬੫੪

ਬੇਦ ਪੁਰਾਨ ਸਭੈ ਮਤ[1] ਸੁਨਿ ਕੈ ਕਰੀ ਕਰਮ ਕੀ ਆਸਾ[2] ॥
ਕਾਲ ਗ੍ਰਸਤ ਸਭ ਲੋਗ ਸਿਆਨੇ[3] ਉਠਿ ਪੰਡਿਤ ਪੈ ਚਲੇ ਨਿਰਾਸਾ ॥ ੧ ॥
ਮਨ ਰੇ ਸਰਿਓ ਨ ਏਕੈ ਕਾਜਾ ॥
ਭਜਿਓ ਨ ਰਘੁਪਤਿ[4] ਰਾਜਾ ॥ ੧ ॥ ਰਹਾਉ ॥
ਬਨ ਖੰਡ ਜਾਇ ਜੋਗੁ ਤਪੁ ਕੀਨੋ ਕੰਦ ਮੂਲੁ ਚੁਨਿ ਖਾਇਆ ॥
ਨਾਦੀ ਬੇਦੀ ਸਬਦੀ ਮੋਨੀ ਜਮ ਕੇ ਪਟੈ ਲਿਖਾਇਆ ॥ ੨ ॥
ਭਗਤਿ ਨਾਰਦੀ ਰਿਦੈ ਨ ਆਈ ਕਾਛਿ ਕੂਛਿ[5] ਤਨੁ ਦੀਨਾ ॥
ਰਾਗ ਰਾਗਨੀ ਡਿੰਭ[6] ਹੋਇ ਬੈਠਾ ਉਨਿ ਹਰਿ ਪਹਿ ਕਿਆ ਲੀਨਾ ॥ ੩ ॥
ਪਰਿਓ ਕਾਲੁ ਸਭੈ ਜਗ ਊਪਰ ਮਾਹਿ ਲਿਖੇ ਭ੍ਰਮ ਗਿਆਨੀ ॥
**ਕਹੁ ਕਬੀਰ ਜਨ ਭਏ ਖਾਲਸੇ ਪ੍ਰੇਮ ਭਗਤਿ ਜਿਹ ਜਾਨੀ ॥ ੪ ॥ ੩ ॥**

1. ਧਰਮ। 2. ਉਮੀਦ। 3. ਦਾਨੇ। 4. ਵਾਹਿਗੁਰੂ। 5. ਪਾਲ ਪਾਲ ਕੇ। 6. ਪਖੰਡ।



## ਭਾਈ ਗੁਰਦਾਸ ਜੀ
## ਵਾਰ ੩ ਪਉੜੀ ੫

ਮੁਲਿ ਨ ਮਿਲੈ ਅਮੋਲੁ, ਨ ਕੀਮਤਿ ਪਾਈਐ।
ਪਾਇ ਤਰਾਜੂ ਤੋਲੁ, ਨ ਅਤੁਲੁ ਤੁਲਾਈਐ।
ਨਿਜ ਘਰਿ ਤਖਤੁ ਅਡੋਲੁ, ਨ ਡੋਲਿ ਡੋਲਾਈਐ।
ਗੁਰਮੁਖਿ ਪੰਥ ਨਿਰੋਲੁ ਨ ਰਲੇ ਰਲਾਈਐ।
ਕਥਾ ਅਕਥ ਅਬੋਲੁ ਨ ਬੋਲ ਬੁਲਾਈਐ।
ਸਦਾ ਅਭੁਲੁ ਅਭੋਲੁ, ਨ ਭੋਲਿ ਭੁਲਾਈਐ।
ਗੁਰਮੁਖਿ ਪੰਥੁ ਅਲੋਲੁ ਸਹਜਿ ਸਮਾਈਐ।
**ਅਮਿਉ ਸਰੋਵਰ ਝੋਲੁ ਗੁਰਮੁਖਿ ਪਾਈਐ।**
**ਲਖ ਟੋਲੀ ਇਕੁ ਟੋਲੁ ਨ ਆਪੁ ਗਣਾਈਐ ॥ ੫ ॥**

## ਸਲੋਕ ਮਹਲਾ ੪
## ਆਦਿ ਗ੍ਰੰਥ, ਪੰਨਾ ੧੪੨੨

ਗੁਰਮੁਖਿ ਸਚੀ ਆਸਕੀ[1] ਜਿਤੁ ਪ੍ਰੀਤਮੁ ਸਚਾ ਪਾਈਐ॥
ਅਨਦਿਨੁ ਰਹਹਿ ਅਨੰਦਿ ਨਾਨਕ ਸਹਜਿ ਸਮਾਈਐ॥ ੧੦॥
ਸਚਾ ਪ੍ਰੇਮ ਪਿਆਰੁ ਗੁਰ ਪੂਰੇ ਤੇ ਪਾਈਐ॥
ਕਬਹੂ[2] ਨ ਹੋਵੈ ਭੰਗੁ[3] ਨਾਨਕ ਹਰਿ ਗੁਣ ਗਾਈਐ॥ ੧੧॥
ਜਿਨ੍ਾ ਅੰਦਰਿ ਸਚਾ ਨੇਹੁ ਕਿਉ ਜੀਵਨ੍ਿ ਪਿਰੀ ਵਿਹੂਣਿਆ[4]॥
ਗੁਰਮੁਖਿ ਮੇਲੇ ਆਪਿ ਨਾਨਕ ਚਿਰੀ ਵਿਛੁੰਨਿਆ॥ ੧੨॥
**ਜਿਨ ਕਉ ਪ੍ਰੇਮ ਪਿਆਰੁ ਤਉ ਆਪੇ[5] ਲਾਇਆ ਕਰਮੁ ਕਰਿ[6]॥**
ਨਾਨਕ ਲੇਹੁ ਮਿਲਾਇ ਮੈ ਜਾਚਿਕ[7] ਦੀਜੈ ਨਾਮੁ ਹਰਿ॥ ੧੩॥

1. ਸਦਾ ਥਿਰ ਰਹਿਣ ਵਾਲੀ (ਮੁਹੱਬਤ)। 2. ਕਦੇ ਵੀ। 3. ਟੁੱਟਦਾ ਨਹੀਂ। 4. ਪਿਰ ਤੋਂ ਬਿਨਾਂ। 5. ਤੂੰ ਆਪ ਹੀ। 6. ਬਖਸ਼ਿਸ਼ ਕਰਕੇ। 7. ਮੈਨੂੰ ਮੰਗਤੇ ਨੂੰ।



## ਭਾਈ ਗੁਰਦਾਸ ਜੀ
## ਵਾਰ ੨੭ ਪਉੜੀ ੧

ਲੇਲੈ ਮਜਨੂੰ ਆਸਕੀ ਚਹੁ ਚਕੀ ਜਾਤੀ।
ਸੋਰਠਿ[1] ਬੀਜਾ[2] ਗਾਵੀਐ ਜਸੁ ਸੁਘੜਾ[3] ਵਾਤੀ[4]।
ਸਸੀ ਪੁੰਨੂੰ ਦੋਸਤੀ ਹੁਇ ਜਾਤਿ ਅਜਾਤੀ।
ਮੇਹੀਵਾਲ ਨੋ ਸੋਹਣੀ ਨੈ[5] ਤਰਦੀ ਰਾਤੀ।
ਰਾਂਝਾ ਹੀਰ ਵਖਾਣੀਐ ਓਹੁ ਪਿਰਮ ਪਰਾਤੀ[6]।
**ਪੀਰ ਮੁਰੀਦਾ ਪਿਰਹੜੀ ਗਾਵਨਿ ਪਰਭਾਤੀ॥੧॥**

1. ਇਸਤਰੀ ਦਾ ਨਾਮ। 2. ਪੁਰਖ ਦਾ ਨਾਮ। 3. ਚਤੁਰ ਲੋਕ। 4. ਮੁਖ। 5. ਨਦੀ। 6. ਪ੍ਰੇਮ ਵਿਚ ਜੁੜੇ ਹੋਏ।

## ਆਸਾ ਸੇਖ ਫਰੀਦ ਜੀਉ ਕੀ ਬਾਣੀ
## ਆਦਿ ਗ੍ਰੰਥ, ਪੰਨਾ ੪੮੮

ਦਿਲਹੁ ਮੁਹਬਤਿ ਜਿੰਨ੍ ਸੇਈ ਸਚਿਆ ॥
ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ ॥ ੧ ॥
**ਰਤੇ ਇਸਕ ਖੁਦਾਇ ਰੰਗਿ ਦੀਦਾਰ ਕੇ ॥**
ਵਿਸਰਿਆ ਜਿਨ੍ ਨਾਮੁ ਤੇ ਭੁਇ ਭਾਰੁ ਥੀਏ ॥ ੧ ॥ ਰਹਾਉ ॥
ਆਪਿ ਲੀਏ ਲੜਿ ਲਾਇ ਦਰਿ ਦਰਵੇਸ ਸੇ ॥
ਤਿਨ ਧੰਨੁ ਜਣੇਦੀ ਮਾਉ ਆਏ ਸਫਲੁ ਸੇ ॥ ੨ ॥
ਪਰਵਦਗਾਰ[1] ਅਪਾਰ ਅਗਮ ਬੇਅੰਤ ਤੂ ॥
ਜਿਨਾ ਪਛਾਤਾ ਸਚੁ ਚੁੰਮਾ ਪੈਰ ਮੂੰ ॥ ੩ ॥
ਤੇਰੀ ਪਨਹ ਖੁਦਾਇ ਤੂ ਬਖਸੰਦਗੀ[2] ॥
ਸੇਖ ਫਰੀਦੈ ਖੈਰੁ ਦੀਜੈ ਬੰਦਗੀ ॥ ੪ ॥ ੧ ॥

1. ਪਾਲਣ ਵਾਲਾ, ਪ੍ਰਮਾਤਮਾ। 2. ਬਖਸ਼ਣਯੋਗ।



## ਭਾਈ ਗੁਰਦਾਸ ਜੀ
## ਵਾਰ ੩੭ ਪਉੜੀ ੩੧

ਲੈਲੇ ਦੀ ਦਰਗਾਹ ਦਾ ਕੁਤਾ ਮਜਨੂੰ ਦੇਖਿ ਲੁਭਾਣਾ।
ਕੁਤੇ ਦੀ ਪੈਰੀ ਪਵੈ ਹੜਿ ਹੜਿ[1] ਹਸੈ ਲੋਕ ਵਿਡਾਣਾ।
ਮੀਰਾਸੀ ਮੀਰਾਸੀਆਂ ਨਾਮ ਧਰੀਕੁ[2] ਮੁਰੀਦੁ ਬਿਬਾਣਾ[3]।
ਕੁਤਾ ਡੂਮ ਵਖਾਣੀਐ ਕੁਤਾ ਵਿਚਿ ਕੁਤਿਆਂ ਨਿਮਾਣਾ।
**ਗੁਰ ਸਿਖ ਆਸਕੁ ਸਬਦ ਦੇ ਕੁਤੇ ਦਾ ਪੜਕੁਤਾ[4] ਭਾਣਾ।**
ਕਟਣੁ ਚਟਣੁ ਕੁਤਿਆਂ ਮੋਹੁ ਨ ਧੋਹੁ ਧ੍ਰਿਗਸਟੁ ਕਮਾਣਾ।
ਅਵਗੁਣਿਆਰੇ ਗੁਣੁ ਕਰਨਿ ਗੁਰਮੁਖਿ ਸਾਧ ਸੰਗਤਿ ਕੁਰਬਾਣਾ।
ਪਤਿਤ ਉਧਾਰਣੁ ਬਿਰਦੁ ਵਖਾਣਾ ॥ ੩੧ ॥

1. ਖਿੜ ਖਿੜ। 2. ਨਾਮਮਾਤਰ। 3. ਬਾਬੇ ਦਾ। 4. ਨੀਵਾਂ ਨਖਿੱਧ ਕੁੱਤਾ।

## ਗੂਜਰੀ ਮਹਲਾ ੪
## ਆਦਿ ਗ੍ਰੰਥ, ਪੰਨਾ ੪੯੪

ਜਿਨ ਸਤਿਗੁਰੁ ਪੁਰਖੁ ਜਿਨਿ ਹਰਿ ਪ੍ਰਭੁ ਪਾਇਆ
ਮੋ ਕਉ ਕਰਿ ਉਪਦੇਸੁ ਹਰਿ ਮੀਠ ਲਗਾਵੈ ॥
ਮਨੁ ਤਨੁ ਸੀਤਲੁ ਸਭ ਹਰਿਆ ਹੋਆ
ਵਡਭਾਗੀ ਹਰਿ ਨਾਮੁ ਧਿਆਵੈ ॥ ੧ ॥
ਭਾਈ ਰੇ ਮੋ ਕਉ ਕੋਈ ਆਇ ਮਿਲੈ ਹਰਿ ਨਾਮੁ ਦ੍ਰਿੜਾਵੈ ॥
ਮੇਰੇ ਪ੍ਰੀਤਮ ਪ੍ਰਾਨ ਮਨੁ ਤਨੁ ਸਭੁ ਦੇਵਾ
ਮੇਰੇ ਹਰਿ ਪ੍ਰਭ ਕੀ ਹਰਿ ਕਥਾ ਸੁਨਾਵੈ ॥ ੧ ॥ ਰਹਾਉ ॥
ਧੀਰਜੁ ਧਰਮੁ ਗੁਰਮਤਿ ਹਰਿ ਪਾਇਆ
ਨਿਤ ਹਰਿ ਨਾਮੈ ਹਰਿ ਸਿਉ ਚਿਤੁ ਲਾਵੈ ॥
**ਅੰਮ੍ਰਿਤ ਬਚਨ ਸਤਿਗੁਰ ਕੀ ਬਾਣੀ**
**ਜੋ ਬੋਲੈ ਸੋ ਮੁਖਿ ਅੰਮ੍ਰਿਤੁ ਪਾਵੈ ॥ ੨ ॥**
ਨਿਰਮਲੁ ਨਾਮੁ ਜਿਤੁ ਮੈਲੁ ਨ ਲਾਗੈ
ਗੁਰਮਤਿ ਨਾਮੁ ਜਪੈ ਲਿਵ ਲਾਵੈ ॥
ਨਾਮੁ ਪਦਾਰਥੁ ਜਿਨ ਨਰ ਨਹੀ ਪਾਇਆ
ਸੇ ਭਾਗਹੀਣ ਮੁਏ ਮਰਿ ਜਾਵੈ ॥ ੩ ॥
ਆਨਦ ਮੂਲੁ ਜਗਜੀਵਨ ਦਾਤਾ
ਸਭ ਜਨ ਕਉ ਅਨਦੁ ਕਰਹੁ ਹਰਿ ਧਿਆਵੈ ॥
ਤੂੰ ਦਾਤਾ ਜੀਅ ਸਭਿ ਤੇਰੇ
ਜਨ ਨਾਨਕ ਗੁਰਮੁਖਿ ਬਖਸਿ ਮਿਲਾਵੈ ॥ ੪ ॥ ੬ ॥



## ਭਾਈ ਗੁਰਦਾਸ ਜੀ
## ਵਾਰ ੧ ਪਉੜੀ ੩੮

ਫਿਰਿ ਬਾਬਾ ਆਇਆ ਕਰਤਾਰਪੁਰਿ ਭੇਖੁ ਉਦਾਸੀ ਸਗਲ ਉਤਾਰਾ[1] ।
ਪਹਿਰਿ ਸੰਸਾਰੀ ਕਪੜੇ ਮੰਜੀ ਬੈਠਿ ਕੀਆ ਅਵਤਾਰਾ।
ਉਲਟੀ ਗੰਗ ਵਹਾਈਓਨਿ ਗੁਰ ਅੰਗਦੁ ਸਿਰਿ ਉਪਰਿ ਧਾਰਾ।
ਪੁਤਰੀ ਕਉਲੁ[2] ਨ ਪਾਲਿਆ ਮਨਿ ਖੋਟੇ ਆਕੀ ਨਸਿਆਰਾ[3] ।
**ਬਾਣੀ ਮੁਖਹੁ ਉਚਾਰੀਐ ਹੋਇ ਰੁਸਨਾਈ ਮਿਟੈ ਅੰਧਾਰਾ।**
ਗਿਆਨੁ ਗੋਸਟਿ ਚਰਚਾ ਸਦਾ ਅਨਹਦਿ ਸਬਦਿ ਉਠੇ ਧੁਨਕਾਰਾ[4] ।
ਸੋਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ।
ਗੁਰਮੁਖਿ ਭਾਰਿ ਅਥਰਬਣਿ[5] ਤਾਰਾ ॥ ੩੮ ॥

1. ਲਾਹਿਆ। 2. ਬਚਨ। 3. ਨੱਸਣ ਵਾਲੇ। 4. ਧੁਨੀ। 5. ਚੌਥਾ ਵੇਦ।

## ਆਸਾ ਮਹਲਾ ੫
## ਆਦਿ ਗ੍ਰੰਥ, ਪੰਨਾ ੪੦੪

ਚਾਰਿ ਬਰਨ[1] ਚਉਹਾ ਕੇ ਮਰਦਨ[2]
ਖਟੁ[3] ਦਰਸਨ[4] ਕਰ ਤਲੀ ਰੇ ॥
ਸੁੰਦਰ ਸੁਘਰ ਸਰੂਪ ਸਿਆਨੇ
ਪੰਚਹੁ ਹੀ ਮੋਹਿ ਛਲੀ ਰੇ ॥ ੧ ॥
ਜਿਨਿ ਮਿਲਿ ਮਾਰੇ ਪੰਚ[5] ਸੂਰਬੀਰ
ਐਸੋ ਕਉਨੁ ਬਲੀ[6] ਰੇ ॥
ਜਿਨਿ ਪੰਚ ਮਾਰਿ ਬਿਦਾਰਿ ਗੁਦਾਰੇ
ਸੋ ਪੂਰਾ ਇਹ ਕਲੀ[7] ਰੇ ॥ ੧ ॥ ਰਹਾਉ ॥
**ਵਡੀ ਕੋਮ ਵਸਿ ਭਾਗਹਿ ਨਾਹੀ**
**ਮੁਹਕਮ ਫਉਜ ਹਠਲੀ ਰੇ ॥**
**ਕਹੁ ਨਾਨਕ ਤਿਨਿ ਜਨਿ ਨਿਰਦਲਿਆ**
**ਸਾਧਸੰਗਤਿ ਕੈ ਝਲੀ[8] ਰੇ ॥ ੨ ॥ ੩ ॥ ੧੩੨ ॥**

1. ਚਾਰ ਵਰਣ—ਬ੍ਰਾਹਮਣ, ਖਤਰੀ, ਵੈਸ਼ ਤੇ ਸ਼ੂਦਰ। 2. ਮਲਣ ਦਲਣ ਵਾਲੇ। 3. ਛੇ। 4. ਸ਼ਾਸਤਰ। 5. ਕਾਮ, ਕ੍ਰੋਧ, ਲੋਭ, ਮੋਹ, ਹੰਕਾਰ। 6. ਬਹਾਦਰ। 7. ਕਲਯੁਗ। 8. ਸ਼ਰਨ ਵਿਚ ਆ ਗਿਆ।



## ਭਾਈ ਗੁਰਦਾਸ ਜੀ
## ਵਾਰ ੫ ਪਉੜੀ ੨੦

ਗਜ ਮ੍ਰਿਗ ਮੀਨ ਪਤੰਗ ਅਲਿ[1] ਇਕਤੁ ਇਕਤੁ ਰੋਗੁ ਪਚੰਦੇ[2]।
ਮਾਣਸ ਦੇਹੀ ਪੰਜਿ ਰੋਗੁ ਪੰਜੇ ਦੂਤ ਕੁਸੂਤੁ[3] ਕਰੰਦੇ।
ਆਸਾ ਮਨਸਾ ਡਾਇਣੀ ਹਰਖ ਸੋਗ ਬਹੁ ਰੋਗ ਵਧੰਦੇ।
ਮਨਮੁਖ ਦੂਜੈ ਭਾਇ ਲਗਿ ਭੰਭਲਭੂਸੇ[4] ਖਾਇ ਭਵੰਦੇ।
ਸਤਿਗੁਰ ਸਚਾ ਪਾਤਸਾਹ ਗੁਰਮੁਖਿ ਗਾਡੀ ਰਾਹੁ ਚਲੰਦੇ।
**ਸਾਧ ਸੰਗਤਿ ਮਿਲਿ ਚਲਣਾ ਭਜਿ ਗਏ ਠਗ ਚੋਰ ਡਰੰਦੇ।**
**ਲੈ ਲਾਹਾ ਨਿਜਿ ਘਰਿ ਨਿਬਹੰਦੇ ॥ ੨੦ ॥**

1. ਭੌਰਾ। 2. ਮਰਦੇ। 3. ਉਪੱਦ੍ਰਵ। 4. ਭਟਕਣਾ।

## ਸਿਰੀਰਾਗੁ ਮਹਲਾ ੧
## ਆਦਿ ਗ੍ਰੰਥ, ਪੰਨਾ ੫੮

ਖਿਨ ਮਹਿ ਉਪਜੈ[1] ਖਿਨਿ ਖਪੈ ਖਿਨੁ ਆਵੈ ਖਿਨੁ ਜਾਇ॥
ਸਬਦੁ ਪਛਾਣੈ ਰਵਿ ਰਹੈ ਨਾ ਤਿਸੁ ਕਾਲੁ ਸੰਤਾਇ[2]॥
ਸਾਹਿਬੁ ਅਤੁਲੁ ਨ ਤੋਲੀਐ ਕਥਨਿ ਨ ਪਾਇਆ ਜਾਇ॥ ੫॥
ਵਾਪਾਰੀ ਵਣਜਾਰਿਆ ਆਏ ਵਜਹੁ ਲਿਖਾਇ॥
ਕਾਰ ਕਮਾਵਹਿ ਸਚ ਕੀ ਲਾਹਾ ਮਿਲੈ ਰਜਾਇ॥
ਪੂੰਜੀ ਸਾਚੀ ਗੁਰੁ ਮਿਲੈ ਨਾ ਤਿਸੁ ਤਿਲੁ ਨ ਤਮਾਇ[3]॥ ੬॥
**ਗੁਰਮੁਖਿ ਤੋਲਿ ਤੁੋਲਾਇਸੀ ਸਚੁ ਤਰਾਜੀ[4] ਤੋਲੁ॥**
**ਆਸਾ ਮਨਸਾ ਮੋਹਣੀ ਗੁਰਿ ਠਾਕੀ[5] ਸਚੁ ਬੋਲੁ॥**
ਆਪਿ ਤੁਲਾਏ ਤੋਲਸੀ ਪੂਰੇ ਪੂਰਾ ਤੋਲੁ॥ ੭॥
ਕਥਨੈ ਕਹਣਿ ਨ ਛੁਟੀਐ ਨਾ ਪੜਿ ਪੁਸਤਕ ਭਾਰ॥
ਕਾਇਆ ਸੋਚ ਨ ਪਾਈਐ ਬਿਨੁ ਹਰਿ ਭਗਤਿ ਪਿਆਰ॥
ਨਾਨਕ ਨਾਮੁ ਨ ਵੀਸਰੈ ਮੇਲੇ ਗੁਰੁ ਕਰਤਾਰ॥ ੮॥ ੯॥

## ਗਉੜੀ ਗੁਆਰੇਰੀ ਮਹਲਾ ੫, ਪੰਨਾ ੧੯੩

ਸਤਿਗੁਰ ਦਰਸਨਿ ਅਗਨਿ ਨਿਵਾਰੀ॥
ਸਤਿਗੁਰ ਭੇਟਤ ਹਉਮੈ ਮਾਰੀ॥
**ਸਤਿਗੁਰ ਸੰਗਿ ਨਾਹੀ ਮਨੁ ਡੋਲੈ॥**
**ਅੰਮ੍ਰਿਤ ਬਾਣੀ ਗੁਰਮੁਖਿ ਬੋਲੈ॥ ੧॥**

1. ਜਲ ਤਰੰਗ ਵਾਂਗ ਪੈਦਾ ਹੋਣਾ। 2. ਸਤਾਉਂਦਾ ਹੈ, ਦੁੱਖ ਦਿੰਦਾ ਹੈ। 3. ਲਾਲਚ। 4. ਤੱਕੜੀ। 5. ਰੋਕੀ।



## ਭਾਈ ਗੁਰਦਾਸ ਜੀ
## ਵਾਰ ੧੯ ਪਉੜੀ ੨੦

**ਗੁਰਮੁਖਿ ਪੂਰਾ ਤੋਲੁ ਨ ਤੋਲਣਿ[1] ਤੋਲੀਐ।**
ਗੁਰਮੁਖਿ ਪੂਰਾ ਬੋਲੁ ਨ ਬੋਲਣਿ ਬੋਲੀਐ।
ਗੁਰਮੁਖਿ ਮਤਿ ਅਡੋਲ ਨ ਡੋਲਣਿ ਡੋਲੀਐ।
ਗੁਰਮੁਖਿ ਪਿਰਮੁ[2] ਅਮੋਲੁ ਨ ਮੋਲਣਿ ਮੋਲੀਐ।
ਗੁਰਮੁਖਿ ਪੰਥੁ ਨਿਰੋਲੁ[3] ਨ ਰੋਲਣਿ ਰੋਲੀਐ।
**ਗੁਰਮੁਖਿ ਸਬਦੁ ਅਲੋਲੁ[4] ਪੀ ਅੰਮ੍ਰਿਤ ਝੋਲੀਐ॥੨੦॥**

1. ਤੱਕੜੀ। 2. ਪ੍ਰੇਮ। 3. ਸ਼ੁੱਧ। 4. ਅਚੰਚਲ।

## ਆਸਾ ਮਹਲਾ ੧
## ਆਦਿ ਗ੍ਰੰਥ, ਪੰਨਾ ੩੫੧

ਮੈ ਗੁਣ ਗਲਾ ਕੇ ਸਿਰਿ ਭਾਰ॥
ਗਲੀ ਗਲਾ[1] ਸਿਰਜਣਹਾਰ॥
ਖਾਣਾ ਪੀਣਾ ਹਸਣਾ ਬਾਦਿ॥
ਜਬ ਲਗੁ ਰਿਦੈ ਨ ਆਵਹਿ ਯਾਦਿ॥ ੧॥
ਤਉ ਪਰਵਾਹ ਕੇਹੀ[2] ਕਿਆ ਕੀਜੈ॥
ਜਨਮਿ ਜਨਮਿ ਕਿਛੁ ਲੀਜੀ[3] ਲੀਜੈ॥ ੧॥ ਰਹਾਉ॥
**ਮਨ ਕੀ ਮਤਿ ਮਤਾਗਲੁ[4] ਮਤਾ[5]॥**
**ਜੋ ਕਿਛੁ ਬੋਲੀਐ ਸਭੁ ਖਤੋ ਖਤਾ[6]॥**
ਕਿਆ ਮੁਹੁ ਲੈ ਕੀਚੈ ਅਰਦਾਸਿ॥
ਪਾਪੁ ਪੁੰਨੁ ਦੁਇ ਸਾਖੀ ਪਾਸਿ॥ ੨॥
ਜੈਸਾ ਤੂੰ ਕਰਹਿ ਤੈਸਾ ਕੋ ਹੋਇ॥
ਤੁਝ ਬਿਨੁ ਦੂਜਾ ਨਾਹੀ ਕੋਇ॥
ਜੇਹੀ ਤੂੰ ਮਤਿ ਦੇਹਿ ਤੇਹੀ ਕੋ ਪਾਵੈ॥
ਤੁਧੁ ਆਪੇ ਭਾਵੈ ਤਿਵੈ ਚਲਾਵੈ॥ ੩॥
ਰਾਗ ਰਤਨ ਪਰੀਆ ਪਰਵਾਰ॥
ਤਿਸੁ ਵਿਚਿ ਉਪਜੈ ਅੰਮ੍ਰਿਤੁ ਸਾਰ॥
ਨਾਨਕ ਕਰਤੇ ਕਾ ਇਹੁ ਧਨੁ ਮਾਲੁ॥
ਜੇ ਕੋ ਬੂਝੈ ਏਹੁ ਬੀਚਾਰੁ॥ ੪॥ ੯॥

1. ਗੱਲਾਂ ਹੀ ਗੱਲਾਂ। 2. ਹੋਰ ਕਿਸੇ ਦੀ ਕੀ ਮੁਥਾਜੀ ਹੈ। 3. ਲਾਭ। 4. ਹਾਥੀ। 5. ਮਸਤ। 6. ਭੁੱਲ ਹੀ ਭੁੱਲ।



## ਭਾਈ ਗੁਰਦਾਸ ਜੀ
## ਵਾਰ ੧੭ ਪਉੜੀ ੨੧

ਲਖ ਨਿੰਦਕ ਲਖ ਬੇਮੁਖਾਂ ਦੂਤ ਦੁਸਟ ਲਖ ਲੂਣ ਹਰਾਮੀ।
ਸ੍ਵਾਮਿ ਧ੍ਰੋਹੀ[1] ਅਕਿਰਤਘਣਿ ਚੋਰ ਜਾਰ ਲਖ ਲਖ ਪਹਿਨਾਮੀ[2]।
ਬਾਮ੍ਹਣ[3] ਗਾਈਂ ਵੰਸ ਘਾਤ ਲਾਇਤਬਾਰ[4] ਹਜਾਰ ਅਸਾਮੀ[5]।
ਕੂੜਿਆਰ ਗੁਰੁ ਗੋਪ ਲਖ ਗੁਨਹਗਾਰ ਲਖ ਲਖ ਬਦਨਾਮੀ।
ਅਪਰਾਧੀ ਬਹੁ ਪਤਿਤ ਲਖ ਅਵਗੁਣਿਆਰ ਖੁਆਰ ਖੁਨਾਮੀ[6]।
ਲਖ ਲਿਬਾਸੀ[7] ਦਗਾਬਾਜ ਲਖ ਸੈਤਾਨ ਸਲਾਮਿ ਸਲਾਮੀ[8]।
**ਤੂੰ ਵੇਖਹਿ ਹਉ ਮੁਕਰਾ ਹਉ ਕਪਟੀ ਤੂੰ ਅੰਤਰਿਜਾਮੀ।**
**ਪਤਿਤ ਉਧਾਰਣੁ ਬਿਰਦੁ ਸੁਆਮੀ॥੨੧॥**

1. ਜੋ ਸਵਾਮੀ ਨਾਲ ਦਗਾ ਕਰਦੇ ਹਨ। 2. ਛਲਛਿਦ੍ਰ। 3. ਬ੍ਰਹਮ ਨੂੰ ਜਾਣਨ ਵਾਲੇ ਸੰਤ। 4. ਚੁਗਲ, ਬੇਇਤਬਾਰੇ। 5. ਐਬੀ ਲੋਕ, ਮੁਜਰਮ। 6. ਕਸੂਰੀ ਲੋਕ। 7. ਭੇਖੀ ਲੋਕ। 8. ਸਲਾਮਾਂ ਲੈਕਮ।

## **ਧਨਾਸਰੀ ਮਹਲਾ ੪**
## **ਆਦਿ ਗ੍ਰੰਥ, ਪੰਨਾ ੬੬੭**

**ਕਲਿਜੁਗ ਕਾ ਧਰਮੁ ਕਹਹੁ ਤੁਮ ਭਾਈ**
**ਕਿਵ ਛੂਟਹ ਹਮ ਛੁਟਕਾਕੀ ॥**
ਹਰਿ ਹਰਿ ਜਪੁ ਬੇੜੀ ਹਰਿ ਤੁਲਹਾ
ਹਰਿ ਜਪਿਓ ਤਰੈ ਤਰਾਕੀ ॥ ੧ ॥
ਹਰਿ ਜੀ ਲਾਜ ਰਖਹੁ ਹਰਿ ਜਨ ਕੀ ॥
ਹਰਿ ਹਰਿ ਜਪਨੁ ਜਪਾਵਹੁ ਅਪਨਾ
ਹਮ ਮਾਗੀ ਭਗਤਿ ਇਕਾਕੀ ॥ ਰਹਾਉ ॥
ਹਰਿ ਕੇ ਸੇਵਕ ਸੇ ਹਰਿ ਪਿਆਰੇ
ਜਿਨ ਜਪਿਓ ਹਰਿ ਬਚਨਾਕੀ ॥
ਲੇਖਾ ਚਿਤ੍ਰ ਗੁਪਤਿ ਜੋ ਲਿਖਿਆ
ਸਭ ਛੂਟੀ ਜਮ ਕੀ ਬਾਕੀ ॥ ੨ ॥
ਹਰਿ ਕੇ ਸੰਤ ਜਪਿਓ ਮਨਿ ਹਰਿ ਹਰਿ
ਲਗਿ ਸੰਗਤਿ ਸਾਧ ਜਨਾ ਕੀ ॥
ਦਿਨੀਅਰੁ ਸੂਰੁ ਤ੍ਰਿਸਨਾ ਅਗਨਿ ਬੁਝਾਨੀ
ਸਿਵ ਚਰਿਓ ਚੰਦੁ ਚੰਦਾਕੀ ॥ ੩ ॥
ਤੁਮ ਵਡ ਪੁਰਖ ਵਡ ਅਗਮ ਅਗੋਚਰ
ਤੁਮ ਆਪੇ ਆਪਿ ਅਪਾਕੀ ॥
ਜਨ ਨਾਨਕ ਕਉ ਪ੍ਰਭ ਕਿਰਪਾ ਕੀਜੈ
ਕਰਿ ਦਾਸਨਿ ਦਾਸ ਦਸਾਕੀ ॥ ੪ ॥ ੬ ॥



## **ਭਾਈ ਗੁਰਦਾਸ ਜੀ**
## **ਵਾਰ ੧ ਪਉੜੀ ੧੬**

**ਕਲਿਜੁਗ ਕੀ ਸੁਣ ਸਾਧਨਾ ਕਰਮ ਕਿਰਤਿ ਕੀ ਚਲੈ ਨ ਕਾਈ।**
ਬਿਨਾ ਭਜਨ ਭਗਵਾਨ ਕੇ ਭਾਉ ਭਗਤਿ ਬਿਨੁ ਠਉੜਿ ਨ ਪਾਈ।
ਲਹੇ ਕਮਾਣਾ ਏਤ ਜੁਗਿ ਪਿਛਲੀ ਜੁਗੀਂ ਕਰੀ ਕਮਾਈ।
ਪਾਇਆ ਮਾਨਸ ਦੇਹਿ ਕਉ ਐਥੋਂ ਚੁਕਿਆ ਠੌਰ ਨ ਠਾਈ।
ਕਲਿਜੁਗਿ ਕੇ ਉਪਕਾਰਿ ਸੁਣਿ ਜੈਸੇ ਬੇਦ ਅਥਰਵਣ ਗਾਈ।
ਭਾਉ ਭਗਤਿ ਪਰਵਾਨ ਹੈ ਜਗ ਹੋਮ ਗੁਰ ਪੁਰਬਿ ਕਮਾਈ।
ਕਰਿਕੇ ਨੀਚ ਸਦਾਵਣਾ ਤਾਂ ਪ੍ਰਭੁ ਲੇਖੈ ਅੰਦਰਿ ਪਾਈ।
**ਕਲਿਜੁਗਿ ਨਾਵੈ ਕੀ ਵਡਿਆਈ ॥ ੧੬ ॥**

## ਬਸੰਤੁ ਮਹਲਾ ੫

## ੴ ਸਤਿਗੁਰ ਪ੍ਰਸਾਦਿ ॥

## ਆਦਿ ਗ੍ਰੰਥ, ਪੰਨਾ ੧੧੮੫

ਦੇਖੁ ਫੂਲ ਫੂਲ ਫੂਲੇ ॥
ਅਹੰ[1] ਤਿਆਗਿ ਤਿਆਗੇ ॥
ਚਰਨ ਕਮਲ ਪਾਗੇ[2] ॥
ਤੁਮ ਮਿਲਹੁ ਪ੍ਰਭ ਸਭਾਗੇ ॥
ਹਰਿ ਚੇਤਿ ਮਨ ਮੇਰੇ ॥ ਰਹਾਉ ॥
ਸਘਨ[3] ਬਾਸੁ ਕੂਲੇ ॥
ਇਕਿ ਰਹੇ ਸੂਕਿ ਕਠੂਲੇ[4] ॥
ਬਸੰਤ ਰੁਤਿ ਆਈ ॥
ਪਰਫੂਲਤਾ ਰਹੇ ॥ ੧ ॥
**ਅਬ ਕਲੂ ਆਇਓ ਰੇ ॥**
**ਇਕੁ ਨਾਮੁ ਬੋਵਹੁ ਬੋਵਹੁ ॥**
ਅਨ[5] ਰੂਤਿ ਨਾਹੀ ਨਾਹੀ ॥
ਮਤੁ ਭਰਮਿ ਭੂਲਹੁ ਭੂਲਹੁ ॥
ਗੁਰ ਮਿਲੇ ਹਰਿ ਪਾਏ ॥
ਜਿਸੁ ਮਸਤਕਿ ਹੈ ਲੇਖਾ ॥
ਮਨ ਰੁਤਿ ਨਾਮ ਰੇ ॥
ਗੁਨ ਕਹੇ ਨਾਨਕ ਹਰਿ ਹਰੇ ਹਰਿ ਹਰੇ ॥ ੨ ॥ ੧੮ ॥

1. ਹੰਕਾਰ। 2. ਲਿਪਟੇ। 3. ਕੂਲੇ ਕੂਲੇ ਬੂਟਿਆਂ 'ਚੋਂ ਆਉਂਦੀ ਸੁਗੰਧੀ। 4. ਕਾਠ ਬਣੇ ਹੋਏ ਹਨ। 5. ਹੋਰ।



## ਭਾਈ ਗੁਰਦਾਸ ਜੀ

## ਵਾਰ ੨੬ ਪਉੜੀ ੮

ਸਤਿਜੁਗਿ ਸਤਿ ਤ੍ਰੇਤੈ ਜੁਗਾ[1] ਦੁਆਪੁਰਿ ਪੂਜਾ ਬਹਲੀ ਘਾਲਾ[2]।
**ਕਲਿਜੁਗਿ ਗੁਰਮੁਖਿ ਨਾਉਂ ਲੈ ਪਾਰਿ ਪਵੈ ਭਵਜਲ ਭਰਨਾਲਾ[3]।**
ਚਾਰਿ ਚਰਣ ਸਤਿਜੁਗੈ ਵਿਚਿ ਤ੍ਰੇਤੈ ਚਉਥੈ ਚਰਣ ਉਕਾਲਾ[4]।
ਦੁਆਪੁਰਿ ਹੋਏ ਪੈਰ ਦੁਇ ਇਕਤੈ ਪੈਰ ਧਰੰਮੁ ਦੁਖਾਲਾ[5]।
ਮਾਣੁ ਨਿਮਾਣੈ ਜਾਣਿਕੈ ਬਿਨਉ ਕਰੈ ਕਰਿ ਨਦਰਿ ਨਿਹਾਲਾ।
ਗੁਰ ਪੂਰੈ ਪਰਗਾਸੁ ਕਰਿ ਧੀਰਜੁ ਧਰਮ ਸਚੀ ਧਰਮਸਾਲਾ।
ਆਪੇ ਖੇਤੁ ਆਪੇ ਰਖਵਾਲਾ ॥ ੮ ॥

1. ਜੁੱਗਾਂ ਕਰਕੇ। 2. ਕਮਾਈ। 3. ਸਮੁੰਦਰ। 4. ਹਟਿਆ। 5. ਦੁਖੀ।

## ਭੈਰਉ ਮਹਲਾ ੫
## ਆਦਿ ਗ੍ਰੰਥ, ਪੰਨਾ ੧੧੪੦-੪੧

ਹਉਮੈ ਰੋਗੁ ਮਾਨੁਖ ਕਉ ਦੀਨਾ ॥
ਕਾਮ ਰੋਗਿ ਮੈਗਲੁ[1] ਬਸਿ ਲੀਨਾ ॥
ਦ੍ਰਿਸਟਿ ਰੋਗਿ ਪਚਿ ਮੁਏ ਪਤੰਗਾ ॥
ਨਾਦ[2] ਰੋਗਿ ਖਪਿ ਗਏ ਕੁਰੰਗਾ[3] ॥ ੧ ॥
ਜੋ ਜੋ ਦੀਸੈ ਸੋ ਸੋ ਰੋਗੀ ॥
ਰੋਗ ਰਹਿਤ ਮੇਰਾ ਸਤਿਗੁਰੁ ਜੋਗੀ ॥ ੧ ॥ ਰਹਾਉ ॥
ਜਿਹਵਾ ਰੋਗਿ ਮੀਨੁ ਗ੍ਰਸਿਆਨੋ ॥
ਬਾਸਨ[4] ਰੋਗਿ ਭਵਰੁ ਬਿਨਸਾਨੋ ॥
ਹੇਤ[5] ਰੋਗ ਕਾ ਸਗਲ ਸੰਸਾਰਾ ॥
ਤ੍ਰਿਬਿਧਿ[6] ਰੋਗ ਮਹਿ ਬਧੇ ਬਿਕਾਰਾ ॥ ੨ ॥
ਰੋਗੇ ਮਰਤਾ ਰੋਗੇ ਜਨਮੈ ॥
ਰੋਗੇ ਫਿਰਿ ਫਿਰਿ ਜੋਨੀ ਭਰਮੈ ॥
ਰੋਗ ਬੰਧ ਰਹਨੁ ਰਤੀ ਨ ਪਾਵੈ ॥
ਬਿਨੁ ਸਤਿਗੁਰ ਰੋਗੁ ਕਤਹਿ ਨ ਜਾਵੈ ॥ ੩ ॥
ਪਾਰਬ੍ਰਹਮਿ ਜਿਸੁ ਕੀਨੀ ਦਇਆ ॥
ਬਾਹ ਪਕੜਿ ਰੋਗਹੁ ਕਢਿ ਲਇਆ ॥
**ਤੂਟੇ ਬੰਧਨ ਸਾਧਸੰਗੁ ਪਾਇਆ ॥**
**ਕਹੁ ਨਾਨਕ ਗੁਰਿ ਰੋਗੁ ਮਿਟਾਇਆ ॥ ੪ ॥ ੭ ॥ ੨੦ ॥**

1. ਹਾਥੀ। 2. ਆਵਾਜ਼। 3. ਹਿਰਨ। 4. ਸੁਗੰਧੀ। 5. ਮੋਹ। 6. ਰਜੋ, ਤਮੋ, ਸਤੋ।



## ਭਾਈ ਗੁਰਦਾਸ ਜੀ
## ਵਾਰ ੧੮ ਪਉੜੀ ੧੧

ਓਅੰਕਾਰਿ ਆਕਾਰੁ ਕਰਿ ਮਖੀ ਇਕ ਉਪਾਈ ਮਾਇਆ।
ਤਿਨਿ ਲੋਅ ਚਉਦਹ ਭਵਣੁ ਜਲ ਥਲੁ ਮਹੀਅਲੁ ਛਲੁ ਕਰਿ ਛਾਇਆ।
ਬ੍ਰਹਮਾ ਬਿਸਨ ਮਹੇਸੁ ਤ੍ਰੈ ਦਸ ਅਵਤਾਰ ਬਜਾਰਿ ਨਚਾਇਆ।
ਜਤੀ ਸਤੀ ਸੰਤੋਖੀਆ ਸਿਧ ਨਾਥ ਬਹੁ ਪੰਥ ਭਵਾਇਆ।
ਕਾਮ ਕਰੋਧ ਵਿਰੋਧ ਵਿਚਿ ਲੋਭ ਮੋਹੁ ਕਰਿ ਧ੍ਰੋਹੁ ਲੜਾਇਆ।
**ਹਉਮੈ ਅੰਦਰਿ ਸਭੁ ਕੋ ਸੇਰਹੁ ਘਟਿ ਨ ਕਿਨੈ ਅਖਾਇਆ।**
**ਕਾਰਣੁ ਕਰਤੇ ਆਪੁ ਲੁਕਾਇਆ ॥ ੧੧ ॥**

## ਮਹਲਾ ੧ ਆਸਾ ਦੀ ਵਾਰ
## ਆਦਿ ਗ੍ਰੰਥ, ਪੰਨਾ ੪੬੩

ਨਾਨਕ ਗੁਰੂ ਨ ਚੇਤਨੀ[1] ਮਨਿ ਆਪਣੈ ਸੁਚੇਤ[2]॥
**ਛੁਟੇ[3] ਤਿਲ ਬੂਆੜ[4] ਜਿਉ ਸੁੰਞੇ ਅੰਦਰਿ ਖੇਤ॥**
ਖੇਤੈ ਅੰਦਰਿ ਛੁਟਿਆ ਕਹੁ ਨਾਨਕ ਸਉ ਨਾਹ॥
ਫਲੀਅਹਿ ਫੁਲੀਅਹਿ ਬਪੁੜੇ[5] ਭੀ ਤਨ ਵਿਚਿ ਸੁਆਹ॥੩॥

1. ਯਾਦ ਕਰਦੇ ਹਨ। 2. ਸਿਆਣੇ। 3. ਛੱਡੇ ਹੋਏ। 4. ਤਿਲਾਂ ਦੇ ਬੂਟੇ ਵਰਗਾ ਬੂਟਾ ਪਰ ਮਲਿਆਂ ਕਾਲੇ ਰੰਗ ਦੀ ਧੂੜ ਨਿਕਲਦੀ ਹੈ। 5. ਵਿਚਾਰੇ।



## ਭਾਈ ਗੁਰਦਾਸ ਜੀ
## ਵਾਰ ੧੭ ਪਉੜੀ ੧੬

ਖੇਤੈ ਅੰਦਰਿ ਜੰਮਿਕੈ ਸਭ ਦੂੰ ਉੱਚਾ ਹੋਇ ਵਿਖਾਲੇ।
ਬੂਟੁ[1] ਵਡਾ ਕਰਿ ਫੈਲਦਾ ਹੋਇ ਚੁਹਚੁਹਾ[2] ਆਪੁ ਸਮਾਲੇ।
**ਖੇਤਿ ਸਫਲ ਹੋਇ ਲਾਵਣੀ[3] ਛੁਟਨਿ[4] ਤਿਲੁ ਬੂਆੜ ਨਿਰਾਲੇ[5]।**
ਨਿਹਫਲ ਸਾਰੇ ਖੇਤ ਵਿਚਿ ਜਿਉ ਸਰਵਾੜ[6] ਕਮਾਦ ਵਿਚਾਲੇ।
ਸਾਧ ਸੰਗਤਿ ਗੁਰ ਸਬਦੁ ਸੁਣਿ ਕਪਟ ਸਨੇਹੁ ਕਰਨਿ ਬੇਤਾਲੇ[7]।
ਨਿਹਫਲ ਜਨਮੁ ਅਕਾਰਥਾ ਹਲਤਿ ਪਲਤਿ ਹੋਵਨਿ ਮੁਹ ਕਾਲੇ।
ਜਮਪੁਰਿ ਜਮ ਜੰਦਾਰਿ ਹਵਾਲੇ॥੧੬॥

1. ਮੁੱਢ। 2. ਲਹਿ ਲਹਾਉਣਾ। 3. ਕਟਾਈ। 4. ਛੁੱਟਦੇ ਹਨ। 5. ਅਲੱਗ। 6. ਸਰਕੜਾ। 7. ਭੂਤਨੇ।

## ਸਲੋਕ ਮਹਲਾ ੧
## ਆਦਿ ਗ੍ਰੰਥ, ਪੰਨਾ ੪੬੮

ਕੂੜੁ ਰਾਜਾ ਕੂੜੁ ਪਰਜਾ ਕੂੜੁ ਸਭੁ ਸੰਸਾਰੁ ॥
ਕੂੜੁ ਮੰਡਪ[1] ਕੂੜੁ ਮਾੜੀ[2] ਕੂੜੁ ਬੈਸਣਹਾਰੁ ॥
ਕੂੜੁ ਸੁਇਨਾ ਕੂੜੁ ਰੁਪਾ ਕੂੜੁ ਪੈਨ੍ਹਣਹਾਰੁ ॥
ਕੂੜੁ ਕਾਇਆ ਕੂੜੁ ਕਪੜੁ ਕੂੜੁ ਰੂਪੁ ਅਪਾਰੁ ॥
ਕੂੜੁ ਮੀਆ ਕੂੜੁ ਬੀਬੀ ਖਪਿ ਹੋਏ ਖਾਰੁ[3] ॥
ਕੂੜਿ ਕੂੜੈ ਨੇਹੁ ਲਗਾ ਵਿਸਰਿਆ ਕਰਤਾਰੁ ॥
ਕਿਸੁ ਨਾਲਿ ਕੀਚੈ ਦੋਸਤੀ ਸਭੁ ਜਗੁ ਚਲਣਹਾਰੁ[4] ॥
**ਕੂੜੁ ਮਿਠਾ ਕੂੜੁ ਮਾਖਿਉ ਕੂੜੁ ਡੋਬੇ ਪੂਰੁ[5] ॥**
**ਨਾਨਕੁ ਵਖਾਣੈ[6] ਬੇਨਤੀ ਤੁਧੁ ਬਾਝੁ[7] ਕੂੜੋ ਕੂੜੁ ॥ ੧ ॥**

1. ਸੁਹਣੇ ਮਕਾਨ। 2. ਉੱਚੀਆਂ ਮੰਜ਼ਲਾਂ ਵਾਲੇ ਮਕਾਨ। 3. ਖੁਆਰ। 4. ਨਾਸ਼ਵੰਤ। 5. ਬੇੜੀ ਵਿਚ ਬੈਠੇ ਲੋਕ। 6. ਆਖਦੇ ਹਨ। 7. ਬਿਨਾਂ।



## ਭਾਈ ਗੁਰਦਾਸ ਜੀ
## ਵਾਰ ੩੦ ਪਉੜੀ ੧੯

ਕੂੜੁ ਅਹੀਰਾਂ ਪਿੰਡੁ[1] ਹੈ ਪੰਜ ਦੂਤ ਵਸਨਿ ਬੁਰਿਆਰਾ।
ਕਾਮ ਕਰੋਧੁ ਵਿਰੋਧੁ ਨਿਤ ਲੋਭ ਮੋਹੁ ਧ੍ਰੋਹੁ ਅਹੰਕਾਰਾ।
ਖਿੰਜੋਤਾਣੁ ਅਸਾਧੁ ਸੰਗੁ ਵਰਤੈ ਪਾਪੈ ਦਾ ਵਰਤਾਰਾ।
ਪਰ ਧਨ ਪਰਨਿੰਦਾ ਪਿਆਰੁ ਪਰਨਾਰੀ ਸਿਉ ਵਡੇ ਵਿਕਾਰਾ[2]।
ਖਲੁਹਲੁ ਮੂਲਿ ਨ ਚੁਕਈ ਰਾਜ ਡੰਡੁ ਜਮ ਡੰਡੁ ਕਰਾਰਾ।
**ਦੂਹੀ ਸਰਾਈ ਜਰਦਰੂ[3] ਜੰਮਣ ਮਰਣ ਨਰਕਿ ਅਵਤਾਰਾ।**
**ਅਗੀ ਫਲ ਹੋਵਨਿ ਅੰਗਿਆਰਾ ॥ ੧੯ ॥**

1. ਲੁਟੇਰਿਆਂ (ਸ਼ਿਕਾਰੀਆਂ) ਦਾ ਪਿੰਡ। 2. ਵੱਡੇ ਪਾਪ ਹਨ। 3. ਸ਼ਰਮਿੰਦਾ।

## ਮਾਝ ਕੀ ਵਾਰ ਮਹਲਾ ੧
## ਆਦਿ ਗ੍ਰੰਥ, ਪੰਨਾ ੧੪੫

ਜਾ ਤੂੰ ਵਡਾ ਸਭਿ ਵਡਿਆਂਈਆ
ਚੰਗੈ ਚੰਗਾ ਹੋਈ॥
**ਜਾ ਤੂੰ ਸਚਾ ਤਾ ਸਭੁ ਕੋ ਸਚਾ**
**ਕੂੜਾ ਕੋਇ ਨ ਕੋਈ॥**
ਆਖਣੁ ਵੇਖਣੁ ਬੋਲਣੁ ਚਲਣੁ
ਜੀਵਣੁ ਮਰਣਾ ਧਾਤੁ[1]॥
ਹੁਕਮੁ ਸਾਜਿ ਹੁਕਮੈ ਵਿਚਿ ਰਖੈ
ਨਾਨਕ ਸਚਾ ਆਪਿ॥ ੨॥

1. ਚਲਾਇਮਾਨ।



## ਭਾਈ ਗੁਰਦਾਸ ਜੀ
## ਵਾਰ ੩੦ ਪਉੜੀ ੧੭

**ਸਚੁ ਸਪੂਰਣ ਨਿਰਮਲਾ ਤਿਸੁ ਵਿਚਿ ਕੂੜੁ ਨ ਰਲਦਾ ਰਾਈ।**
ਅਖੀ ਕਤੁ ਨ ਸੰਜਰੈ ਤਿਣੁ ਅਉਖਾ ਦੁਖਿ ਰੈਣਿ ਵਿਹਾਈ।
ਭੋਜਣ ਅੰਦਰਿ ਮਖਿ ਜਿਉ ਹੋਇ ਦੁਕੁਧਾ ਫੇਰਿ ਕਢਾਈ।
ਰੁਈ ਅੰਦਰਿ ਚਿਣਗ ਵਾਂਗ ਦਾਹਿ ਭਸਮੰਤੁ ਕਰੇ ਦੁਖਦਾਈ।
ਕਾਂਜੀ ਦੁਧੁ ਕੁਸੁਧੁ ਹੋਇ ਫਿਟੈ ਸਾਦਹੁ ਵੰਨਹੁ ਜਾਈ।
ਮਹੁਰਾ ਚੁਖਕੁ ਚਖਿਆ ਪਾਤਿਸਾਹਾ ਮਾਰੈ ਸਹਮਾਈ।
**ਸਚਿ ਅੰਦਰਿ ਕਿਉ ਕੂੜੁ ਸਮਾਈ॥੧੭॥**

## ਜਪੁ ਜੀ ਸਾਹਿਬ
## ਆਦਿ ਗ੍ਰੰਥ, ਪੰਨਾ ੪-੫

ਕਵਣੁ ਸੁ ਵੇਲਾ ਵਖਤੁ[1] ਕਵਣੁ ਕਵਣ ਥਿਤਿ[2] ਕਵਣੁ ਵਾਰੁ ॥
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ[3] ॥
ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ ॥
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ ॥
**ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ ॥**
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥
ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ ॥
ਨਾਨਕ ਆਖਣਿ[4] ਸਭੁ ਕੋ ਆਖੈ ਇਕ ਦੂ ਇਕੁ ਸਿਆਣਾ ॥
ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ ॥
ਨਾਨਕ ਜੇ ਕੋ ਆਪੌ ਜਾਣੈ ਅਗੈ ਗਇਆ ਨ ਸੋਹੈ[5] ॥ ੨੧ ॥

1. ਵੇਲਾ, ਸਮਾਂ। 2. ਚੰਦਰਮਾ ਦੀ ਕਲਾ ਅਨੁਸਾਰ ਗਿਣੇ ਜਾਣ ਵਾਲਾ ਪੱਖ। 3. ਪਸਾਰਾ। 4. ਪ੍ਰਮਾਣਾਂ ਦੁਆਰਾ। 5. ਸ਼ੋਭਾ ਪਾਉਂਦਾ ਹੈ।



## ਭਾਈ ਗੁਰਦਾਸ ਜੀ
## ਵਾਰ ੨੨ ਪਉੜੀ ੧

ਨਿਰਾਧਾਰ[1] ਨਿਰੰਕਾਰੁ ਨ ਅਲਖੁ ਲਖਾਇਆ।
ਹੋਆ ਏਕੰਕਾਰੁ[2] ਆਪੁ ਉਪਾਇਆ।
ਓਅੰਕਾਰਿ ਅਕਾਰੁ ਚਲਿਤੁ ਰਚਾਇਆ।
ਸਚੁ ਨਾਉ ਕਰਤਾਰੁ ਬਿਰਦੁ ਸਦਾਇਆ।
ਸਚਾ ਪਰਵਦਗਾਰੁ[3] ਤ੍ਰੈਗੁਣ ਮਾਇਆ।
ਸਿਰਠੀ[4] ਸਿਰਜਣਹਾਰੁ ਲੇਖੁ ਲਿਖਾਇਆ।
ਸਭਸੈ ਦੇ ਆਧਾਰੁ ਨ ਤੋਲਿ ਤੁਲਾਇਆ।
**ਲਖਿਆ ਥਿਤਿ ਨ ਵਾਰੁ ਨ ਮਾਹੁ ਜਣਾਇਆ।**
**ਵੇਦ ਕਤੇਬ ਵੀਚਾਰੁ ਨ ਆਖਿ ਸੁਣਾਇਆ ॥ ੧ ॥**

1. ਆਸਰੇ ਤੋਂ ਬਿਨਾਂ। 2. ਕੇਵਲ ਇਕ। 3. ਪਾਲਣਹਾਰ। 4. ਰਚਨਾ ਸ੍ਰਿਸ਼ਟੀ।

## ਸਲੋਕ ਮਹਲਾ ੨
## ਆਦਿ ਗ੍ਰੰਥ, ਪੰਨਾ ੭੯੮

ਜਿਨਾ ਭਉ ਤਿਨ੍ ਨਾਹਿ ਭਉ ਮੁਚੁ ਭਉ[1] ਨਿਭਵਿਆਹ[2] ॥
ਨਾਨਕ ਏਹੁ ਪਟੰਤਰਾ[3] ਤਿਤੁ ਦੀਬਾਨਿ[4] ਗਇਆਹ ॥੧॥

**ਮ: ੨॥**

**ਤੁਰਦੇ ਕਉ ਤੁਰਦਾ ਮਿਲੈ ਉਡਤੇ ਕਉ ਉਡਤਾ॥**
**ਜੀਵਤੇ ਕਉ ਜੀਵਤਾ ਮਿਲੈ ਮੂਏ ਕਉ ਮੂਆ॥**
ਨਾਨਕ ਸੋ ਸਾਲਾਹੀਐ ਜਿਨਿ ਕਾਰਣੁ ਕੀਆ॥੨॥

**ਪਉੜੀ॥**

**ਸਚੁ ਧਿਆਇਨਿ ਸੇ ਸਚੇ ਗੁਰ ਸਬਦਿ ਵੀਚਾਰੀ॥**
ਹਉਮੈ ਮਾਰਿ ਮਨੁ ਨਿਰਮਲਾ ਹਰਿ ਨਾਮੁ ਉਰਿ ਧਾਰੀ॥
ਕੋਠੇ ਮੰਡਪ ਮਾੜੀਆ ਲਗਿ ਪਏ ਗਾਵਾਰੀ॥
ਜਿਨ੍ਹਿ ਕੀਏ ਤਿਸਹਿ ਨ ਜਾਣਨੀ ਮਨਮੁਖਿ ਗੁਬਾਰੀ[5] ॥
ਜਿਸੁ ਬੁਝਾਇਹਿ[6] ਸੋ ਬੁਝਸੀ ਸਚਿਆ ਕਿਆ ਜੰਤ ਵਿਚਾਰੀ॥੮॥

1. ਬਹੁਤ ਡਰ। 2. ਨਿਡਰਾਂ ਨੂੰ। 3. ਗੂੜ੍ਹਾ ਭੇਦ ਨਿਰਣਾ ਕਰਨਾ। 4. ਕਚਹਿਰੀ ਵਿਚ। 5. ਹਨੇਰੇ ਵਿਚ। 6. ਸਮਝ ਆ ਗਈ।



## ਭਾਈ ਗੁਰਦਾਸ ਜੀ
## ਵਾਰ ੫ ਪਉੜੀ ੪

**ਅਮਲੀ ਰਚਨਿ ਅਮਲੀਆ ਸੋਫੀ ਸੋਫੀ[1] ਮੇਲੁ ਕਰੰਦੇ।**
**ਜੂਆਰੀ ਜੂਆਰੀਆ ਵੇਕਰਮੀ[2] ਵੇਕਰਮ ਰਚੰਦੇ।**
**ਚੋਰਾ ਚੋਰਾ ਪਿਰਹੜੀ[3] ਠਗ ਠਗ ਮਿਲਿ ਦੇਸ ਠਗੰਦੇ।**
ਮਸਕਰਿਆ ਮਿਲਿ ਮਸਕਰੇ[4] ਚੁਗਲਾ ਚੁਗਲ ਉਮਾਹਿ[5] ਮਿਲੰਦੇ।
**ਮਨਤਾਰੂ**[6] ਮਨਤਾਰੂਆਂ ਤਾਰੂ ਤਾਰੂ ਤਾਰ ਤਰੰਦੇ।
**ਦੁਖਿਆਰੇ** ਦੁਖਿਆਰਿਆਂ ਮਿਲਿ ਮਿਲਿ ਅਪਣੇ ਦੁਖ ਰੁਵੰਦੇ।
**ਸਾਧ ਸੰਗਤਿ ਗੁਰ ਸਿਖੁ ਵਸੰਦੇ॥੪॥**

1. ਬੇਅਮਲੀ, ਜੋ ਨਸ਼ਾ ਨਹੀਂ ਕਰਦੇ। 2. ਦੁਰਾਚਾਰੀ। 3. ਟੋਕਬਾਜ਼। 4. ਖੁਸ਼ੀ ਨਾਲ। 5. ਅਨਤਾਰੂ। 6. ਪ੍ਰੀਤ।

## ਵਾਰ ਮਾਝ ਕੀ
## ਆਦਿ ਗ੍ਰੰਥ, ਪੰਨਾ ੧੪੪
## ਪਉੜੀ ॥

ਪੂਰੇ ਗੁਰ ਕੀ ਕਾਰ ਕਰਮਿ[1] ਕਮਾਈਐ ॥
ਗੁਰਮਤੀ ਆਪੁ ਗਵਾਇ ਨਾਮੁ ਧਿਆਈਐ ॥
ਦੂਜੀ ਕਾਰੈ ਲਗਿ[2] ਜਨਮੁ ਗਵਾਈਐ ॥
ਵਿਣੁ ਨਾਵੈ ਸਭ ਵਿਸੁ[3] ਪੈਝੈ[4] ਖਾਈਐ ॥
ਸਚਾ ਸਬਦੁ ਸਾਲਾਹਿ ਸਚਿ ਸਮਾਈਐ ॥
**ਵਿਣੁ ਸਤਿਗੁਰੁ ਸੇਵੇ ਨਾਹੀ ਸੁਖਿ ਨਿਵਾਸੁ**
**ਫਿਰਿ ਫਿਰਿ ਆਈਐ ॥**
ਦੁਨੀਆ ਖੋਟੀ ਰਾਸਿ ਕੂੜੁ ਕਮਾਈਐ ॥
ਨਾਨਕ ਸਚੁ ਖਰਾ ਸਾਲਾਹਿ
ਪਤਿ ਸਿਉ ਜਾਈਐ ॥ ੧੪ ॥

1. ਕਿਰਪਾ ਦੁਆਰਾ, ਬਖਸ਼ਿਸ਼ ਨਾਲ। 2. ਲਗ ਕੇ। 3. ਜ਼ਹਿਰ। 4. ਕੱਪੜੇ।



## ਭਾਈ ਗੁਰਦਾਸ ਜੀ
## ਵਾਰ ੩੦ ਪਉੜੀ ੧੯

ਸਚੁ ਸਚਾਵਾ ਮਾਣੁ ਹੈ ਕੂੜ ਕੂੜਾਵੀ ਮਣੀ ਮਨੂਰੀ[1]।
**ਕੂੜੇ ਕੂੜੀ ਪਾਇ ਹੈ ਸਚੁ ਸਚਾਵੀ ਗੁਰਮਤਿ ਪੂਰੀ।**
**ਕੂੜੇ ਕੂੜਾ ਜੋਰਿ ਹੈ ਸਚਿ ਸਤਾਣੀ ਗਰਬ ਗਰੂਰੀ[2]।**
**ਕੂੜੁ ਨ ਦਰਗਹ ਮੰਨੀਐ ਸਚੁ ਸੁਹਾਵਾ ਸਦਾ ਹਜੂਰੀ।**
ਸੁਕਰਾਨਾ ਹੈ ਸਚੁ ਘਰਿ ਕੂੜੁ ਕੁਫਰ ਘਰਿ ਨਾ ਸਾਬੂਰੀ[3]।
ਹਸਤਿ ਚਾਲ ਹੈ ਸਚ ਦੀ ਕੂੜਿ ਕੁਢੰਗੀ ਚਾਲ ਭੇਡੂਰੀ[4]।
ਮੂਲੀ ਪਾਨ ਡਿਕਾਰ[5] ਜਿਉ ਮੁਲਿ ਨ ਤੁਲਿ ਲਸਣੁ ਕਸਤੂਰੀ।
ਬੀਜੈ ਵਿਸੁ ਨ ਖਾਵੈ ਚੂਰੀ ॥ ੧੯ ॥

1. ਸ਼ੋਭਾ ਤੇ ਮਨੌਤ। 2. ਮਾਣ। 3. ਸੰਤੋਖ। 4. ਭੇਡਾਂ ਵਾਲੀ। 5. ਮੂਲੀ ਅਤੇ ਪਾਨ ਦਾ ਡਕਾਰ।

## ਗਉੜੀ ਕੀ ਵਾਰ ਮਹਲਾ ੪
## ਆਦਿ ਗ੍ਰੰਥ, ਪੰਨਾ ੩੧੪
## ਪਉੜੀ॥

ਜਿਨ ਕੇ ਚਿਤ ਕਠੋਰ[1] ਹਹਿ
ਸੇ ਬਹਹਿ[2] ਨ ਸਤਿਗੁਰ ਪਾਸਿ॥
ਓਥੈ ਸਚੁ ਵਰਤਦਾ ਕੂੜਿਆਰਾ ਚਿਤ ਉਦਾਸਿ॥
ਓਇ ਵਲੁਛਲੁ ਕਰਿ ਝਤਿ ਕਢਦੇ[3]
ਫਿਰਿ ਜਾਇ ਬਹਹਿ ਕੂੜਿਆਰਾ ਪਾਸਿ॥
ਵਿਚਿ ਸਚੇ ਕੂੜੁ ਨ ਗਡਈ[4]
ਮਨਿ ਵੇਖਹੁ ਕੋ ਨਿਰਜਾਸਿ[5]॥
ਕੂੜਿਆਰ ਕੂੜਿਆਰੀ ਜਾਇ ਰਲੇ
**ਸਚਿਆਰ ਸਿਖ ਬੈਠੇ ਸਤਿਗੁਰ ਪਾਸਿ॥ ੨੯॥**

1. ਸਖਤ। 2. ਬੈਠਦੇ ਨਹੀਂ। 3. ਸਮਾਂ ਗੁਜ਼ਾਰਦੇ ਹਨ। 4. ਨਹੀਂ ਰਲ ਸਕਦੇ। 5. ਨਿਰਣਾ ਕਰਕੇ।



## ਭਾਈ ਗੁਰਦਾਸ ਜੀ
## ਵਾਰ ੫ ਪਉੜੀ ੩

ਅਪਣੇ ਅਪਣੇ ਵਰਨ ਵਿਚਿ ਚਾਰਿ ਵਰਨ ਕੁਲ ਧਰਮ ਧਰੰਦੇ।
ਛਿਅ ਦਰਸਨ ਛਿਅ ਸਾਸਤ੍ਰਾ ਗੁਰਮਤਿ ਖਟੁ ਕਰਮ ਕਰੰਦੇ।
ਅਪਣੇ ਅਪਣੇ ਸਾਹਿਬੈ[1] ਚਾਕਰ ਜਾਇ ਜੁਹਾਰ[2] ਜੁੜੰਦੇ।
ਅਪਣੇ ਅਪਣੇ ਵਣਜ ਵਿਚਿ ਵਾਪਾਰੀ ਵਾਪਾਰ ਮਚੰਦੇ।
ਅਪਣੇ ਅਪਣੇ ਖੇਤ ਵਿਚਿ ਬੀਉ ਸਭੈ ਕਿਰਸਾਣਿ ਬੀਜੰਦੇ।
ਕਾਰੀਗਰਿ ਕਾਰੀਗਰਾ ਕਾਰਿਖਾਨੇ ਵਿਚਿ ਜਾਇ ਮਿਲੰਦੇ।
**ਸਾਧ ਸੰਗਤਿ ਗੁਰ ਸਿਖ ਪੁਜੰਦੇ[3]॥੩॥**

1. ਮਾਲਕ, ਰਾਜੇ। 2. ਬੰਦਗੀ। 3. ਪਹੁੰਚੇ।

## ਰਾਗੁ ਗਉੜੀ ਰਵਿਦਾਸ ਜੀਉ ਕੇ ਪਦੇ
## ਆਦਿ ਗ੍ਰੰਥ, ਪੰਨਾ ੩੪੫

ਬੇਗਮ ਪੁਰਾ[1] ਸਹਰ ਕੋ ਨਾਉ ॥
ਦੂਖੁ ਅੰਦੋਹੁ[2] ਨਹੀ ਤਿਹਿ ਠਾਉ ॥
ਨਾਂ ਤਸਵੀਸ[3] ਖਿਰਾਜੁ ਨ ਮਾਲੁ ॥
ਖਉਫੁ ਨ ਖਤਾ[4] ਨ ਤਰਸੁ ਜਵਾਲੁ[5] ॥ ੧ ॥
ਅਬ ਮੋਹਿ ਖੂਬ ਵਤਨ ਗਹ ਪਾਈ ॥
ਊਹਾਂ ਖੈਰਿ ਸਦਾ ਮੇਰੇ ਭਾਈ ॥ ੧ ॥ ਰਹਾਉ ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥
**ਦੋਮ[6] ਨ ਸੇਮ[7] ਏਕ ਸੋ ਆਹੀ ॥**
ਆਬਾਦਾਨੁ[8] ਸਦਾ ਮਸਹੂਰ ॥
ਊਹਾਂ ਗਨੀ[9] ਬਸਹਿ ਮਾਮੂਰ[10] ॥ ੨ ॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥
ਮਹਰਮ ਮਹਲ ਨ ਕੋ ਅਟਕਾਵੈ ॥
ਕਹਿ ਰਵਿਦਾਸ ਖਲਾਸ[11] ਚਮਾਰਾ ॥
ਜੋ ਹਮ ਸਹਰੀ[12] ਸੁ ਮੀਤੁ ਹਮਾਰਾ ॥ ੩ ॥ ੨ ॥

1. ਬਿਨਾਂ ਫਿਕਰਾਂ ਦੇ ਨਗਰੀ। 2. ਤਕਲੀਫ। 3. ਫਿਕਰ। 4. ਗਲਤੀ। 5. ਘਾਟਾ। 6. ਦੂਜਾ। 7. ਤੀਜਾ। 8. ਆਬਾਦੀ। 9. ਵਾਹਿਗੁਰੂ। 10. ਭਰਪੂਰ। 11. ਸੁਤੰਤਰ। 12. ਸਾਂਝੇ ਸ਼ਹਿਰ ਦਾ।



## ਭਾਈ ਗੁਰਦਾਸ ਜੀ
## ਵਾਰ ੨੪ ਪਉੜੀ ੪

ਗੰਗ ਬਨਾਰਸ[1] ਹਿੰਦੂਆਂ ਮੁਸਲਮਾਣਾਂ ਮਕਾ ਕਾਬਾ।
ਘਰਿ ਘਰਿ ਬਾਬਾ ਗਾਵੀਐ ਵਜਨਿ ਤਾਲ ਮ੍ਰਿਦੰਗੁ ਰਬਾਬਾ।
ਭਗਤਿ ਵਛਲੁ ਹੋਇ ਆਇਆ ਪਤਿਤ ਉਧਾਰਣੁ ਅਜਬੁ ਅਜਾਬਾ[2]।
ਚਾਰਿ ਵਰਨ ਇਕੁ ਵਰਨ ਹੋਇ ਸਾਧਸੰਗਤਿ ਮਿਲਿ ਹੋਇ ਤਰਾਬਾ[3]।
**ਚੰਦਨੁ ਵਾਸੁ ਵਣਾਸਪਤਿ ਅਵਲਿ ਦੋਮ ਨ ਸੇਮ ਖਰਾਬਾ।**
ਹੁਕਮੈ ਅੰਦਰਿ ਸਭ ਕੋ ਕੁਦਰਤਿ ਕਿਸ ਦੀ ਕਰੈ ਜਵਾਬਾ[4]।
ਜਾਹਰ ਪੀਰੁ ਜਗਤੁ ਗੁਰ ਬਾਬਾ ॥ ੪ ॥

1. ਕਾਸ਼ੀ। 2. ਅਚਰਜ ਤੇ ਅਚਰਚ ਰੂਪ। 3. ਤਰਨਾ। 4. ਉੱਤਰ।

## ਸੂਹੀ ਮਹਲਾ ੪ ਘਰ ੭
## ੴ ਸਤਿਗੁਰ ਪ੍ਰਸਾਦਿ॥
## ਆਦਿ ਗ੍ਰੰਥ, ਪੰਨਾ ੭੩੪-੭੩੫

ਤੇਰੇ ਕਵਨ ਕਵਨ ਗੁਣ ਕਹਿ ਕਹਿ ਗਾਵਾ ਤੂ ਸਾਹਿਬ ਗੁਣੀ ਨਿਧਾਨਾ॥
ਤੁਮਰੀ ਮਹਿਮਾ ਬਰਨਿ ਨ ਸਾਕਉ ਤੂੰ ਠਾਕੁਰ ਊਚ ਭਗਵਾਨਾ॥੧॥
ਮੈ ਹਰਿ ਹਰਿ ਨਾਮੁ ਧਰ[1] ਸੋਈ॥
ਜਿਉ ਭਾਵੈ ਤਿਉ ਰਾਖੁ ਮੇਰੇ ਸਾਹਿਬ ਮੈ ਤੁਝ ਬਿਨੁ ਅਵਰੁ ਨ ਕੋਈ॥੧॥ਰਹਾਉ॥
ਮੈ ਤਾਣੁ ਦੀਬਾਣੁ ਤੂਹੈ ਮੇਰੇ ਸੁਆਮੀ ਮੈ ਤੁਧੁ ਆਗੈ ਅਰਦਾਸਿ॥
ਮੈ ਹੋਰੁ ਥਾਉ ਨਾਹੀ ਜਿਸੁ ਪਹਿ ਕਰਉ ਬੇਨੰਤੀ ਮੇਰਾ ਦੁਖੁ ਸੁਖੁ ਤੁਝ ਹੀ ਪਾਸਿ॥੨॥
ਵਿਚੇ ਧਰਤੀ ਵਿਚੇ ਪਾਣੀ ਵਿਚਿ ਕਾਸਟ[2] ਅਗਨਿ ਧਰੀਜੈ॥
ਬਕਰੀ ਸਿੰਘੁ[3] ਇਕਤੈ ਥਾਇ ਰਾਖੇ ਮਨ ਹਰਿ ਜਪਿ ਭ੍ਰਮੁ ਭਉ ਦੂਰਿ ਕੀਜੈ॥੩॥
ਹਰਿ ਕੀ ਵਡਿਆਈ ਦੇਖਹੁ ਸੰਤਹੁ ਹਰਿ ਨਿਮਾਣਿਆ ਮਾਣੁ ਦੇਵਾਏ॥
ਜਿਉ ਧਰਤੀ ਚਰਣ ਤਲੇ ਤੇ ਊਪਰਿ ਆਵੈ ਤਿਉ ਨਾਨਕ ਸਾਧ ਜਨਾ ਜਗਤੁ ਆਨਿ ਸਭੁ ਪੈਰੀ ਪਾਏ॥੪॥੧॥੧੨॥

## ਰਾਗੁ ਮਾਝ ਅਸਟਪਦੀਆ ਮਹਲਾ ੧ ਘਰੁ ੧
## ਆਦਿ ਗ੍ਰੰਥ, ਪੰਨਾ ੧੦੯

ਪੇਈਅੜੈ ਪਿਰੁ ਜਾਤੋ ਨਾਹੀ॥
ਝੂਠਿ ਵਿਛੁੰਨੀ ਰੋਵੈ ਧਾਹੀ॥
**ਅਵਗਣਿ ਮੁਠੀ ਮਹਲੁ ਨ ਪਾਏ**
**ਅਵਗਣ ਗੁਣਿ ਬਖਸਾਵਣਿਆ ॥੬॥**

1. ਆਸਰਾ। 2. ਲੱਕੜੀ। 3. ਸ਼ੇਰ।



## ਭਾਈ ਗੁਰਦਾਸ ਜੀ
## ਵਾਰ ੨੬ ਪਉੜੀ ੧੯

**ਸਤਿਗੁਰ ਗੁਣੀ ਨਿਧਾਨੁ[1] ਹੈ ਗੁਣ ਕਰਿ ਬਖਸੈ ਅਵਗੁਣਿਆਰੇ।**
ਸਤਿਗੁਰੁ ਪੂਰਾ ਵੈਦੁ ਹੈ ਪੰਜੇ ਰੋਗੁ ਅਸਾਧ[2] ਨਿਵਾਰੇ।
ਸੁਖ ਸਾਗਰੁ ਗੁਰੁਦੇਉ ਹੈ ਸੁਖ ਦੇ ਮੇਲਿ ਲਏ ਦੁਖਿਆਰੇ।
ਗੁਰ ਪੂਰਾ ਨਿਰਵੈਰੁ ਹੈ ਨਿੰਦਕ ਦੋਖੀ ਬੇਮੁਖ ਤਾਰੇ।
ਗੁਰੁ ਪੂਰਾ ਨਿਰਭਉ ਸਦਾ ਜਨਮ ਮਰਣ ਜਮ ਡਰੈ ਉਤਾਰੇ।
ਸਤਿਗੁਰੁ ਪੁਰਖੁ ਸੁਜਾਣੁ ਹੈ ਵਡੇ ਅਜਾਣ ਮੁਗਧ ਨਿਸਤਾਰੇ।
ਸਤਿਗੁਰੁ ਆਗੂ[3] ਜਾਣੀਐ ਬਾਹ ਪਕੜਿ ਅੰਧਲੇ[4] ਉਧਾਰੇ।
**ਮਾਣੁ ਨਿਮਾਣੇ ਸਦ ਬਲਿਹਾਰੇ॥੧੯॥**

1. ਗੁਣਾਂ ਦਾ ਸਮੁੰਦਰ। 2. ਜੋ ਨਾ ਸਾਧੇ ਜਾਣ। 3. ਰਹਿਨੁਮਾ। 4. ਨੇਤ੍ਰਹੀਨ, ਅਗਿਆਨੀ।

## ਸਿਰੀਰਾਗੁ ਮਹਲਾ ੧ ਘਰ ਦੂਜਾ ੨
## ਆਦਿ ਗ੍ਰੰਥ, ਪੰਨਾ ੨੩

**ਆਪੇ ਰਸੀਆ[1] ਆਪਿ ਰਸੁ ਆਪੇ ਰਾਵਣਹਾਰੁ[2] ॥**
ਆਪੇ ਹੋਵੈ ਚੋਲੜਾ ਆਪੇ ਸੇਜ ਭਤਾਰੁ[3] ॥ ੧ ॥
ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ ॥ ੧ ॥ ਰਹਾਉ ॥
ਆਪੇ ਮਾਛੀ ਮਛੁਲੀ ਆਪੇ ਪਾਣੀ ਜਾਲੁ ॥
ਆਪੇ ਜਾਲ ਮਣਕੜਾ ਆਪੇ ਅੰਦਰਿ ਲਾਲੁ ॥ ੨ ॥
ਆਪੇ ਬਹੁ ਬਿਧਿ ਰੰਗੁਲਾ ਸਖੀਏ ਮੇਰਾ ਲਾਲੁ ॥
ਨਿਤ ਰਵੈ[4] ਸੋਹਾਗਣੀ ਦੇਖੁ ਹਮਾਰਾ ਹਾਲੁ ॥ ੩ ॥
ਪ੍ਰਣਵੈ ਨਾਨਕੁ ਬੇਨਤੀ ਤੂ ਸਰਵਰੁ ਤੂ ਹੰਸੁ ॥
ਕਉਲੁ ਤੂ ਹੈ ਕਵੀਆ[5] ਤੂ ਹੈ ਆਪੇ ਵੇਖਿ ਵਿਗਸੁ ॥ ੪ ॥ ੨੫ ॥

1. ਜਿਸਦੀ ਜ਼ਬਾਨ ਮਿੱਠੀ ਹੋਵੇ। 2. ਮਾਨਣ ਵਾਲਾ। 3. ਪਤੀ। 4. ਮਾਣਦਾ ਹੈ। 5. ਕੰਮੀ—ਪਾਣੀ ਦਾ ਇਕ ਬੂਟਾ ਜਿਸਦਾ ਫੁੱਲ ਰਾਤ ਨੂੰ ਖਿੜਦਾ ਹੈ।



## ਭਾਈ ਗੁਰਦਾਸ ਜੀ
## ਵਾਰ ੨ ਪਉੜੀ ੩

ਆਪੇ ਭੁਖਾ ਹੋਇਕੈ ਆਪਿ ਜਾਇ ਰਸੋਈ।
ਭੋਜਨੁ ਆਪਿ ਬਣਾਇਦਾ ਰਸ ਵਿਚਿ ਰਸ ਗੋਈ।
ਆਪੇ ਖਾਇ ਸਲਾਹਿਕੈ ਹੋਇ ਤ੍ਰਿਪਤਿ ਸਮੋਈ[1]।
**ਆਪੇ ਰਸੀਆ ਆਪਿ ਰਸੁ ਰਸੁ ਰਸਨਾ[2] ਭੋਈ[3]।**
ਦਾਤਾ ਭੁਗਤਾ[4] ਆਪਿ ਹੈ ਸਰਬੰਗੁ ਸਮੋਈ[5]।
ਆਪੇ ਆਪਿ ਵਰੱਤਦਾ ਗੁਰਮੁਖਿ ਸੁਖੁ ਹੋਈ ॥ ੩ ॥

1. ਅਨੰਦਿਤ। 2. ਜੀਭ। 3. ਮਿਲਦਾ ਹੈ। 4. ਭੋਗਣ ਵਾਲਾ। 5. ਸਮਾਉਂਦਾ ਹੈ।

## ਮਾਰੂ ਮਹਲਾ ੩
## ਆਦਿ ਗ੍ਰੰਥ, ਪੰਨਾ ੧੦੫੩-੫੪

ਅਗਮ ਅਗੋਚਰੁ ਕੀਮਤਿ ਨਹੀ ਪਾਈ ॥
ਗੁਰ ਪਰਸਾਦੀ ਮੰਨਿ ਵਸਾਈ ॥
ਸਦਾ ਸਬਦਿ ਸਾਲਾਹੀ[1] ਗੁਣਦਾਤਾ
ਲੇਖਾ ਕੋਇ ਨ ਮੰਗੈ ਤਾਹਾ ਹੇ[2] ॥ ੯ ॥
**ਬ੍ਰਹਮਾ ਬਿਸਨੁ ਰੁਦ੍ਰ[3] ਤਿਸ ਕੀ ਸੇਵਾ ॥**
**ਅੰਤੁ ਨ ਪਾਵਹਿ ਅਲਖ[4] ਅਭੇਵਾ[5] ॥**
ਜਿਨ ਕਉ ਨਦਰਿ ਕਰਹਿ ਤੂ ਅਪਣੀ
ਗੁਰਮੁਖਿ ਅਲਖੁ ਲਖਾਹਾ[6] ਹੇ ॥ ੧੦ ॥
ਪੂਰੈ ਸਤਿਗੁਰਿ ਸੋਝੀ ਪਾਈ ॥
ਏਕੋ ਨਾਮੁ ਮੰਨਿ ਵਸਾਈ ॥
ਨਾਮੁ ਜਪੀ ਤੈ ਨਾਮੁ ਧਿਆਈ
ਮਹਲੁ ਪਾਇ ਗੁਣ ਗਾਹਾ[7] ਹੇ ॥ ੧੧ ॥
ਸੇਵਕ ਸੇਵਹਿ ਮੰਨਿ ਹੁਕਮੁ ਅਪਾਰਾ[8] ॥
ਮਨਮੁਖ ਹੁਕਮੁ ਨ ਜਾਣਹਿ ਸਾਰਾ[9] ॥
ਹੁਕਮੇ ਮੰਨੇ ਹੁਕਮੇ ਵਡਿਆਈ
ਹੁਕਮੇ ਵੇਪਰਵਾਹਾ ਹੇ ॥ ੧੨ ॥

1. ਸਿਫਤ ਕਰਦਾ ਹਾਂ। 2. ਉਸਦਾ। 3. ਸ਼ਿਵ। 4. ਲਖਤਾ ਤੋਂ ਰਹਿਤ। 5. ਭੇਦ ਤੋਂ ਰਹਿਤ। 6. ਜਣਾ ਦਿੰਦਾ ਹੈ। 7. ਗਾਉਂਦਾ ਹਾਂ। 8. ਬੇਅੰਤ। 9. ਸਾਰ।



## ਭਾਈ ਗੁਰਦਾਸ ਜੀ
## ਵਾਰ ੧੯ ਪਉੜੀ ੧੩

**ਲਖ ਲਖ ਬ੍ਰਹਮੇ ਵੇਦ ਪੜ੍ਹਿ ਇਕਸ ਅਖਰ[1] ਭੇਦੁ ਨ ਜਾਤਾ।**
ਜੋਗ ਧਿਆਨ ਮਹੇਸ ਲਖ ਰੂਪ ਨ ਰੇਖ ਨ ਭੇਖੁ ਪਛਾਤਾ।
ਲਖ ਅਵਤਾਰ ਅਕਾਰ ਕਰਿ ਤਿਲੁ ਵੀਚਾਰੁ ਨ ਬਿਸਨ ਪਛਾਤਾ।
ਲਖ ਲਖ ਨਉਤਨ ਨਾਉ ਲੈ ਲਖ ਲਖ ਸੇਖ ਵਿਸੇਖ ਨ ਤਾਤਾ[2]।
ਚਿਰ ਜੀਵਣੁ ਬਹੁ ਹੰਢਣੇ[3] ਦਰਸਨ ਪੰਥ ਨ ਸਬਦੁ ਸਿਞਾਤਾ।
ਦਾਤਿ ਲੁਭਾਇ ਵਿਸਾਰਨਿ ਦਾਤਾ ॥ ੧੩ ॥

1. ਓਅੰਕਾਰ। 2. ਖਾਹਸ਼, ਇੱਛਾ। 3. ਬਹੁਤ ਉਮਰ ਭੋਗਣ ਵਾਲੇ।

## ਮਾਰੂ ਮਹਲਾ ੧
## ਆਦਿ ਗ੍ਰੰਥ, ਪੰਨਾ ੧੦੩੫

**ਅਰਬਦ ਨਰਬਦ[1] ਧੁੰਧੂਕਾਰਾ[2] ॥**
**ਧਰਣਿ[3] ਨ ਗਗਨਾ ਹੁਕਮੁ ਅਪਾਰਾ ॥**
**ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ**
**ਸੁੰਨ ਸਮਾਧਿ ਲਗਾਇਦਾ ॥ ੧ ॥**
**ਖਾਣੀ ਨ ਬਾਣੀ ਪਉਣ ਨ ਪਾਣੀ ॥**
**ਓਪਤਿ ਖਪਤਿ[4] ਨ ਆਵਣ ਜਾਣੀ ॥**
**ਖੰਡ ਪਤਾਲ ਸਪਤ ਨਹੀ ਸਾਗਰ**
**ਨਦੀ ਨ ਨੀਰੁ ਵਹਾਇਦਾ ॥ ੨ ॥**
ਨਾ ਤਦਿ ਸੁਰਗੁ ਮਛੁ[5] ਪਇਆਲਾ[6] ॥
ਦੋਜਕੁ ਭਿਸਤੁ[7] ਨਹੀ ਖੈ ਕਾਲਾ ॥
ਨਰਕੁ ਸੁਰਗੁ ਨਹੀ ਜੰਮਣੁ ਮਰਣਾ
ਨਾ ਕੋ ਆਇ ਨ ਜਾਇਦਾ ॥ ੩ ॥
ਬ੍ਰਹਮਾ ਬਿਸਨੁ ਮਹੇਸੁ[8] ਨ ਕੋਈ ॥
ਅਵਰੁ ਨ ਦੀਸੈ ਏਕੋ ਸੋਈ ॥
ਨਾਰਿ ਪੁਰਖੁ ਨਹੀ ਜਾਤਿ ਨ ਜਨਮਾ
ਨਾ ਕੋ ਦੁਖੁ ਸੁਖੁ ਪਾਇਦਾ ॥ ੪ ॥

1. ਅਰਬਾਂ ਖਰਬਾਂ ਤੋਂ ਪਰ੍ਹੇ, ਅਣਗਿਣਤ। 2. ਘੁੱਪ ਹਨੇਰ। 3. ਧਰਤੀ। 4. ਨਾਸ, ਪਰਲੋ। 5. ਮਾਤ ਲੋਕ। 6. ਪਤਾਲ ਲੋਕ। 7. ਸਵਰਗ। 8. ਸ਼ਿਵ।



## ਭਾਈ ਗੁਰਦਾਸ ਜੀ
## ਵਾਰ ੧ ਪਉੜੀ ੨

**ਪ੍ਰਿਥਮੈ ਸਾਸਿ ਨ ਮਾਸ ਸਨਿ ਅੰਧ ਧੁੰਧ ਕਛੁ ਖਬਰਿ ਨ ਪਾਈ।**
ਰਕਤਿਬਿੰਦ ਕੀ ਦੇਹਿ ਰਚਿ ਪੰਚਿ ਤਤ ਕੀ ਜੜਿਤ ਜੜਾਈ।
ਪਉਣ ਪਾਣੀ ਬੈਸੰਤਰੋ ਚਉਥੀ ਧਰਤੀ ਸੰਗਿ ਮਿਲਾਈ।
ਪੰਚਮਿ ਵਿਚਿ ਆਕਾਸੁ ਕਰਿ ਕਰਤਾ ਛਟਮੁ ਅਦਿਸਟੁ ਸਮਾਈ।
**ਪੰਚ ਤਤ ਪੰਚੀਸਿ ਗੁਨਿ ਸਤ੍ਰੁ ਮਿਤ੍ਰ ਮਿਲਿ ਦੇਹਿ ਬਣਾਈ।**
ਖਾਣੀ ਬਾਣੀ ਚਲਿਤੁ ਕਰਿ ਆਵਾਗਉਣੁ ਚਰਿਤ ਦਿਖਾਈ।
**ਚਉਰਾਸੀਹ ਲਖ ਜੋਨਿ ਉਪਾਈ ॥ ੨ ॥**

## ਮਾਰੂ ਮਹਲਾ ੧
## ਆਦਿ ਗ੍ਰੰਥ, ਪੰਨਾ ੧੦੩੪

ਦਰਸਨੁ ਪਾਵਾ ਜੇ ਤੁਧੁ ਭਾਵਾ॥
ਭਾਇ ਭਗਤਿ ਸਾਚੇ ਗੁਣ ਗਾਵਾ॥
ਤੁਧੁ ਭਾਣੇ ਤੂ ਭਾਵਹਿ ਕਰਤੇ
ਆਪੇ ਰਸਨ ਰਸਾਇਦਾ[1]॥੧॥
ਸੋਹਨਿ ਭਗਤ ਪ੍ਰਭੂ ਦਰਬਾਰੇ॥
ਮੁਕਤੁ ਭਏ ਹਰਿ ਦਾਸ ਤੁਮਾਰੇ॥
ਆਪੁ ਗਵਾਇ[2] ਤੇਰੈ ਰੰਗਿ ਰਾਤੇ
ਅਨਦਿਨੁ ਨਾਮੁ ਧਿਆਇਦਾ॥੨॥
**ਈਸਰੁ[3] ਬ੍ਰਹਮਾ ਦੇਵੀ ਦੇਵਾ॥**
**ਇੰਦ੍ਰ ਤਪੇ ਮੁਨਿ ਤੇਰੀ ਸੇਵਾ॥**
**ਜਤੀ ਸਤੀ ਕੇਤੇ ਬਨਵਾਸੀ**
**ਅੰਤੁ ਨ ਕੋਈ ਪਾਇਦਾ॥੩॥**
ਵਿਣੁ ਜਾਣਾਏ ਕੋਇ ਨ ਜਾਣੈ॥
ਜੋ ਕਿਛੁ ਕਰੇ ਸੁ ਆਪਣ ਭਾਣੈ॥
ਲਖ ਚਉਰਾਸੀਹ ਜੀਅ ਉਪਾਏ
ਭਾਣੈ ਸਾਹ ਲਵਾਇਦਾ॥੪॥

1. ਰਸਨਾ ਵਿਚ ਰਸ ਪੈਦਾ ਕਰਦਾ ਹੈ। 2. ਆਪਣਾ ਹੰਕਾਰ ਗਵਾ ਕੇ। 3. ਸ਼ਿਵ।



## ਭਾਈ ਗੁਰਦਾਸ ਜੀ
## ਵਾਰ ੩ ਪਉੜੀ ੧

ਆਦਿ ਪੁਰਖ ਆਦੇਸੁ[1], ਆਦਿ ਵਖਾਣਿਆ।
ਸਤਿਗੁਰੁ ਸਚਾ ਵੇਸੁ, ਸਬਦਿ ਸਿਞਾਣਿਆ।
ਸਬਦਿ ਸੁਰਤਿ ਉਪਦੇਸੁ, ਸਚਿ ਸਮਾਣਿਆ।
ਸਾਧ ਸੰਗਤਿ ਸਚੁ ਦੇਸੁ, ਘਰੁ ਪਰਵਾਣਿਆ।
ਪ੍ਰੇਮ ਭਗਤਿ ਆਵੇਸੁ ਸਹਜਿ ਸੁਖਾਣਿਆ।
ਭਗਤਿ ਵਛਲੁ ਪਰਵੇਸੁ ਮਾਣੁ ਨਿਮਾਣਿਆ।
**ਬ੍ਰਹਮਾ ਬਿਸਨੁ ਮਹੇਸੁ ਅੰਤੁ ਨ ਜਾਣਿਆ।**
**ਸਿਮਰਿ ਸਹਸਿ ਫਣ ਸੇਸੁ ਤਿਲੁ ਨ ਪਛਾਣਿਆ।**
ਗੁਰਮੁਖਿ ਦਰ[2] ਦਰਵੇਸੁ ਸਚੁ ਸੁਹਾਣਿਆ॥੧॥

1. ਨਮਸਕਾਰ। 2. ਸਤਿਸੰਗ ਦਾ ਬੂਹਾ।

## ਆਸਾ ਦੀ ਵਾਰ ਸਲੋਕ ਮਹਲਾ ੧

## ਆਦਿ ਗ੍ਰੰਥ, ਪੰਨਾ ੪੭੦

ਸਾਮ[1] ਕਹੈ ਸੇਤੰਬਰੁ[2] ਸੁਆਮੀ ਸਚ ਮਹਿ ਆਛੈ[3] ਸਾਚਿ ਰਹੇ ॥
ਸਭੁ ਕੋ ਸਚਿ ਸਮਾਵੈ ॥
ਰਿਗੁ ਕਹੈ ਰਹਿਆ ਭਰਪੂਰਿ ॥ ਰਾਮ ਨਾਮੁ ਦੇਵਾ ਮਹਿ ਸੂਰੁ ॥
ਨਾਇ ਲਇਐ ਪਰਾਛਤ[4] ਜਾਹਿ ॥ ਨਾਨਕ ਤਉ ਮੋਖੰਤਰੁ[5] ਪਾਹਿ ॥
ਜੁਜ[6] ਮਹਿ ਜੋਰਿ ਛਲੀ ਚੰਦ੍ਰਾਵਲਿ[7] ਕਾਨ੍ ਕ੍ਰਿਸਨੁ ਜਾਦਮੁ[8] ਭਇਆ ॥
ਪਾਰਜਾਤੁ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗੁ ਕੀਆ ॥
ਕਲਿ ਮਹਿ ਬੇਦੁ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ ॥
ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ[9] ਕੀਆ ॥
ਚਾਰੇ ਵੇਦ ਹੋਏ ਸਚਿਆਰ ॥ ਪੜਹਿ ਗੁਣਹਿ ਤਿਨ੍ ਚਾਰ ਵੀਚਾਰ ॥
**ਭਾਉ ਭਗਤਿ ਕਰਿ ਨੀਚੁ ਸਦਾਏ ॥ ਤਉ ਨਾਨਕ ਮੋਖੰਤਰੁ ਪਾਏ ॥ ੨ ॥**

## ਆਦਿ ਗ੍ਰੰਥ, ਪੰਨਾ ੬੯੫

ਗੁਰੁ ਸਾਗਰੁ ਰਤਨੀ ਭਰਪੂਰੇ ॥
... ... ...
ਸਰਵਰ ਹੰਸਾ ਛੋਡਿ ਨ ਜਾਇ ॥
**ਪ੍ਰੇਮ ਭਗਤਿ ਕਰ ਸਹਜਿ ਸਮਾਇ ॥**

## ਸੁਖਮਨੀ ਸਾਹਿਬ, ਪੰਨਾ ੨੭੪

**ਕਰਮ ਕਰਤ ਹੋਵੈ ਨਿਹਕਰਮ ॥**
**ਤਿਸ ਬੈਸਨੋ ਕਾ ਨਿਰਮਲ ਧਰਮ ॥**

1. ਵੇਦ ਦਾ ਨਾਂ। 2. ਚਿੱਟੇ ਬਸਤਰਾਂ ਵਾਲਾ (ਹੰਸਾ ਅਵਤਾਰ)। 3. ਆਉਂਦਾ ਹੈ। 4. ਪਾਪ। 5. ਮੁਕਤੀ. 6. ਦੁਆਪਰ ਜੁਗ ਦਾ ਵੇਦ। 7. ਗੋਪੀ। 8. ਯਾਦਵ। 9. ਹਕੂਮਤ।



## ਭਾਈ ਗੁਰਦਾਸ ਜੀ

## ਵਾਰ ੧ ਪਉੜੀ ੧੬

ਕਲਿਜੁਗ ਕੀ ਸੁਣ ਸਾਧਨਾ ਕਰਮ ਕਿਰਤਿ ਕੀ ਚਲੈ ਨ ਕਾਈ।
ਬਿਨਾ ਭਜਨ ਭਗਵਾਨ ਕੇ ਭਾਉ ਭਗਤਿ ਬਿਨੁ ਠਉੜਿ ਨ ਪਾਈ।
ਲਹੇ ਕਮਾਣਾ ਏਤ ਜੁਗਿ ਪਿਛਲੀ ਜੁਗੀਂ ਕਰੀ ਕਮਾਈ।
ਪਾਇਆ ਮਾਨਸ ਦੇਹਿ ਕਉ ਐਥੌਂ ਚੁਕਿਆ ਠੌਰ ਨ ਠਾਈ।
ਕਲਿਜੁਗਿ ਕੇ ਉਪਕਾਰਿ ਸੁਣਿ ਜੈਸੇ ਬੇਦ ਅਥਰਬਣ ਗਾਈ।
**ਭਾਉ ਭਗਤਿ ਪਰਵਾਨ ਹੈ ਜਗ ਹੋਮ ਗੁਰ ਪੁਰਬਿ ਕਮਾਈ।**
**ਕਰਿ ਕੇ ਨੀਚ ਸਦਾਵਣਾ ਤਾਂ ਪ੍ਰਭੁ ਲੇਖੈ ਅੰਦਰਿ ਪਾਈ।**
ਕਲਿਜੁਗਿ ਨਾਵੈ ਕੀ ਵਡਿਆਈ ॥ ੧੬ ॥

## ਵਾਰ ਮਲਾਰ ਕੀ ਮਹਲਾ ੧
## ਆਦਿ ਗ੍ਰੰਥ, ਪੰਨਾ ੧੨੮੦
## ਪਉੜੀ॥

ਆਪੇ ਛਿੰਞ[1] ਪਵਾਇ ਮਲਾਖਾੜਾ ਰਚਿਆ[2]॥
ਲਥੇ ਭੜਥੂ ਪਾਇ[3] ਗੁਰਮੁਖਿ ਮਚਿਆ[4]॥
ਮਨਮੁਖ ਮਾਰੇ ਪਛਾੜਿ ਮੂਰਖ ਕਚਿਆ॥
ਆਪਿ ਭਿੜੈ ਮਾਰੇ ਆਪਿ ਆਪਿ ਕਾਰਜੁ ਰਚਿਆ॥
ਸਭਨਾ ਖਸਮੁ ਏਕੁ ਹੈ ਗੁਰਮੁਖਿ ਜਾਣੀਐ॥
ਹੁਕਮੀ ਲਿਖੈ ਸਿਰਿ ਲੇਖੁ ਵਿਣੁ ਕਲਮ ਮਸਵਾਣੀਐ॥
**ਸਤਸੰਗਤਿ ਮੇਲਾਪੁ ਜਿਥੈ ਹਰਿ ਗੁਣ ਸਦਾ ਵਖਾਣੀਐ॥**
ਨਾਨਕ ਸਚਾ ਸਬਦੁ ਸਲਾਹਿ[5] ਸਚੁ ਪਛਾਣੀਐ॥੪॥

1. ਪਹਿਲਵਾਨਾਂ ਦਾ ਘੋਲ। 2. ਅਖਾੜਾ ਬਣਾਇਆ। 3. ਬੜਾ ਰੌਲਾ ਪਾ ਕੇ। 4. ਗੁਰਮੁਖ ਨੂੰ ਚਾਅ ਚੜ੍ਹਿਆ। 5. ਸਿਫਤ ਕਰਕੇ।



## ਭਾਈ ਗੁਰਦਾਸ ਜੀ
## ਵਾਰ ੧੬ ਪਉੜੀ ੧੨

ਸਾਦਹੁ[1] ਸਬਦਹੁ ਬਾਹਰਾ ਅਕਥ ਕਥਾ ਕਿਉਂ ਜਿਹਬਾ[2] ਜਾਣੈ।
ਉਸਤਤਿ ਨਿੰਦਾ ਬਾਹਰਾ ਕਥਨੀ ਬਦਨੀ[3] ਵਿਚਿ ਨ ਆਣੈ।
ਗੰਧ ਸਪਰਸ ਅਗੋਚਰਾ ਨਾਸ ਸਾਸ[4] ਹੇਰਤਿ ਹੈਰਾਣੈ।
ਵਰਨਹੁ ਚਿਹਨਹੁ ਬਾਹਰਾ ਦਿਸਟਿ ਅਦਿਸਟਿ ਨ ਧਿਆਨੁ ਧਿਙਾਣੈ[5]।
ਨਿਰਾਲੰਬੁ ਅਵਲੰਬ ਵਿਣੁ[6] ਧਰਤਿ ਅਗਾਸਿ ਨਿਵਾਸੁ ਵਿਡਾਣੈ[7]।
**ਸਾਧ ਸੰਗਤਿ ਸਚਖੰਡਿ ਹੈ ਨਿਰੰਕਾਰੁ ਗੁਰ ਸਬਦੁ ਸਿਵਾਣੈ।**
ਕੁਦਰਤਿ ਕਾਦਰ ਨੋ ਕੁਰਬਾਣੈ॥੧੨॥

1. ਸਵਾਦ ਤੋਂ। 2. ਜੀਭ। 3. ਕਵੀਸ਼ਰੀ। 4. ਸਵਾਸਾਂ ਤੋਂ ਰਹਿਤ। 5. ਧੱਕੇ ਵਿਚ। 6. ਆਸਰੇ ਤੋਂ ਬਿਨਾਂ। 7. ਅਸਚਰਜ ਰੂਪ।

## ਵਾਰ ਮਲਾਰ ਕੀ ਮਹਲਾ ੧
## ਆਦਿ ਗ੍ਰੰਥ, ਪੰਨਾ ੧੨੮੩
## ਪਉੜੀ ॥

ਸਚਾ ਵੇਪਰਵਾਹੁ ਇਕੋ ਤੂ ਧਣੀ[1] ॥
ਤੂ ਸਭੁ ਕਿਛੁ ਆਪੇ ਆਪਿ ਦੂਜੇ ਕਿਸੁ ਗਣੀ ॥
ਮਾਣਸ ਕੂੜਾ ਗਰਬੁ[2] ਸਚੀ ਤੁਧੁ ਮਣੀ[3] ॥
ਆਵਾ ਗਉਣੁ ਰਚਾਇ ਉਪਾਈ ਮੇਦਨੀ ॥
ਸਤਿਗੁਰੁ ਸੇਵੇ ਆਪਣਾ ਆਇਆ ਤਿਸੁ ਗਣੀ ॥
ਜੇ ਹਉਮੈ ਵਿਚਹੁ ਜਾਇ ਤ ਕੇਹੀ ਗਣਤ ਗਣੀ ॥
ਮਨਮੁਖ ਮੋਹਿ ਗੁਬਾਰਿ[4] ਜਿਉ ਭੁਲਾ ਮੰਝਿ ਵਣੀ ॥
**ਕਟੇ ਪਾਪ ਅਸੰਖ ਨਾਵੈ ਇਕ ਕਣੀ ॥ ੧੧ ॥**

## ਆਦਿ ਗ੍ਰੰਥ, ਪੰਨਾ ੨੫੨

**ਆਇਆ ਸਫਲ ਤਾਹੂ ਕੋ ਗਨੀਐ ॥**
**ਜਾਸੁ ਰਸਨ ਹਰਿ ਹਰਿ ਜਸੁ ਭਨੀਐ ॥**

**ਏਕ ਚਿੱਤ ਜਿਹ ਇਕ ਛਿਨ ਧਿਆਯੋ ॥**
**ਕਾਲ ਫਾਸ ਕੇ ਬੀਚ ਨ ਆਯੋ ॥**

—ਸ੍ਰੀ ਗੁਰੂ ਗੋਬਿੰਦ ਸਿੰਘ ਜੀ

1. ਮਾਲਕ। 2. ਅਹੰਕਾਰ। 3. ਵਡਿਆਈ। 4. ਹਨੇਰੇ ਵਿਚ।



## ਭਾਈ ਗੁਰਦਾਸ ਜੀ
## ਵਾਰ ੨੫ ਪਉੜੀ ੨੦

ਪਥਰ ਚਿਤੁ ਕਠੋਰੁ ਹੈ ਚੂਨਾ ਹੋਵੈ ਅਗੀਂ ਦਧਾ[1]।
ਅਗ ਬੁਝੈ ਜਲੁ ਛਿੜਕਿਐ ਚੂਨਾ ਅਗਿ ਉਠੇ ਅਤਿ ਵਧਾ[2]।
ਪਾਣੀ ਪਾਏ ਵਿਹੁ ਨ ਜਾਇ ਅਗਨਿ ਨ ਛੁਟੈ ਅਵਗੁਣ ਬਧਾ।
ਜੀਭੈ ਉਤੈ ਰਖਿਆ ਛਾਲੇ ਪਵਨਿ ਸੰਗਿ ਦੁਖ ਲਧਾ।
ਪਾਨ ਸੁਪਾਰੀ ਕਥੁ ਮਿਲਿ ਰੰਗੁ ਸੁਰੰਗੁ ਸੰਪੂਰਣੁ ਸਧਾ[3]।
ਸਾਧ ਸੰਗਤਿ ਮਿਲਿ ਸਾਧੁ ਹੋਇ ਗੁਰਮੁਖਿ ਮਹਾ ਅਸਾਧ ਸਮਧਾ[4]।
**ਆਪੁ ਗਵਾਇ ਮਿਲੈ ਪਲੁ ਅਧਾ ॥ ੨੦ ॥**

1. ਸਾੜਿਆ। 2. ਬਹੁਤੀ। 3. ਸ੍ਰੇਸ਼ਟ। 4. ਸਾਰਾ।

## ਮਾਰੂ ਮਹਲਾ ੧
## ਆਦਿ ਗ੍ਰੰਥ, ਪੰਨਾ ੧੦੩੯

ਅਧਿਆਤਮ[1] ਕਰਮ ਕਰੇ ਦਿਨੁ ਰਾਤੀ॥
ਨਿਰਮਲ ਜੋਤਿ ਨਿਰੰਤਰਿ[2] ਜਾਤੀ॥
ਸਬਦੁ ਰਸਾਲੁ[3] ਰਸਨ[4] ਰਸਿ ਰਸਨਾ
ਬੇਣੁ ਰਸਾਲੁ ਵਜਾਇਆ॥੯॥
ਬੇਣੁ ਰਸਾਲੁ ਵਜਾਵੈ ਸੋਈ॥
ਜਾ ਕੀ ਤ੍ਰਿਭਵਣ ਸੋਝੀ[5] ਹੋਈ॥
ਨਾਨਕ ਬੂਝਹੁ ਇਹ ਬਿਧਿ ਗੁਰਮਤਿ
ਹਰਿ ਰਾਮ ਨਾਮਿ ਲਿਵ ਲਾਇਆ॥੧੦॥
**ਐਸੇ ਜਨ ਵਿਰਲੇ ਸੰਸਾਰੇ॥**
ਗੁਰ ਸਬਦੁ ਵੀਚਾਰਹਿ ਰਹਹਿ ਨਿਰਾਰੇ[6]॥
ਆਪਿ ਤਰਹਿ ਸੰਗਤਿ ਕੁਲ ਤਾਰਹਿ
ਤਿਨ ਸਫਲ ਜਨਮੁ ਜਗਿ ਆਇਆ॥੧੧॥
ਘਰੁ ਦਰੁ ਮੰਦਰੁ ਜਾਣੈ ਸੋਈ॥
ਜਿਸੁ ਪੂਰੇ ਗੁਰ ਤੇ ਸੋਝੀ ਹੋਈ॥
ਕਾਇਆ ਗੜ ਮਹਲ ਮਹਲੀ ਪ੍ਰਭੁ ਸਾਚਾ
ਸਚੁ ਸਾਚਾ ਤਖਤੁ ਰਚਾਇਆ॥੧੨॥

## ਟੋਡੀ ਮਹਲਾ ੫ ਪੰਨਾ ੭੨੭

ਪ੍ਰੇਮ ਭਗਤਿ ਜਿਸੁ ਆਪੇ ਦੇਇ॥
ਜਗ ਮਹਿ ਵਿਰਲੇ ਕੇਈ ਕੇਇ॥

1. ਜੀਵ ਆਤਮਾ ਤੇ ਪਰਮਾਤਮਾ ਦਾ ਮਿਲਾਪ। 2. ਇਕ ਰਸ। 3. ਰਸਾਂ ਦਾ ਘਰ। 4. ਰਸਨਾ। 5. ਤਿੰਨਾਂ ਭਵਨਾਂ ਦੀ ਸੋਝੀ। 6. ਨਿਰਲੇਪ, ਨਿਰਾਲੇ।



## ਭਾਈ ਗੁਰਦਾਸ ਜੀ
## ਵਾਰ ੨੮ ਪਉੜੀ ੩

ਗੁਰ ਸਿਖੀ ਦਾ ਸਿਖਣਾ ਨਾਦੁ[1] ਨ ਵੇਦ ਨ ਆਖਿ ਵਖਾਣੈ।
ਗੁਰ ਸਿਖੀ ਦਾ ਲਿਖਣਾ ਲਖ ਨ ਚਿਤ੍ਰ ਗੁਪਤਿ ਲਿਖਿ ਜਾਣੈ।
ਗੁਰ ਸਿਖੀ ਦਾ ਸਿਮਰਣੋਂ ਸੇਖ ਅਸੰਖ[2] ਨ ਰੇਖ[3] ਸਿਞਾਣੈ।
ਗੁਰ ਸਿਖੀ ਦਾ ਵਰਤਮਾਨੁ ਵੀਹ ਇਕੀਹ ਉਲੰਘਿ ਪਛਾਣੈ।
ਗੁਰ ਸਿਖੀ ਦਾ ਬੁਝਣਾ ਗਿਆਨ ਧਿਆਨ ਅੰਦਰਿ ਕਿਵ ਆਣੈ।
ਗੁਰ ਪਰਸਾਦੀ ਸਾਧ ਸੰਗਿ ਸਬਦ ਸੁਰਤਿ ਹੋਇ ਮਾਣੁ ਨਿਮਾਣੈ।
**ਭਾਇ ਭਗਤਿ ਵਿਰਲਾ ਰੰਗੁ ਮਾਣੈ॥੩॥**

1. ਰਾਗ। 2. ਅਨੇਕ ਸ਼ੇਸ਼ਨਾਗ। 3. ਹੱਦ।

## ਸਿਰੀਰਾਗੁ ਮਹਲਾ ੫ ਘਰੁ ੨
## ਆਦਿ ਗ੍ਰੰਥ, ਪੰਨਾ ੫੦

**ਗੋਇਲਿ[1] ਆਇਆ ਗੋਇਲੀ[2] ਕਿਆ ਤਿਸੁ ਡੰਫੁ[3] ਪਸਾਰੁ ॥**
**ਮੁਹਲਤਿ ਪੁੰਨੀ[4] ਚਲਣਾ ਤੂੰ ਸੰਮਲੁ ਘਰ ਬਾਰੁ ॥ ੧ ॥**
ਹਰਿ ਗੁਣ ਗਾਉ ਮਨਾ ਸਤਿਗੁਰੁ ਸੇਵਿ ਪਿਆਰਿ ॥
ਕਿਆ ਥੋੜੜੀ ਬਾਤ ਗੁਮਾਨੁ ॥ ੧ ॥ ਰਹਾਉ ॥
ਜੈਸੇ ਰੈਣਿ ਪਰਾਹੁਣੇ ਉਠਿ ਚਲਸਹਿ ਪਰਭਾਤਿ ॥
ਕਿਆ ਤੂੰ ਰਤਾ ਗਿਰਸਤ ਸਿਉ ਸਭ ਫੁਲਾ ਕੀ ਬਾਗਾਤਿ[5] ॥ ੨ ॥
ਮੇਰੀ ਮੇਰੀ ਕਿਆ ਕਰਹਿ ਜਿਨਿ ਦੀਆ ਸੋ ਪ੍ਰਭੁ ਲੋੜਿ ॥
ਸਰਪਰ ਉਠੀ ਚਲਣਾ ਛਡਿ ਜਾਸੀ ਲਖ ਕਰੋੜਿ ॥ ੩ ॥
ਲਖ ਚਉਰਾਸੀਹ ਭ੍ਰਮਤਿਆ ਦੁਲਭ ਜਨਮੁ ਪਾਇਓਇ ॥
**ਨਾਨਕ ਨਾਮੁ ਸਮਾਲਿ[6] ਤੂੰ ਸੋ ਦਿਨੁ ਨੇੜਾ ਆਇਓਇ ॥ ੪ ॥ ੨੨ ॥**

1. ਡੰਗਰ ਚਾਰਨ ਵਾਲੀ ਥਾਂ। 2. ਗੁੱਜਰ। 3. ਦਿਖਾਵਾ। 4. ਪੂਰੀ ਹੋਣ 'ਤੇ। 5. ਵਾੜੀ। 6. ਸਿਮਰ।



## ਭਾਈ ਗੁਰਦਾਸ ਜੀ
## ਵਾਰ ੧੯ ਪਉੜੀ ੪

**ਗੋਇਲੜਾ[1] ਦਿਨ ਚਾਰਿ ਗੁਰਮੁਖਿ ਜਾਣੀਐ।**
ਮੰਝੀ ਲੈ ਮਿਹਵਾਰਿ[2] ਚੋਜ ਵਿਡਾਣੀਐ।
ਵਰਸੈ ਨਿਝਰ ਧਾਰਿ ਅੰਮ੍ਰਿਤ ਵਾਣੀਐ[3]।
ਵੰਝੁਲੀਐ ਝੀਗਾਰਿ[4] ਮਜਲਸਿ ਮਾਣੀਐ।
ਗਾਵਣਿ ਮਾਝ ਮਲਾਰਿ ਸੁਘੜੁ ਸੁਜਾਣੀਐ।
ਹਉਮੈ ਗਰਬੁ ਨਿਵਾਰਿ ਮਨਿ ਵਸਿ ਆਣੀਐ।
**ਗੁਰਮੁਖਿ ਸਬਦੁ ਵੀਚਾਰਿ ਸਚਿ ਸਿਵਾਣੀਐ ॥ ੪ ॥**

1. ਜਿੱਥੇ ਗੁੱਜਰ ਲੋਕ ਰੱਖਾਂ ਵਿਚ ਮਾਲ ਚਾਰਦੇ ਹਨ। 2. ਮਾਹੀ ਮਹੀਆਂ ਵਾਲੇ। 3. ਵੰਨੀ, ਰੰਗ। 4. ਬਾਂਸਰੀਆਂ ਦੀ ਧੁਨੀ।

## ਸੋਰਠਿ ਮਹਲਾ ੧ ਦੁਤੁਕੇ
## ਆਦਿ ਗ੍ਰੰਥ, ਪੰਨਾ ੫੯੬

ਪੁੜੁ ਧਰਤੀ ਪੁੜੁ ਪਾਣੀ ਆਸਣੁ ਚਾਰਿ ਕੁੰਟ ਚਉਬਾਰਾ॥
ਸਗਲ ਭਵਣ ਕੀ ਮੂਰਤਿ ਏਕਾ ਮੁਖਿ ਤੇਰੈ ਟਕਸਾਲਾ॥੧॥
**ਮੇਰੇ ਸਾਹਿਬਾ ਤੇਰੇ ਚੋਜ ਵਿਡਾਣਾ॥**
ਜਲਿ ਥਲਿ ਮਹੀਅਲਿ ਭਰਿਪੁਰਿ ਲੀਣਾ ਆਪੇ ਸਰਬ ਸਮਾਣਾ॥ਰਹਾਉ॥
ਜਹ ਜਹ ਦੇਖਾ ਤਹ ਜੋਤਿ ਤੁਮਾਰੀ ਤੇਰਾ ਰੂਪੁ ਕਿਨੇਹਾ॥
ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸ ਹੀ ਜੇਹਾ॥੨॥
ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ॥
ਏਕੁ ਪੁਰਬੁ ਮੈ ਤੇਰਾ ਦੇਖਿਆ ਤੂ ਸਭਨਾ ਮਾਹਿ ਰਵੰਤਾ॥੩॥
ਤੇਰੇ ਗੁਣ ਬਹੁਤੇ ਮੈ ਏਕੁ ਨ ਜਾਣਿਆ ਮੈ ਮੂਰਖ ਕਿਛੁ ਦੀਜੈ॥
ਪ੍ਰਣਵਤਿ ਨਾਨਕ ਸੁਣਿ ਮੇਰੇ ਸਾਹਿਬਾ ਡੁਬਦਾ ਪਥਰੁ ਲੀਜੈ॥੪॥੪॥



## ਭਾਈ ਗੁਰਦਾਸ ਜੀ
## ਵਾਰ ੩੭ ਪਉੜੀ ੧

ਇਕੁ ਕਵਾਉ ਪਸਾਉ ਕਰਿ ਓਅੰਕਾਰਿ ਅਕਾਰੁ ਬਣਾਇਆ।
ਅੰਬਰਿ ਧਰਤਿ ਵਿਛੋੜਿਕੈ[1] ਵਿਣੁ ਥੰਮਾਂ ਆਗਾਸੁ ਰਹਾਇਆ।
ਜਲ ਵਿਚਿ ਧਰਤੀ ਰਖੀਅਨਿ ਧਰਤੀ ਅੰਦਰਿ ਨੀਰੁ ਧਰਾਇਆ।
ਕਾਠੈ ਅੰਦਰਿ ਅਗਿ ਧਰਿ ਅਗੀ ਹੋਂਦੀ ਸੁਫਲੁ ਫਲਾਇਆ।
ਪਉਣ ਪਾਣੀ ਬੈਸੰਤਰੋ ਤਿੰਨੇ ਵੈਰੀ ਮੇਲਿ ਮਿਲਾਇਆ।
ਰਾਜਸ ਸਾਤਕ ਤਾਮਸੋ ਬ੍ਰਹਮਾ ਬਿਸਨੁ ਮਹੇਸੁ ਉਪਾਇਆ।
**ਚੋਜ ਵਿਡਾਣੁ[2] ਚਲਿਤੁ ਵਰਤਾਇਆ॥੧॥**

1. ਵਿਚ ਜੋੜ ਕੇ। 2. ਅਚਰਜ, ਕੌਤਕ।

## ਮਾਝ ਕੀ ਵਾਰ ਸਲੋਕ ਮਹਲਾ ੨
## ਆਦਿ ਗ੍ਰੰਥ, ਪੰਨਾ ੧੩੯

ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ॥
ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ॥
ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ॥
**ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ॥ ੧॥**



## ਭਾਈ ਗੁਰਦਾਸ ਜੀ
## ਵਾਰ ੨ ਪਉੜੀ ੧੮

**ਅਖੀ ਅੰਦਰਿ ਦੇਖਦਾ** ਸਭ ਚੋਜ ਵਿਡਾਣਾ[1]।
**ਕੰਨੀ ਸੁਣਦਾ ਸੁਰਤਿ** ਕਰਿ ਆਖਾਣਿ[2] ਵਖਾਣਾ।
**ਜੀਭੈ ਅੰਦਰਿ ਬੋਲਦਾ** ਬਹੁ ਸਾਦ ਲੁਭਾਣਾ[3]।
**ਹਥੀਂ ਕਿਰਤ ਕਮਾਂਵਦਾ** ਪਗਿ ਚਲੈ ਸੁਜਾਣਾ[4]।
**ਦੇਹੀ ਅੰਦਰਿ ਇਕੁ ਮਨੁ** ਇੰਦ੍ਰੀ ਪਰਵਾਣਾ।
**ਆਪੋ ਆਪਿ ਵਰੱਤਦਾ ਗੁਰਮੁਖਿ ਸੁਖੁ ਮਾਣਾ॥੧੮॥**

1. ਅਚਰਜ, ਕੌਤਕ। 2. ਬਚਨ, ਪ੍ਰਸੰਗ। 3. ਮੋਹਿਤ ਹੋਣਾ। 4. ਚਤੁਰ।

## ਆਸਾ ਦੀ ਵਾਰ ਸਲੋਕ ਮਹਲਾ ੧
## ਆਦਿ ਗ੍ਰੰਥ, ਪੰਨਾ ੪੬੫

ਵਾਇਨਿ[1] ਚੇਲੇ ਨਚਨਿ ਗੁਰ॥ ਪੈਰ ਹਲਾਇਨਿ ਫੇਰਨਿ੍ ਸਿਰ॥
ਉਡਿ ਉਡਿ ਰਾਵਾ[2] ਝਾਟੈ ਪਾਇ॥ ਵੇਖੈ ਲੋਕੁ ਹਸੈ ਘਰਿ ਜਾਇ॥
ਰੋਟੀਆ ਕਾਰਣਿ ਪੂਰਹਿ ਤਾਲ॥ ਆਪੁ ਪਛਾੜਹਿ ਧਰਤੀ ਨਾਲਿ॥
ਗਾਵਨਿ ਗੋਪੀਆ ਗਾਵਨਿ ਕਾਨ੍॥ ਗਾਵਨਿ ਸੀਤਾ ਰਾਜੇ ਰਾਮ॥
ਨਿਰਭਉ ਨਿਰੰਕਾਰੁ ਸਚੁ ਨਾਮੁ॥ ਜਾ ਕਾ ਕੀਆ ਸਗਲ ਜਹਾਨੁ॥
ਸੇਵਕ ਸੇਵਹਿ ਕਰਮਿ ਚੜਾਉ॥ ਭਿੰਨੀ ਰੈਣਿ ਜਿਨ੍ਾ ਮਨਿ ਚਾਉ॥
ਸਿਖੀ ਸਿਖਿਆ ਗੁਰ ਵੀਚਾਰਿ॥ ਨਦਰੀ ਕਰਮਿ ਲਘਾਏ ਪਾਰਿ॥
ਕੋਲੂ ਚਰਖਾ ਚਕੀ ਚਕੁ॥ ਥਲ ਵਾਰੋਲੇ ਬਹੁਤੁ ਅਨੰਤੁ॥
ਲਾਟੂ ਮਾਧਾਣੀਆ ਅਨਗਾਹ॥ ਪੰਖੀ ਭਉਦੀਆ ਲੈਨਿ ਨ ਸਾਹ॥
ਸੂਐ[3] ਚਾੜਿ ਭਵਾਈਅਹਿ ਜੰਤ[4]॥ ਨਾਨਕ ਭਉਦਿਆ ਗਣਤ ਨ ਅੰਤ॥
ਬੰਧਨ ਬੰਧਿ ਭਵਾਏ ਸੋਇ॥ ਪਇਐ ਕਿਰਤਿ ਨਚੈ ਸਭੁ ਕੋਇ॥
ਨਚਿ ਨਚਿ ਹਸਹਿ ਚਲਹਿ ਸੇ ਰੋਇ॥ ਉਡਿ ਨ ਜਾਹੀ ਸਿਧ[5] ਨ ਹੋਹਿ॥
ਨਚਣੁ ਕੁਦਣੁ ਮਨ ਕਾ ਚਾਉ॥
ਨਾਨਕ ਜਿਨ੍ ਮਨਿ ਭਉ ਤਿਨ੍ਾ ਮਨਿ ਭਾਉ॥੨॥

1. ਵਜਾਉਂਦੇ ਹਨ। 2. ਮਿੱਟੀ। 3. ਲੋਹੇ ਦੀ ਸੀਖ ਉੱਤੇ। 4. ਯੰਤਰ ਕਲਾ। 5. ਸ਼ਕਤੀਵਾਨ।



## ਭਾਈ ਗੁਰਦਾਸ ਜੀ
## ਵਾਰ ੪੦ ਪਉੜੀ ੧੩

ਜਪ ਤਪ ਹਠਿ ਨਿਗ੍ਰਹ ਘਣੇ ਚਉਦਹ ਵਿਦਿਆ ਵੇਦ ਵਖਾਣੇ।
ਸੇਖ ਨਾਗ ਸਨਕਾਦਿਕਾਂ ਲੋਮਸ ਅੰਤੁ ਅਨੰਤ ਨ ਜਾਣੇ।
ਜਤੀ ਸਤੀ ਸੰਤੋਖੀਆਂ ਸਿਧ ਨਾਥ ਹੋਇ ਨਾਥ ਭੁਲਾਣੇ[1]।
ਪੀਰ ਪੈਕੰਬਰ ਅਉਲੀਏ ਬੁਜ਼ਰਕਵਾਰ[2] ਹਜ਼ਾਰ ਹੈਰਾਣੇ।
ਜੋਗ ਭੋਗ ਲਖ ਰੋਗ ਸੋਗ ਲਖ ਸੰਜੋਗ ਵਿਜੋਗ ਵਿਡਾਣੇ।
ਦਸ ਨਾਉਂ ਸੰਨਿਆਸੀਆਂ ਭੰਭਲ ਭੂਸੇ[3] ਖਾਇ ਭੁਲਾਣੇ।
**ਗੁਰੁ ਸਿਖ ਜੋਗੀ ਜਾਗਦੇ ਹੋਰ ਸਭੇ ਬਨਵਾਸੁ ਲੁਕਾਣੇ।**
**ਸਾਧ ਸੰਗਤਿ ਮਿਲਿ ਨਾਮੁ ਵਖਾਣੇ॥੧੩॥**

## ਵਾਰ ੧੦ ਪਉੜੀ ੭

... ... ...
**ਗੋਬਿੰਦ ਭਾਉ ਭਗਤਿ ਦਾ ਭੁਖਾ॥੭॥**

1. ਭੁੱਲ ਰਹੇ। 2. ਮਹੰਤ, ਬਜ਼ੁਰਗੀ ਵਾਲੇ। 3. ਡੱਕੇ ਡੋਲੇ।

## ਰਾਗੁ ਸੋਰਠਿ ਵਾਰ ਮਹਲੇ ੪ ਕੀ
## ਆਦਿ ਗ੍ਰੰਥ, ਪੰਨਾ ੬੪੮

### ਪਉੜੀ॥

ਗੁਰਮੁਖਿ ਸਖੀਆ ਸਿਖ ਗੁਰੂ ਮੇਲਾਈਆ॥
ਇਕਿ ਸੇਵਕ ਗੁਰ ਪਾਸਿ ਇਕਿ ਗੁਰਿ ਕਾਰੈ ਲਾਈਆ॥
**ਜਿਨਾ ਗੁਰੁ ਪਿਆਰਾ ਮਨਿ ਚਿਤਿ[1]**
**ਤਿਨਾ ਭਾਉ[2] ਗੁਰੂ ਦੇਵਾਈਆ॥**
ਗੁਰ ਸਿਖਾ ਇਕੋ ਪਿਆਰੁ ਗੁਰ ਮਿਤਾ ਪੁਤਾ ਭਾਈਆ॥
ਗੁਰੁ ਸਤਿਗੁਰੁ ਬੋਲਹੁ ਸਭਿ ਗੁਰੁ ਆਖਿ ਗੁਰੂ ਜੀਵਾਈਆ॥੧੪॥

## ਬਿਲਾਵਲ ਮਹਲਾ ੧ ਪੰਨਾ ੮੩੯

ਧਰਤਿ ਅਕਾਸੁ ਕੀਏ ਬੈਸਣ ਕਉ ਥਾਉ॥
**ਰਾਤਿ ਦਿਨੰਤ ਕੀਏ ਭਉ ਭਾਉ॥**

## ਵਾਰ ਮਲਾਰ ਕੀ ਪੰਨਾ ੧੨੮੮

**ਸਤਿਗੁਰ ਤੇ ਭਉ ਊਪਜੈ ਪਾਈਐ ਮੋਖ ਦੁਆਰ॥**
**ਭੈ ਤੇ ਸਹਜੁ ਪਾਈਐ ਮਿਲਿ ਜੋਤੀ ਜੋਤਿ ਅਪਾਰ॥**

1. ਇਕਾਗਰਤਾ ਨਾਲ। 2. ਪ੍ਰੇਮਾ ਭਗਤੀ।



## ਭਾਈ ਗੁਰਦਾਸ ਜੀ
## ਵਾਰ ੩ ਪਉੜੀ ੧੩

**ਸਾਧ ਸੰਗਤਿ ਭਉ ਭਾਉ ਸਹਜੁ ਬੈਰਾਗੁ ਹੈ।**
**ਗੁਰਮੁਖਿ ਸਹਜਿ ਸੁਭਾਉ ਸੁਰਤਿ ਸੁ ਜਾਗੁ ਹੈ।**
ਮਧੁਰ ਬਚਨ ਆਲਾਉ[1] ਹਉਮੈ ਤਿਆਗੁ ਹੈ।
ਸਤਿਗੁਰ ਮਤਿ ਪਰਥਾਉ[2] ਸਦਾ ਅਨੁਰਾਗੁ ਹੈ।
ਪਿਰਮ ਪਿਆਲੇ ਸਾਉ[3] ਮਸਤਕਿ ਭਾਗੁ ਹੈ।
ਬ੍ਰਹਮ ਜੋਤਿ ਬ੍ਰਹਮਾਉ ਗਿਆਨੁ ਚਰਾਗੁ ਹੈ।
ਅੰਤਰਿ ਗੁਰਮਤਿ ਚਾਉ ਅਲਿਪਤੁ ਅਦਾਗੁ ਹੈ।
**ਵੀਹ ਇਕੀਹ ਚੜ੍ਹਾਉ ਸਦਾ ਸੁਹਾਗੁ ਹੈ॥੧੩॥**

1. ਬੋਲਣਾ। 2. ਅਨੁਸਾਰ। 3. ਸੁਆਦ।

## ਰਾਗੁ ਗੂਜਰੀ ਮਹਲਾ ੫
## ਆਦਿ ਗ੍ਰੰਥ, ਪੰਨਾ ੧੦

ਕਾਹੇ[1] ਰੇ ਮਨ ਚਿਤਵਹਿ ਉਦਮੁ
ਜਾ ਆਹਰਿ ਹਰਿ ਜੀਉ ਪਰਿਆ॥
**ਸੈਲ ਪਥਰ ਮਹਿ ਜੰਤ ਉਪਾਏ**
**ਤਾ ਕਾ ਰਿਜਕੁ ਆਗੈ ਕਰਿ ਧਰਿਆ॥ ੧॥**
ਮੇਰੇ ਮਾਧਉ ਜੀ ਸਤਸੰਗਤਿ ਮਿਲੇ ਸੁ ਤਰਿਆ॥
ਗੁਰ ਪਰਸਾਦਿ ਪਰਮ ਪਦੁ[2] ਪਾਇਆ
ਸੂਕੇ ਕਾਸਟ ਹਰਿਆ॥ ੧॥ ਰਹਾਉ॥
ਜਨਨਿ ਪਿਤਾ ਲੋਕ ਸੁਤ ਬਨਿਤਾ
ਕੋਇ ਨ ਕਿਸ ਕੀ ਧਰਿਆ॥
ਸਿਰਿ ਸਿਰਿ[3] ਰਿਜਕੁ ਸੰਬਾਹੇ ਠਾਕੁਰੁ
ਕਾਹੇ ਮਨ ਭਉ ਕਰਿਆ॥ ੨॥
**ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ॥**
**ਤਿਨ ਕਵਣੁ ਖਲਾਵੈ ਕਵਣੁ ਚੁਗਾਵੈ**
**ਮਨ ਮਹਿ ਸਿਮਰਨੁ ਕਰਿਆ॥ ੩॥**
ਸਭਿ ਨਿਧਾਨ[4] ਦਸ ਅਸਟ[5] ਸਿਧਾਨ[6]
ਠਾਕੁਰ ਕਰ ਤਲ[7] ਧਰਿਆ॥
ਜਨ ਨਾਨਕ ਬਲਿ ਬਲਿ ਸਦ ਬਲਿ ਜਾਈਐ
ਤੇਰਾ ਅੰਤੁ ਨ ਪਾਰਾਵਰਿਆ ॥ ੪॥ ੫॥

1. ਕਿਸ ਲਈ। 2. ਪੂਰਨ ਨਿਰਬਾਣ ਪਦ। 3. ਜੀਵਾਂ ਦੇ ਸਿਰਾਂ ਮੁਤਾਬਿਕ। 4. ਖਜ਼ਾਨੇ। 5. 10+8=18। 6. ਸਿੱਧੀਆਂ। 7. ਹੱਥ ਦੀ ਤਲੀ 'ਤੇ।



## ਭਾਈ ਗੁਰਦਾਸ ਜੀ
## ਵਾਰ ੨੬ ਪਉੜੀ ੨੮

ਕਛੂ ਅੰਡਾ ਸੇਂਵਦਾ ਜਲ ਬਾਹਰਿ ਧਰਿ ਧਿਆਨੁ ਧਰੰਦਾ।
**ਕੂੰਜ ਕਰੇਂਦੀ ਸਿਮਰਣੋ[1] ਪੂਰਣ ਬਚਾ ਹੋਇ ਉਡੰਦਾ।**
ਕੁਕੜੀ ਬਚਾ ਪਾਲਦੀ ਮੁਰਗਾਈ ਨੋ ਜਾਇ ਮਿਲੰਦਾ।
**ਕੋਇਲ ਪਾਲੈ ਕਾਵਣੀ ਲੋਹੂ ਲੋਹੂ ਰਲੈ ਰਲੰਦਾ।**
ਚਕਵੀ ਅਤੇ ਚਕੋਰ ਕੁਲ ਸਿਵ[2] ਸ਼ਕਤੀ[3] ਮਿਲਿ ਮੇਲੁ ਕਰੰਦਾ।
ਚੰਦ ਸੂਰਜੁ ਸੇ ਜਾਣੀਅਨਿ ਛਿਅ ਰੁਤਿ ਬਾਰਹ ਮਾਹ ਦਿਸੰਦਾ।
ਗੁਰਮੁਖਿ ਮੇਲਾ ਸਚ ਦਾ ਕਵੀਆਂ ਕਵਲ ਭਵਰੁ ਵਿਗਸੰਦਾ।
ਗੁਰਮੁਖਿ ਸੁਖ ਫਲੁ ਅਲਖੁ ਲਖੰਦਾ॥ ੨੮॥

1. ਯਾਦ। 2. ਚੰਦਰਮਾ। 3. ਸੂਰਜ।

## ਮਾਰੂ ਮਹਲਾ ੪
## ਆਦਿ ਗ੍ਰੰਥ, ਪੰਨਾ ੧੦੭੦

ਜੋ ਜੀਐ ਕੀ ਸਾਰ ਨ ਜਾਣੈ॥
ਤਿਸੁ ਸਿਉ ਕਿਛੁ ਨ ਕਹੀਐ ਅਜਾਣੈ॥
ਮੂਰਖ ਸਿਉ ਨਹ ਲੂਝੁ[1] ਪਰਾਣੀ
ਹਰਿ ਜਪੀਐ ਪਦੁ ਨਿਰਬਾਣੀ[2] ਹੇ॥੫॥
**ਨਾ ਕਰਿ ਚਿੰਤ ਚਿੰਤਾ ਹੈ ਕਰਤੇ॥**
**ਹਰਿ ਦੇਵੈ ਜਲਿ ਥਲਿ ਜੰਤਾ ਸਭ ਤੈ॥**
**ਅਚਿੰਤ[3] ਦਾਨੁ ਦੇਇ ਪ੍ਰਭੁ ਮੇਰਾ**
**ਵਿਚਿ ਪਾਥਰ ਕੀਟ ਪਖਾਣੀ ਹੇ॥੬॥**
ਨਾ ਕਰਿ ਆਸ ਮੀਤ ਸੁਤ ਭਾਈ॥
ਨਾ ਕਰਿ ਆਸ ਕਿਸੈ ਸਾਹ ਬਿਉਹਾਰ ਕੀ ਪਰਾਈ॥
ਬਿਨੁ ਹਰਿ ਨਾਵੈ ਕੋ ਬੇਲੀ ਨਾਹੀ
ਹਰਿ ਜਪੀਐ ਸਾਰੰਗਪਾਣੀ ਹੇ॥੭॥
ਅਨਦਿਨੁ ਨਾਮੁ ਜਪਹੁ ਬਨਵਾਰੀ॥
ਸਭ ਆਸਾ ਮਨਸਾ ਪੂਰੈ ਥਾਰੀ॥
ਜਨ ਨਾਨਕ ਨਾਮੁ ਜਪਹੁ ਭਵ ਖੰਡਨੁ[4]
ਸੁਖਿ ਸਹਜੇ[5] ਰੈਣਿ ਵਿਹਾਣੀ[6] ਹੇ॥੮॥

1. ਝਗੜਾ। 2. ਵਾਸ਼ਨਾ ਰਹਿਤ। 3. ਜੋ ਚਿਤ ਚੇਤੇ ਨਾ ਹੋਵੇ। 4. ਆਵਾਗਮਨ ਨੂੰ ਨਾਸ ਕਰਨ ਵਾਲਾ। 5. ਆਤਮਕ ਅਡੋਲਤਾ। 6. ਗੁਜ਼ਰਦੀ ਹੈ।



## ਭਾਈ ਗੁਰਦਾਸ ਜੀ
## ਵਾਰ ੧੧ ਪਉੜੀ ੯

ਕਛੂ ਆਂਡਾ ਧਿਆਨੁ ਧਰਿ ਕਰਿ ਪਰਪਕੁ ਨਦੀ ਵਿਚਿ ਆਣੈ।
ਕੂੰਜ ਰਿਦੈ ਸਿਮਰਣੁ ਕਰੈ ਲੈ ਬੱਚਾ ਉਡਦੀ ਅਸਮਾਣੈ।
ਬਤਕ ਬੱਚਾ ਤੁਰਿਤੁਰੈ ਜਲ ਥਲ ਵਰਤੈ ਸਹਜਿ ਵਿਡਾਣੈ[1]।
ਕੋਇਲ ਪਾਲੈ ਕਾਵਣੀ ਮਿਲਦਾ ਜਾਇ ਕੁਟੰਬਿ ਸਿਞਾਣੈ।
ਹੰਸ ਵੰਸੁ[2] ਵਸਿ ਮਾਨਸਰਿ ਮਾਣਕ ਮੋਤੀ ਚੋਗ ਚੁਗਾਣੈ।
**ਗਿਆਨ ਧਿਆਨਿ ਸਿਮਰਣਿ ਸਦਾ ਸਤਿਗੁਰੁ ਸਿਖੁ ਰਖੈ ਨਿਰਬਾਣੈ[3]।**
**ਭੂਹ ਭਵਿਖਹੁ ਵਰਤਮਾਨ ਤ੍ਰਿਭਵਣ ਸੋਝੀ ਮਾਣੁ ਨਿਮਾਣੈ।**
**ਜਾਤੀ ਸੁੰਦਰ ਲੋਕੁ ਨ ਜਾਣੈ॥੯॥**

1. ਅਚਰਜ। 2. ਹੰਸ ਦੇ ਬੱਚੇ। 3. ਨਿਰਬੰਧ।

## ਮਾਰੂ ਮਹਲਾ ੧
## ਆਦਿ ਗ੍ਰੰਥ, ਪੰਨਾ ੧੦੪੨

**ਸਾਕਤ ਨਰਿ[1] ਸਬਦ ਸੁਰਤਿ ਕਿਉ ਪਾਈਐ ॥**
**ਸਬਦੁ ਸੁਰਤਿ ਬਿਨੁ ਆਈਐ ਜਾਈਐ ॥**
ਨਾਨਕ ਗੁਰਮੁਖਿ ਮੁਕਤਿ ਪਰਾਇਣੁ[2]
ਹਰਿ ਪੂਰੈ ਭਾਗਿ ਮਿਲਾਇਆ ॥ ੧੦ ॥
ਨਿਰਭਉ ਸਤਿਗੁਰੁ ਹੈ ਰਖਵਾਲਾ ॥
ਭਗਤਿ ਪਰਾਪਤਿ ਗੁਰ ਗੋਪਾਲਾ ॥
ਧੁਨਿ ਅਨੰਦ ਅਨਾਹਦੁ ਵਾਜੈ[3]
ਗੁਰ ਸਬਦਿ ਨਿਰੰਜਨੁ ਪਾਇਆ ॥ ੧੧ ॥
ਨਿਰਭਉ ਸੋ ਸਿਰਿ ਨਾਹੀ ਲੇਖਾ ॥
ਆਪਿ ਅਲੇਖੁ[4] ਕੁਦਰਤਿ ਹੈ ਦੇਖਾ ॥
ਆਪਿ ਅਤੀਤੁ[5] ਅਜੋਨੀ ਸੰਭਉ
ਨਾਨਕ ਗੁਰਮਤਿ ਸੋ ਪਾਇਆ ॥ ੧੨ ॥

## ਸੁਖਮਨੀ ਪੰਨਾ ੨੯੫

ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥
ਨਾਨਕ ਤਿਸੁ ਜਨ ਕਉ ਸਦਾ ਨਮਸਕਾਰੁ ॥

1. ਮਾਇਆ ਦੀ ਉਪਾਸਨਾ ਕਰਨ ਵਾਲਾ। 2. ਵਸੀਲਾ। 3. ਇਕ ਰਸ ਵਜਣਾ। 4. ਲੇਖੇ ਤੋਂ ਰਹਿਤ। 5. ਨਿਰਲੇਪ।



## ਭਾਈ ਗੁਰਦਾਸ ਜੀ
## ਵਾਰ ੩੯ ਪਉੜੀ ੧੯

ਘੰਟੁ ਘੜਾਇਆ ਚੂਹਿਆਂ ਗਲਿ ਬਿਲੀ ਪਾਈਐ।
ਮਤਾ ਮਤਾਇਆ ਮਖੀਆਂ ਘਿਅ ਅੰਦਰਿ ਨਾਈਐ।
ਸੂਤਕੁ ਲਹੈ ਨ ਕੀੜਿਆਂ ਕਿਉ ਝਬੁ ਲੰਘਾਈਐ।
ਸਾਵਣਿ ਰਹਣ ਭੰਬੀਰੀਆਂ ਜੇ ਪਾਰਿ ਵਸਾਈਐ[1]।
ਕੂੰਜੜੀਆਂ ਵੈਸਾਖ ਵਿਚਿ ਜਿਉ ਜੂਹ ਪਰਾਈਐ।
**ਵਿਣੁ ਗੁਰ ਮੁਕਤਿ ਨ ਹੋਵਈ ਫਿਰਿ ਆਈਐ ਜਾਈਐ ॥ ੧੯ ॥**

1. ਜਤਨ ਕਰੀਏ।

## ਆਸਾ ਮਹਲਾ ੫
## ਆਦਿ ਗ੍ਰੰਥ, ਪੰਨਾ ੩੭੮

ਸਦਾ ਸਦਾ ਆਤਮ ਪਰਗਾਸੁ ॥
**ਸਾਧਸੰਗਤਿ ਹਰਿ ਚਰਣ ਨਿਵਾਸੁ ॥ ੧ ॥**
ਰਾਮ ਨਾਮ ਨਿਤਿ ਜਪਿ ਮਨ ਮੇਰੇ ॥
ਸੀਤਲ ਸਾਂਤਿ ਸਦਾ ਸੁਖ ਪਾਵਹਿ
ਕਿਲਵਿਖ[1] ਜਾਹਿ[2] ਸਭੇ ਮਨ ਤੇਰੇ ॥ ੧ ॥ ਰਹਾਉ ॥
ਕਹੁ ਨਾਨਕ ਜਾ ਕੇ ਪੂਰਨ ਕਰਮ ॥
ਸਤਿਗੁਰ ਭੇਟੇ ਪੂਰਨ ਪਾਰਬ੍ਰਹਮ ॥ ੨ ॥ ੩੪ ॥

## ਆਸਾ ਮਹਲਾ ੫ ਪੰਨਾ ੪੦੪

ਨੀਕੀ ਸਾਧ ਸੰਗਾਨੀ ॥ ਰਹਾਉ ॥
ਪਹਰ ਮੂਰਤ ਪਲ ਗਾਵਤ ਗਾਵਤ
ਗੋਵਿੰਦ ਗੋਵਿੰਦ ਵਖਾਨੀ ॥

## ਆਸਾ ਮਹਲਾ ੫ ਪੰਨਾ ੪੦੫

ਡੋਲਿ ਡੋਲਿ ਮਹਾ ਦੁਖ ਪਾਇਆ
ਬਿਨਾ ਸਾਧੂ ਸੰਗ ॥

1. ਪਾਪ। 2. ਚਲੇ ਜਾਣਗੇ।



## ਭਾਈ ਗੁਰਦਾਸ ਜੀ
## ਵਾਰ ੪੦ ਪਉੜੀ ੫

ਸੁਰਜ ਚੜਿਐ ਲੁਕ ਜਾਨਿ ਉਲੂ ਅੰਧ ਕੰਧ[1] ਜਗਿ ਮਾਹੀ।
ਬੁਕੇ ਸਿੰਘ ਉਦਿਆਨ ਮਹਿ ਜੰਬੁਕ[2] ਮਿਰਗ ਨ ਖੋਜੇ ਪਾਹੀ।
ਚੜ੍ਹਿਆ ਚੰਦ ਅਕਾਸ ਤੇ ਵਿਚਿ ਕੁਨਾਲੀ ਲੁਕੈ ਨਾਹੀ।
ਪੰਖੀ ਜੇਤੇ ਬਨ ਬਿਖੈ ਡਿਠੇ ਬਾਜ ਨ ਠਉਰਿ ਰਹਾਹੀ।
ਚੋਰ ਜਾਰ ਹਰਾਮਖੋਰ ਦਿਹੁ ਚੜ੍ਹਿਆ ਕੋ ਦਿਸੈ ਨਾਹੀ।
ਜਿਨ ਕੈ ਰਿਦੈ ਗਿਆਨ ਹੋਇ ਲਖ ਅਗਿਆਨੀ ਸੁਧ ਕਰਾਹੀ।
ਸਾਧ ਸੰਗਤਿ ਕੈ ਦਰਸਨੈ ਕਲਿ ਕਲੇਸਿ ਸਭ ਬਿਨਸ ਬਿਨਾਹੀ।
**ਸਾਧਸੰਗਤਿ ਵਿਟਹੁੰ[3] ਬਲਿ ਜਾਹੀ ॥ ੫ ॥**

1. ਅੰਨ੍ਹੇ ਕੰਧ ਵਾਂਗੂੰ। 2. ਗਿੱਦੜ। 3. ਉਪਰੋਂ।

## ਗਉੜੀ ਸੁਖਮਨੀ ਮਹਲਾ ੫
## ਆਦਿ ਗ੍ਰੰਥ, ਪੰਨਾ ੨੬੨

**ਪ੍ਰਭ ਕੈ ਸਿਮਰਨਿ ਰਿਧਿ ਸਿਧਿ[1] ਨਉ ਨਿਧਿ[2] ॥**
**ਪ੍ਰਭ ਕੈ ਸਿਮਰਨਿ ਗਿਆਨੁ ਧਿਆਨੁ ਤਤੁ[3] ਬੁਧਿ ॥**
ਪ੍ਰਭ ਕੈ ਸਿਮਰਨਿ ਜਪ ਤਪ ਪੂਜਾ ॥
ਪ੍ਰਭ ਕੈ ਸਿਮਰਨਿ ਬਿਨਸੈ ਦੂਜਾ ॥
ਪ੍ਰਭ ਕੈ ਸਿਮਰਨਿ ਤੀਰਥ ਇਸਨਾਨੀ ॥
ਪ੍ਰਭ ਕੈ ਸਿਮਰਨਿ ਦਰਗਹ ਮਾਨੀ ॥
ਪ੍ਰਭ ਕੈ ਸਿਮਰਨਿ ਹੋਇ ਸੁ ਭਲਾ ॥
ਪ੍ਰਭ ਕੈ ਸਿਮਰਨਿ ਸੁਫਲ ਫਲਾ[4] ॥
ਸੇ ਸਿਮਰਹਿ ਜਿਨ ਆਪਿ ਸਿਮਰਾਏ ॥
ਨਾਨਕ ਤਾ ਕੈ ਲਾਗਉ ਪਾਏ[5] ॥ ੩ ॥

## ਸਿਰੀਰਾਗੁ ਮਹਲਾ ੧ ਪੰਨਾ ੫੯

ਸਤਿਗੁਰੁ ਪੂਰਾ ਜੇ ਮਿਲੈ ਪਾਈਐ ਰਤਨੁ[6] ਬੀਚਾਰੁ ॥
ਮਨੁ ਦੀਜੈ ਗੁਰ ਆਪਣੇ ਪਾਈਐ ਸਰਬ ਪਿਆਰੁ ॥
... ... ... ...
**ਗਿਆਨੁ ਧਿਆਨੁ ਧੁਨਿ ਜਾਣੀਐ ਅਕਥੁ ਕਹਾਵੈ ਸੋਇ ॥**
ਸਫਲਿਓ ਬਿਰਖੁ ਹਰੀਆਵਲਾ ਛਾਵ ਘਣੇਰੀ ਹੋਇ ॥
ਲਾਲ ਜਵੇਹਰ ਮਾਣਕੀ ਗੁਰ ਭੰਡਾਰੈ ਸੋਇ ॥ ੨ ॥

1. ਕਰਾਮਾਤੀ ਸ਼ਕਤੀਆਂ। 2. ਨੌਂ ਪ੍ਰਕਾਰ ਦੇ ਖ਼ਜ਼ਾਨੇ। 3. ਅਸਲੀਅਤ। 4. ਪ੍ਰਫੁੱਲਤ ਹੁੰਦਾ ਹੈ। 5. ਪੈਰਾਂ ਤੇ ਪੈਂਦਾ ਹੈ। 6. ਪਦਾਰਥ।



## ਭਾਈ ਗੁਰਦਾਸ ਜੀ
## ਵਾਰ ੪੦ ਪਉੜੀ ੧੪

ਚੰਦ ਸੂਰਜ ਲਖ ਚਾਨਣੇ ਤਿਲ ਨ ਪੁਜਨਿ ਸਤਿਗੁਰੁ ਮਤੀ[1]।
ਲਖ ਪਾਤਾਲ ਅਕਾਸ ਲਖ ਉਚੀ ਨੀਵੀਂ ਕਿਰਣਿ ਨ ਰਤੀ[2]।
ਲਖ ਪਾਣੀ ਲਖ ਪਉਣ ਮਿਲਿ ਰੰਗ ਬਿਰੰਗ ਤਰੰਗ ਨ ਵਤੀ[3]।
ਆਦਿ ਨ ਅੰਤੁ ਨ ਮੰਤੁ ਪਲੁ ਲਖ ਪਰਲਉ ਲਖ ਲਖ ਉਤਪਤੀ।
ਧੀਰਜ ਧਰਮ ਨ ਪੁਜਨੀ ਲਖ ਲਖ ਪਰਬਤ ਲਖ ਧਰਤੀ।
**ਲਖ ਗਿਆਨ ਧਿਆਨ ਲਖ ਤੁਲਿ ਨ ਤੁਲੀਐ ਤਿਲ ਗੁਰਮਤੀ।**
**ਸਿਮਰਣ ਕਿਰਣਿ ਘਣੀ ਘੋਲ ਘਤੀ[4] ॥ ੧੪ ॥**

1. ਸਤਿਗੁਰੂ ਦੀ ਸਿੱਖਿਆ ਨੂੰ। 2. ਭਾਵ ਗੁਰੂ-ਦ੍ਰਿਸ਼ਟੀ ਇਕੋ ਜਿਹੀ ਹੈ। 3. ਤਰੰਗਾਂ ਵਾਲੇ। 4. ਵਾਰਨੇ ਕਰਨਾ।

## ਗਉੜੀ ਕੀ ਵਾਰ ਮਹਲਾ ੪
## ਆਦਿ ਗ੍ਰੰਥ, ਪੰਨਾ ੩੧੩

ਸਤਿਗੁਰੁ ਸੇਵੀਐ[1] ਆਪਣਾ ਪਾਈਐ ਨਾਮੁ ਅਪਾਰੁ ॥
ਭਉਜਲਿ ਡੁਬਦਿਆ ਕਢਿ ਲਏ ਹਰਿ ਦਾਤਿ[2] ਕਰੇ ਦਾਤਾਰੁ ॥
ਧੰਨੁ ਧੰਨੁ ਸੇ ਸਾਹ ਹੈ ਜਿ ਨਾਮਿ ਕਰਹਿ ਵਾਪਾਰੁ ॥
**ਵਣਜਾਰੇ ਸਿਖ[3] ਆਵਦੇ ਸਬਦਿ ਲਘਾਵਣਹਾਰੁ ॥**
ਜਨ ਨਾਨਕ ਜਿਨ ਕਉ ਕ੍ਰਿਪਾ ਭਈ
ਤਿਨ ਸੇਵਿਆ ਸਿਰਜਣਹਾਰੁ ॥ ੨ ॥

## ਸਿਰੀਰਾਗੁ ਮਹਲਾ ੧ ਪੰਨਾ ੨੨-੨੩

**ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ॥**
ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ॥
ਅਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ ॥ ੧ ॥

## ਰਾਮਕਲੀ ਕੀ ਵਾਰ ਮਹਲਾ ੨ ਪੰਨਾ ੯੫੪

ਰਤਨਾ ਕੇਰੀ ਗੁਥਲੀ ਰਤਨੀ ਖੋਲੀ ਆਇ ॥
**ਵਖਰ ਤੈ ਵਣਜਾਰਿਆ ਦੁਹਾ ਰਹੀ ਸਮਾਇ ॥**
ਜਿਨ ਗੁਣੁ ਪਲੈ ਨਾਨਕਾ ਮਾਣਕ ਵਣਜਹਿ ਸੇਇ ॥
ਰਤਨਾ ਸਾਰ ਨ ਜਾਣਨੀ ਅੰਧੇ ਵਤਹਿ ਲੋਇ ॥ ੨ ॥

1. ਧਿਆਈਐ/ਸਿਮਰੀਐ। 2. ਗੁਰੂ ਰਾਹੀਂ ਨਾਮ ਦੀ ਦਾਤ। 3. ਨਾਮ ਦੇ ਵਪਾਰੀ ਸਿਖ।



## ਭਾਈ ਗੁਰਦਾਸ ਜੀ
## ਵਾਰ ੨੯ ਪਉੜੀ ੨੦

ਸਤਿਗੁਰ ਮੂਰਤਿ ਪਰਗਟੀ ਗੁਰਮੁਖਿ ਸੁਖਫਲੁ ਸਬਦ ਵਿਚਾਰਾ।
ਇਕਦੂ ਹੋਇ ਸਹਸ ਫਲੁ ਗੁਰੁ ਸਿਖ ਸਾਧ ਸੰਗਤਿ ਓਅੰਕਾਰਾ।
ਡਿਠਾ ਸੁਣਿਆ ਮੰਨਿਆ ਸਨਮੁਖਿ ਸੇ ਵਿਰਲੇ ਸੈਸਾਰਾ।
ਪਹਿਲੋ ਦੇ ਪਾਖਾਕ ਹੋਇ ਪਿਛਹੁ ਜਗੁ ਮੰਗੈ ਪਗ ਛਾਰਾ।
**ਗੁਰਮੁਖਿ ਮਾਰਗ ਚਲਿਆ ਸਚੁ ਵਣਜੁ ਕਰਿ ਪਾਰਿ ਉਤਾਰਾ।**
ਕੀਮਤਿ ਕੋਇ ਨ ਜਾਣਈ ਆਖਣਿ ਸੁਣਨਿ ਨ ਲਿਖਣਿਹਾਰਾ।
ਸਾਧ ਸੰਗਤਿ ਗੁਰ ਸਬਦੁ ਪਿਆਰਾ ॥ ੨੦ ॥

## ਸਵਈਏ ਮਹਲੇ ਤੀਜੇ ਕੇ ੩
## ਆਦਿ ਗ੍ਰੰਥ, ਪੰਨਾ ੧੩੯੪

ਚਰਣ ਤ ਪਰ ਸਕਯਥ[1] ਚਰਣ ਗੁਰ ਅਮਰ ਪਵਲਿ ਰਯ[2] ॥
**ਹਥ ਤ ਪਰ ਸਕਯਥ ਹਥ ਲਗਹਿ ਗੁਰ ਅਮਰ ਪਯ[3] ॥**
**ਜੀਹ ਤ ਪਰ ਸਕਯਥ** ਜੀਹ ਗੁਰ ਅਮਰੁ ਭਣਿਜੈ[4] ॥
**ਨੈਣ ਤ ਪਰ ਸਕਯਥ** ਨਯਣਿ ਗੁਰੁ ਅਮਰੁ ਪਿਖਿਜੈ[5] ॥
**ਸ੍ਰਵਣ ਤ ਪਰ ਸਕਯਥ** ਸ੍ਰਵਣਿ ਗੁਰੁ ਅਮਰੁ ਸੁਣਿਜੈ ॥
ਸਕਯਥੁ ਸੁ ਹੀਉ ਜਿਤੁ ਹੀਅ ਬਸੈ
ਗੁਰ ਅਮਰਦਾਸੁ ਨਿਜ ਜਗਤ ਪਿਤ ॥
**ਸਕਯਥੁ ਸੁ ਸਿਰੁ ਜਾਲਪੁ[6] ਭਣੈ**
**ਜੁ ਸਿਰੁ ਨਿਵੈ ਗੁਰ ਅਮਰ ਨਿਤ ॥ ੧ ॥ ੧੦ ॥**

## ਪੰਨਾ ੬੩੪

ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ
ਮੜੈ ਮਸਾਣਿ ਨ ਜਾਈ ॥

ਕੋਟਿ ਮਧੇ ਕੋ ਵਿਰਲਾ ਸੇਵਕੁ ਹੋਰਿ ਸਗਲੇ ਬਿਉਹਾਰੀ ॥

1. ਤਦ ਸਫਲ ਹਨ। 2. ਗੁਰੂ ਦੇ ਰਸਤੇ 'ਤੇ ਜਾਂਦੇ ਹਨ। 3. ਪੈਰਾਂ ਨੂੰ। 4. ਜੀਭਾ। 5. ਦਰਸ਼ਨ ਕਰੇ। 6. ਭੱਟ ਦਾ ਨਾਂ।



## ਭਾਈ ਗੁਰਦਾਸ ਜੀ
## ਵਾਰ ੬ ਪਉੜੀ ੧੩

**ਗੁਰਮੁਖਿ ਪੈਰ ਸਕਾਰਥੇ[1] ਗੁਰਮੁਖਿ ਮਾਰਗਿ ਚਾਲ ਚਲੰਦੇ।**
ਗੁਰੂ ਦੁਆਰੈ ਜਾਨਿ ਚਲਿ ਸਾਧ ਸੰਗਤਿ ਚਲਿ ਜਾਇ ਬਹੰਦੇ।
ਧਾਵਨ ਪਰਉਪਕਾਰ ਨੋ ਗੁਰ ਸਿਖਾ ਨੋ ਖੋਜਿ[2] ਲਹੰਦੇ।
ਦੁਬਿਧਾ[3] ਪੰਥਿ ਨ ਧਾਵਨੀ ਮਾਇਆ ਵਿਚਿ ਉਦਾਸੁ ਰਹੰਦੇ।
**ਬੰਦਿ ਖਲਾਸੀ ਬੰਦਗੀ ਵਿਰਲੇ ਕੇਈ ਹੁਕਮੀ ਬੰਦੇ।**
ਗੁਰ ਸਿਖਾ ਪਰਦਖਣਾਂ ਪੈਰੀ ਪੈ ਰਹਰਾਸਿ ਕਰੰਦੇ।
ਗੁਰ ਚੇਲੇ ਪਰਚੈ ਪਰਚੰਦੇ ॥ ੧੩ ॥

1. ਸਫਲ। 2. ਢੂੰਡ ਕੇ। 3. ਦੁਚਿੱਤੀ।

## ਸਾਰੰਗ ਮਹਲਾ ੫

## ਆਦਿ ਗ੍ਰੰਥ, ਪੰਨਾ ੧੨੩੬

ਸਭ ਤੇ ਊਚ ਭਗਤ ਜਾ ਕੈ ਸੰਗਿ॥
ਆਠ ਪਹਰ ਗੁਨ ਗਾਵਹਿ[1] ਰੰਗਿ॥
ਅਨਿਕ ਅਨਾਹਦ ਆਨੰਦ ਝੁਨਕਾਰ॥
ਉਆ ਰਸ[2] ਕਾ ਕਛੁ ਅੰਤੁ ਨ ਪਾਰ[3]॥੧੧॥
ਸਤਿ ਪੁਰਖੁ[4] ਸਤਿ ਅਸਥਾਨੁ[5]॥
ਊਚ ਤੇ ਊਚ ਨਿਰਮਲ ਨਿਰਬਾਨੁ[6]॥
ਅਪੁਨਾ ਕੀਆ ਜਾਨਹਿ ਆਪਿ॥
ਆਪੇ ਘਟਿ ਘਟਿ ਰਹਿਓ ਬਿਆਪਿ॥
ਕ੍ਰਿਪਾ ਨਿਧਾਨ ਨਾਨਕ ਦਇਆਲ॥
**ਜਿਨਿ ਜਪਿਆ ਨਾਨਕ ਤੇ ਭਏ ਨਿਹਾਲ[7]॥੧੨॥**

## ਆਦਿ ਗ੍ਰੰਥ, ਪੰਨਾ ੫੬੨

**ਅਤਿ ਊਚਾ ਤਾ ਕਾ ਦਰਬਾਰਾ॥ ਅੰਤੁ ਨਾਹੀ ਕਿਛੁ ਪਾਰਾਵਾਰਾ॥**
ਕੋਟਿ ਕੋਟਿ ਕੋਟਿ ਲਖ ਧਾਵੈ॥
ਇਕੁ ਤਿਲੁ ਤਾ ਕਾ ਮਹਲੁ ਨ ਪਾਵੈ॥੧॥

## ਪੰਨਾ ੯੫੬

**ਕੋਊ ਹਰਿ ਸਮਾਨਿ ਨਹੀ ਰਾਜਾ॥**

1. ਗੁਣ ਗਾਉਂਦੇ ਹਨ। 2. ਅਨੰਦ। 3. ਹੱਦ ਬੰਨਾ ਨਹੀਂ। 4. ਸਦਾ ਰਹਿਣ ਵਾਲੇ। 5. ਨਿਹਚਲ ਅਸਥਾਨ। 6. ਵਾਸ਼ਨਾ ਰਹਿਤ। 7. ਪ੍ਰਸੰਨਚਿੱਤ।



## ਭਾਈ ਗੁਰਦਾਸ ਜੀ

## ਵਾਰ ੧੩ ਪਉੜੀ ੪

ਗੁਰਮੁਖਿ ਸੁਖ ਫਲੁ ਪਿਰਮ ਰਸੁ[1] ਕਿਉ ਆਖਿ ਵਖਾਣੈ।
ਸੁਣਿ ਸੁਣਿ ਆਖਣੁ ਆਖਣਾ[2] ਓਹੁ ਸਾਉ[3] ਨ ਜਾਣੈ।
ਬ੍ਰਹਮਾ ਬਿਸਨੁ ਮਹੇਸੁ ਮਿਲਿ ਕਥਿ ਵੇਦ ਪੁਰਾਣੈ।
ਚਾਰਿ ਕਤੇਬਾਂ ਆਖੀਅਨਿ ਦੀਨ ਮੁਸਲਮਾਣੈ।
ਸੇਖਨਾਗੁ ਸਿਮਰਣੁ ਕਰੈ ਸਾਂਗੀਤ ਸੁਹਾਣੈ[4]।
ਅਨਹਦ ਨਾਦ ਅਸੰਖ ਸੁਣਿ ਹੋਏ ਹੈਰਾਣੈ।
**ਅਕਥ ਕਥਾ ਕਰਿ ਨੇਤਿ ਨੇਤਿ ਪੀਲਾਏ ਭਾਣੈ।੪॥**

1. ਪ੍ਰੇਮ ਰਸ। 2. ਵਿਆਖਿਆ। 3. ਸੁਆਦ। 4. ਸੁਹਣੇ ਛੰਦ ਬੰਦ।

## ਵਾਰ ਮਾਝ ਕੀ ਤਥਾ ਸਲੋਕ ਮਹਲਾ ੧
## ਆਦਿ ਗ੍ਰੰਥ, ਪੰਨਾ ੧੪੫
## ਪਉੜੀ॥

ਸਤਿਗੁਰੁ ਸੇਵਿ ਨਿਸੰਗੁ[1] ਭਰਮੁ[2] ਚੁਕਾਈਐ॥
ਸਤਿਗੁਰੁ ਆਖੈ ਕਾਰ ਸੁ ਕਾਰ ਕਮਾਈਐ॥
ਸਤਿਗੁਰੁ ਹੋਇ ਦਇਆਲੁ ਤ ਨਾਮੁ ਧਿਆਈਐ॥
ਲਾਹਾ ਭਗਤਿ ਸੁ ਸਾਰੁ[3] ਗੁਰਮੁਖਿ ਪਾਈਐ॥
ਮਨਮੁਖਿ ਕੂੜੁ ਗੁਬਾਰੁ ਕੂੜ ਕਮਾਈਐ॥
ਸਚੇ ਦੈ ਦਰਿ ਜਾਇ ਸਚੁ ਚਵਾਂਈਐ[4]॥
ਸਚੈ ਅੰਦਰਿ ਮਹਲਿ ਸਚਿ ਬੁਲਾਈਐ॥
**ਨਾਨਕ ਸਚੁ ਸਦਾ ਸਚਿਆਰੁ ਸਚਿ ਸਮਾਈਐ॥੧੫॥**

**ਜਲ ਅਗਨੀ ਵਿਚ ਘਤਿਆ ਜਲੈ ਨ ਡੁਬੈ ਗੁਰਪ੍ਰਸਾਦਿ॥**

**ਸਭ ਤੇਰਾ ਸਬਦ ਵਰਤੇ, ਉਪਾਵਣਹਾਰਿਆ॥**

## ਪੰਨਾ ੪੬੮

**ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ॥**

1. ਸੰਗ ਤੋਂ ਰਹਿਤ, ਪ੍ਰਗਟ ਹੋ ਕੇ। 2. ਸੰਸਾ। 3. ਸ੍ਰੇਸ਼ਠ। 4. ਬੋਲੀਦਾ ਹੈ।



## ਭਾਈ ਗੁਰਦਾਸ ਜੀ
## ਵਾਰ ੧੮ ਪਉੜੀ ੨੨

**ਹੁਕਮੀ ਬੰਦਾ ਹੋਇ ਕੈ ਸਾਹਿਬੁ ਦੇ ਹੁਕਮੈ ਵਿਚਿ ਰਹਣਾ।**
**ਹੁਕਮੈ ਅੰਦਰਿ ਸਭਕੋ ਸਭਨਾਂ ਆਵਟਣ[1] ਹੈ ਸਹਣਾ।**
ਦਿਲ ਦਰੀਆਉ ਸਮਾਉ ਕਰਿ[2] ਗਰਬੁ ਗਵਾਇ ਗਰੀਬੀ ਵਹਣਾ।
ਵੀਹ ਇਕੀਹ[3] ਉਲੰਘਿ ਕੈ ਸਾਧ ਸੰਗਤਿ ਸਿੰਘਾਸਣਿ ਬਹਣਾ।
ਸਬਦੁ ਸੁਰਤਿ ਲਿਵਲੀਣੁ ਹੋਇ ਅਨਭਉ[4] ਅਘੜ ਅੜਾਏ ਗਹਣਾ।
ਸਿਦਕ[5] ਸਬੂਰੀ[6] ਸਾਬਤਾ ਸਾਕਰੁ[7] ਸੁਕਰਿ ਨ ਦੇਣਾ ਲਹਣਾ।
ਨੀਰ[8] ਨ ਡੁਬਣੁ ਅਗਿ[9] ਨ ਦਹਿਣਾ॥੨੨॥

## ਵਾਰ ੧੮ ਪਉੜੀ ੧੯

ਜਪ ਤਪ ਸੰਜਮ ਲਖ ਲਖ ਹੋਮ ਜਗ ਨਈਵੇਦ ਕਰੋੜੀ।
... ... ... ...
ਸਚਹੁ ਓਰੈ ਸਭ ਕਿਹੁ ਲਖ ਸਿਆਣਪ ਸੱਭਾ ਥੋੜੀ।
**ਉਪਰਿ ਸਚੁ ਅਚਾਰੁ ਚਮੋੜੀ॥੧੯॥**

1. ਸੇਕ, ਉਬਾਲਾ। 2. ਸਮਾਈ ਕਰੇ। 3. ਜੀਵ। 4. ਗਿਆਨ. 5. ਭਰੋਸਾ। 6. ਸਬਰ/ਸੰਤੋਖ। 7. ਸ਼ੁਕਰ ਕਰਨ ਵਾਲਾ। 8. ਪਾਣੀ, ਭਾਵ ਪਦਾਰਥ। 9. ਅਗਨੀ ਭਾਵ ਤ੍ਰਿਸ਼ਨਾ।

## ਵਡਹੰਸ ਮਹਲਾ ੩
## ਆਦਿ ਗ੍ਰੰਥ, ਪੰਨਾ ੫੭੦

ਸਚਾ ਸਉਦਾ ਹਰਿ ਨਾਮੁ ਹੈ ਸਚਾ ਵਾਪਾਰਾ ਰਾਮ॥
ਗੁਰਮਤੀ ਹਰਿ ਨਾਮੁ ਵਣਜੀਐ ਅਤਿ ਮੋਲੁ ਅਫਾਰਾ ਰਾਮ॥
ਅਤਿ ਮੋਲੁ ਅਫਾਰਾ ਸਚ ਵਾਪਾਰਾ
ਸਚਿ ਵਾਪਾਰਿ ਲਗੇ ਵਡਭਾਗੀ॥
ਅੰਤਰਿ ਬਾਹਰਿ ਭਗਤੀ ਰਾਤੇ ਸਚਿ ਨਾਮਿ ਲਿਵ ਲਾਗੀ॥
ਨਦਰਿ ਕਰੇ ਸੋਈ ਸਚੁ ਪਾਏ ਗੁਰ ਕੈ ਸਬਦਿ ਵੀਚਾਰਾ॥
**ਨਾਨਕ ਨਾਮਿ ਰਤੇ ਤਿਨ ਹੀ ਸੁਖੁ ਪਾਇਆ**
**ਸਾਚੈ ਕੇ ਵਾਪਾਰਾ॥੧॥**

## ਆਦਿ ਗ੍ਰੰਥ, ਪੰਨਾ ੨੯੩

**ਸਚੁ ਵਾਪਾਰੁ ਕਰਹੁ ਵਾਪਾਰੀ॥**
ਦਰਗਹ ਨਿਬਹੈ ਖੇਪ ਤੁਮਾਰੀ॥

## ਆਦਿ ਗ੍ਰੰਥ, ਪੰਨਾ ੨੨-੨੩

**ਵਣਜੁ ਕਰਹੁ ਵਣਜਾਰਿਹੋ, ਵਖਰੁ ਲੇਹੁ ਸਮਾਲਿ॥**
ਤੈਸੀ ਵਸਤੁ ਵਿਸਾਹੀਐ[1], ਜੈਸੀ ਨਿਬਹੈ ਨਾਲਿ॥

1. ਖਰੀਦੀਏ।



## ਭਾਈ ਗੁਰਦਾਸ ਜੀ
## ਵਾਰ ੩੯ ਪਉੜੀ ੬

ਚਾਰਿ ਚਾਰਿ ਮਜਹਬ[1] ਵਰਨ ਛਿਅ ਦਰਸਨ ਵਰਤੈ ਵਰਤਾਰਾ[2]।
**ਸਿਵ ਸਕਤੀ ਵਿਚਿ ਵਣਜ ਕਰਿ ਚਉਦਹ ਹਟ ਸਾਹੁ ਵਣਜਾਰਾ।**
**ਸਚੁ ਵਣਜੁ ਗੁਰੁ ਹਟੀਐ ਸਾਧ ਸੰਗਤਿ ਕੀਰਤਿ ਕਰਤਾਰਾ।**
ਗਿਆਨ ਧਿਆਨ ਸਿਮਰਨ ਸਦਾ ਭਾਉ ਭਗਤਿ ਭਉ ਸਬਦਿ ਬਿਚਾਰਾ।
ਨਾਮੁ ਦਾਨੁ ਇਸਨਾਨੁ ਦ੍ਰਿੜ ਗੁਰਮੁਖਿ ਪੰਥੁ ਰਤਨ[3] ਵਾਪਾਰਾ।
ਪਰਉਪਕਾਰੀ ਸਤਿਗੁਰੂ ਸਚ ਖੰਡਿ ਵਾਸਾ ਨਿਰੰਕਾਰਾ।
ਚਉਦਹ ਵਿਦਿਆ ਸੋਧਿਕੈ ਗੁਰਮੁਖਿ ਸੁਖ ਫਲੁ ਸਚੁ ਪਿਆਰਾ।
'ਸਚਹੁੰ ਓਰੈ ਸਭ ਕਿਹੁ' ਉਪਰਿ ਗੁਰਮੁਖਿ ਸਚੁ ਆਚਾਰਾ।
ਚੰਦਨ ਵਾਸੁ[4] ਵਣਾਸਪਤਿ ਗੁਰੁ ਉਪਦੇਸੁ ਤਰੈ ਸੈਸਾਰਾ।
ਅਪਿਉ ਪੀਅ ਗੁਰਮਤਿ ਹੁਸੀਆਰਾ॥੬॥

1. ਮੁਸਲਮਾਨਾਂ ਦੇ ਚਾਰ ਮਤ। 2. ਕੌਤਕ। 3. ਵੈਰਾਗ। 4. ਗੁਰੂ ਚੰਦਨ, ਗੁਰੂ ਉਪਦੇਸ਼।

## ਸੋਰਠਿ ਮਹਲਾ ੫ ਘਰੁ ੧
## ਆਦਿ ਗ੍ਰੰਥ, ਪੰਨਾ ੬੧੦

ਜਾ ਕੈ ਹਿਰਦੈ ਵਸਿਆ ਤੂ ਕਰਤੇ ਤਾ ਕੀ ਤੈਂ ਆਸ ਪੁਜਾਈ॥
ਦਾਸ ਅਪੁਨੇ ਕਉ ਤੂ ਵਿਸਰਹਿ ਨਾਹੀ ਚਰਣ ਧੂਰਿ ਮਨਿ ਭਾਈ॥੧॥
**ਤੇਰੀ ਅਕਥ ਕਥਾ ਕਥਨੁ ਨ ਜਾਈ॥**
ਗੁਣ ਨਿਧਾਨ ਸੁਖਦਾਤੇ ਸੁਆਮੀ ਸਭ ਤੇ ਊਚ ਬਡਾਈ॥ ਰਹਾਉ॥
ਸੋ ਸੋ ਕਰਮ ਕਰਤ ਹੈ ਪ੍ਰਾਣੀ ਜੈਸੀ ਤੁਮ ਲਿਖਿ ਪਾਈ॥
ਸੇਵਕ ਕਉ ਤੁਮ ਸੇਵਾ ਦੀਨੀ ਦਰਸਨੁ ਦੇਖਿ ਅਘਾਈ॥੨॥
ਸਰਬ ਨਿਰੰਤਰਿ ਤੁਮਹਿ ਸਮਾਨੇ ਜਾ ਕਉ ਤੁਧੁ ਆਪਿ ਬੁਝਾਈ॥
ਗੁਰ ਪਰਸਾਦਿ ਮਿਟਿਓ ਅਗਿਆਨਾ ਪ੍ਰਗਟ ਭਏ ਸਭ ਠਾਈ॥੩॥
ਸੋਈ ਗਿਆਨੀ ਸੋਈ ਧਿਆਨੀ ਸੋਈ ਪੁਰਖੁ ਸੁਭਾਈ[1]॥
ਕਹੁ ਨਾਨਕ ਜਿਸੁ ਭਏ ਦਇਆਲਾ ਤਾ ਕਉ ਮਨ ਤੇ ਬਿਸਰਿ ਨ ਜਾਈ॥੪॥

1. ਚੰਗੇ ਸੁਭਾਵ ਵਾਲਾ।



## ਭਾਈ ਗੁਰਦਾਸ ਜੀ
## ਵਾਰ ੪੦ ਪਉੜੀ ੧੯

ਪੀਰ ਮੁਰੀਦੀ[1] ਗਾਖੜੀ[2] ਪੀਰਾਂ ਪੀਰੁ ਗੁਰਾਂ ਗੁਰੁ ਜਾਣੈ।
ਸਤਿਗੁਰੁ ਦਾ ਉਪਦੇਸੁ ਲੈ ਵੀਹ ਇਕੀਹ ਉਲੰਘਿ ਸਿਞਾਣੈ।
ਮੁਰਦਾ ਹੋਇ ਮੁਰੀਦ ਸੋ ਗੁਰੁ ਸਿਖ ਜਾਇ ਸਮਾਇ ਬਬਾਣੈ[3]।
ਪੈਰੀਂ ਪੈ ਪਾਖਾਕ ਹੋਇ ਤਿਸੁ ਪਾਖਾਕ ਪਾਕੁ ਪਤੀਆਣੈ।
ਗੁਰਮੁਖਿ ਪੰਥੁ ਅਗੰਮੁ ਹੈ ਮਰਿ ਮਰਿ ਜੀਵੈ ਜਾਇ ਪਛਾਣੈ।
**ਗੁਰ ਉਪਦੇਸੁ ਅਵੇਸੁ ਕਰਿ ਕੀੜੀ ਭ੍ਰਿੰਗੀ ਵਾਂਗ ਵਿਡਾਣੈ।**
**ਅਕਥ ਕਥਾ ਕਉਣ ਆਖਿ ਵਖਾਣੈ॥੧੯॥**

1. ਪੀਰ ਦੀ ਸ਼ਾਗਿਰਦੀ। 2. ਕਠਨ। 3. ਬਾਬੇ ਦੀ ਵੰਸ਼ ਵਿਚੋਂ।

## ਗਉੜੀ ਪੂਰਬੀ ਮਹਲਾ ੪
## ਆਦਿ ਗ੍ਰੰਥ, ਪੰਨਾ ੧੭੧

ਕਾਮਿ ਕਰੋਧਿ ਨਗਰੁ ਬਹੁ ਭਰਿਆ ਮਿਲਿ ਸਾਧੂ ਖੰਡਲ ਖੰਡਾ ਹੇ[1] ॥
ਪੂਰਬਿ ਲਿਖਤ[2] ਲਿਖੇ ਗੁਰੁ ਪਾਇਆ ਮਨਿ ਹਰਿ ਲਿਵ ਮੰਡਲ ਮੰਡਾ ਹੇ[3] ॥ ੧ ॥
ਕਰਿ ਸਾਧੂ ਅੰਜੁਲੀ ਪੁਨੁ ਵਡਾ ਹੇ ॥
ਕਰਿ ਡੰਡਉਤ ਪੁਨੁ ਵਡਾ ਹੇ ॥ ੧ ॥ ਰਹਾਉ ॥
ਸਾਕਤ ਹਰਿ ਰਸ ਸਾਦੁ ਨ ਜਾਣਿਆ ਤਿਨ ਅੰਤਰਿ ਹਉਮੈ ਕੰਡਾ ਹੇ ॥
ਜਿਉ ਜਿਉ ਚਲਹਿ ਚੁਭੈ ਦੁਖੁ ਪਾਵਹਿ ਜਮਕਾਲੁ ਸਹਹਿ ਸਿਰਿ ਡੰਡਾ ਹੇ ॥ ੨ ॥
ਹਰਿ ਜਨ ਹਰਿ ਹਰਿ ਨਾਮਿ ਸਮਾਣੇ ਦੁਖੁ ਜਨਮ ਮਰਣ ਭਵ[4] ਖੰਡਾ[5] ਹੇ ॥
ਅਬਿਨਾਸੀ[6] ਪੁਰਖੁ ਪਾਇਆ ਪਰਮੇਸਰੁ ਬਹੁ ਸੋਭ ਖੰਡ ਬ੍ਰਹਮੰਡਾ ਹੇ ॥ ੩ ॥
**ਹਮ ਗਰੀਬ ਮਸਕੀਨ ਪ੍ਰਭ ਤੇਰੇ ਹਰਿ ਰਾਖੁ ਰਾਖੁ ਵਡ ਵਡਾ ਹੇ ॥**
ਜਨ ਨਾਨਕ ਨਾਮੁ ਅਧਾਰੁ ਟੇਕ ਹੈ ਹਰਿ ਨਾਮੇ ਹੀ ਸੁਖੁ ਮੰਡਾ ਹੇ ॥ ੪ ॥ ੮ ॥

## ਸਲੋਕ, ਪੰਨਾ ੧੩੮੪

**ਨਿਵਣੁ ਸੁ ਅਖਰੁ ਖਵਣੁ ਗੁਣੁ ਜਿਹਬਾ ਮਣੀਆ ਮੰਤੁ ॥**
**ਏ ਤ੍ਰੈ ਭੈਣੇ ਵੇਸ ਕਰਿ ਤਾਂ ਵਸਿ ਆਵੀ ਕੰਤੁ ॥ ੧੨ ॥**

1. ਕਾਬੂ ਕੀਤਾ ਜਾ ਸਕਦਾ ਹੈ। 2. ਕਿਸਮਤ ਵਿਚ ਜਾਂ ਕਰਮਾਂ ਵਿਚ। 3. ਲਿਵਲੀਨ ਹੋਣਾ। 4. ਸੰਸਾਰ। 5. ਛੁੱਟ ਸਕਦਾ ਹੈ। 6. ਅਮਰ ਪ੍ਰਭੂ।



## ਭਾਈ ਗੁਰਦਾਸ ਜੀ
## ਵਾਰ ੪ ਪਉੜੀ ੨

ਸਭਦੂੰ ਨੀਵੀ ਧਰਤਿ ਹੈ ਆਪੁ ਗਵਾਇ ਹੋਈ ਓਡੀਣੀ[1]।
ਧੀਰਜੁ ਧਰਮੁ ਸੰਤੋਖੁ ਦ੍ਰਿੜੁ ਪੈਰਾ ਹੇਠਿ ਰਹੈ ਲਿਵਲੀਣੀ[2]।
ਸਾਧ ਜਨਾਂ ਦੇ ਚਰਣ ਛੁਹਿ ਆਢੀਣੀ[3] ਹੋਈ ਲਾਖੀਣੀ[4]।
ਅੰਮ੍ਰਿਤੁ ਬੂੰਦ ਸੁਹਾਵਣੀ ਛਹਬਰ ਛਲਕ[5] ਰੇਣੁ[6] ਹੋਇ ਰੀਣੀ[7]।
ਮਿਲਿਆ ਮਾਣੁ ਨਿਮਾਣੀਐ ਪਿਰਮ ਪਿਆਲਾ ਪੀਇ ਪਤੀਣੀ[8]।
ਜੋ ਬੀਜੈ ਸੋਈ ਲੁਣੈ ਸਭ ਰਸ ਕਸ ਬਹੁ ਰੰਗ ਰੰਗੀਣੀ।
**ਗੁਰਮੁਖਿ ਸੁਖ ਫਲੁ ਹੈ ਮਸਕੀਣੀ[9] ॥ ੨ ॥**

1. ਨਿਮਾਣੀ। 2. ਪ੍ਰੀਤ ਰੱਖਦੀ ਹੈ। 3. ਅੱਧੇ ਦਾਮ ਦੀ, ਭਾਵ ਧੇਲੇ ਦੀ। 4. ਲੱਖਾਂ ਦੀ। 5. ਇਕ ਰਸ ਝੜੀ, ਪ੍ਰਵਾਹ। 6. ਧਰਤੀ। 7. ਰਜਦੀ ਹੈ। 8. ਪਤੀਜਦੀ, ਪਤੀਜਨਾ। 9. ਗਰੀਬੀ।

## ਸੂਹੀ ਮਹਲਾ ੫
## ਆਦਿ ਗ੍ਰੰਥ, ਪੰਨਾ ੭੪੮-੪੯

ਭਾਗਠੜੇ[1] ਹਰਿ ਸੰਤ ਤੁਮ੍ਾਰੇ ਜਿਨ੍ ਘਰਿ ਧਨੁ ਹਰਿ ਨਾਮਾ॥
ਪਰਵਾਣੁ ਗਣੀ ਸੇਈ ਇਹ ਆਏ ਸਫਲ ਤਿਨਾ ਕੇ ਕਾਮਾ॥੧॥
ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ॥
ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ॥੧॥ਰਹਾਉ॥
**ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ॥**
**ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ॥੨॥**
ਸਚਾ ਅਮਰੁ[2] ਸਚੀ ਪਾਤਿਸਾਹੀ ਸਚੇ ਸੇਤੀ ਰਾਤੇ॥
ਸਚਾ ਸੁਖੁ ਸਚੀ ਵਡਿਆਈ ਜਿਸ ਕੇ ਸੇ ਤਿਨਿ ਜਾਤੇ॥੩॥
ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾਵਾ॥
ਨਾਨਕ ਕੀ ਪ੍ਰਭ ਪਾਸਿ ਬੇਨੰਤੀ ਤੇਰੇ ਜਨ ਦੇਖਣੁ ਪਾਵਾ॥੪॥੭॥

## ਪੰਨਾ ੪੬੦

**ਨਸਿ ਵੰਞਹੁ ਕਿਲਵਿਖਹੁ, ਕਰਤਾ ਘਰਿ ਆਇਆ॥**

1. ਭਾਗਾਂ ਵਾਲੇ। 2. ਹੁਕਮ।



## ਭਾਈ ਗੁਰਦਾਸ ਜੀ
## ਵਾਰ ੧੨ ਪਉੜੀ ੧੮

**ਜੰਮਣੁ ਮਰਣਹੁ ਬਾਹਰੇ ਪਰਉਪਕਾਰੀ ਜਗ ਵਿਚਿ ਆਏ।**
**ਭਾਉ ਭਗਤਿ[1] ਉਪਦੇਸੁ ਕਰਿ ਸਾਧ ਸੰਗਤਿ ਸਚਖੰਡਿ ਵਸਾਏ।**
ਮਾਨ ਸਰੋਵਰਿ ਪਰਮਹੰਸ ਗੁਰਮੁਖਿ ਸਬਦ ਸੁਰਤਿ ਲਿਵਲਾਏ।
ਚੰਦਨ ਵਾਸੁ ਵਣਾਸਪਤਿ ਅਫਲ ਸਫਲ ਚੰਦਨ ਮਹਕਾਏ।
ਭਵਜਲ ਅੰਦਰਿ ਬੋਹਿਥੈ[2] ਹੋਇ ਪਰਵਾਰ ਸਧਾਰ ਲੰਘਾਏ।
ਲਹਿਰ ਤਰੰਗੁ ਨ ਵਿਆਪਈ ਮਾਇਆ ਵਿਚਿ ਉਦਾਸੁ ਰਹਾਏ।
ਗੁਰਮੁਖਿ ਸੁਖ ਫਲੁ ਸਹਜਿ ਸਮਾਏ॥੧੮॥

## ਵਾਰ ੧੯ ਪਉੜੀ ੧੨

ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।
ਗੁਰਮੁਖਿ ਸੁਖ ਫਲੁ ਪਾਇ ਆਪੁ ਗਵਾਇਆ।
ਗੁਰਮੁਖਿ ਸਾਖੀ ਸਬਦਿ ਸਿਖਿ ਸੁਣਾਇਆ।
ਗੁਰਮੁਖਿ ਸਬਦ ਵੀਚਾਰਿ ਸਚੁ ਕਮਾਇਆ।
**ਸਚੁ ਰਿਦੈ ਮੁਹਿ ਸਚੁ ਸਚਿ ਸੁਹਾਇਆ।**
**ਗੁਰਮੁਖਿ ਜਨਮੁ ਸਵਾਰਿ ਜਗਤੁ ਤਰਾਇਆ॥੧੨॥**

1. ਪ੍ਰੇਮਾ ਭਗਤੀ. 2. ਜਹਾਜ਼।

## ਸਿਰੀਰਾਗੁ ਮਹਲਾ ੧ ਘਰੁ ੫
## ਆਦਿ ਗ੍ਰੰਥ, ਪੰਨਾ ੨੫-੨੬

ਅਛਲ[1] ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ ॥
ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲ ਪਲੈ[2] ॥ ੧ ॥
ਬਿਨੁ ਤੇਲ ਦੀਵਾ ਕਿਉ ਜਲੈ ॥ ੧ ॥ ਰਹਾਉ ॥
ਪੋਥੀ ਪੁਰਾਣ ਕਮਾਈਐ ॥
ਭਉ ਵਟੀ ਇਤੁ ਤਨਿ ਪਾਈਐ ॥
ਸਚੁ ਬੂਝਣੁ ਆਨਿ ਜਲਾਈਐ ॥ ੨ ॥
ਇਹੁ ਤੇਲੁ ਦੀਵਾ ਇਉ ਜਲੈ ॥
ਕਰਿ ਚਾਨਣੁ ਸਾਹਿਬ ਤਉ ਮਿਲੈ ॥ ੧ ॥ ਰਹਾਉ ॥
ਇਤੁ ਤਨਿ ਲਾਗੈ ਬਾਣੀਆ ॥
ਸੁਖੁ ਹੋਵੈ ਸੇਵ ਕਮਾਣੀਆ ॥
ਸਭ ਦੁਨੀਆ ਆਵਣ ਜਾਣੀਆ ॥ ੩ ॥
ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥
ਕਹੁ ਨਾਨਕ ਬਾਹ ਲੁਡਾਈਐ ॥ ੪ ॥ ੩੩ ॥

## ਆਦਿ ਗ੍ਰੰਥ, ਪੰਨਾ ੧੧੩੫

ਤਿਨ ਮਤਿ ਊਤਮ ਤਿਨ ਪਤਿ ਊਤਮ
ਜਿਨ ਹਿਰਦੈ ਵਸਿਆ ਬਨਵਾਰੀ ॥
ਤਿਨ ਕੀ ਸੇਵਾ ਲਾਇ ਹਰਿ ਸੁਆਮੀ
ਤਿਨ ਸਿਮਰਤ ਗਤਿ ਹੋਇ ਹਮਾਰੀ ॥ ੨ ॥

1. ਮਾਇਆ। 2. ਘਾਉਂ ਮਾਉਂ ਹੋਣਾ।



## ਭਾਈ ਗੁਰਦਾਸ ਜੀ
## ਵਾਰ ੨੦ ਪਉੜੀ ੧੦

**ਗੁਰ ਸਿਖਾ ਗੁਰ ਸਿਖ ਸੇਵਾ ਲਾਇਆ।**
**ਸਾਧ ਸੰਗਤਿ ਕਰਿ ਸੇਵ ਸੁਖ ਫਲੁ ਪਾਇਆ।**
ਤਪੜੁ[1] ਝਾੜਿ ਵਿਛਾਇ ਧੂੜੀ[2] ਨਾਇਆ।
ਕੋਰੇ ਮਟ ਅਣਾਇ ਨੀਰੁ ਭਰਾਇਆ।
ਆਨਿ ਮਹਾ ਪਰਸਾਦੁ[3] ਵੰਡਿ ਖੁਆਇਆ ॥ ੧੦ ॥

1. ਬਿਸਤਰਾ। 2. ਚਰਣ ਧੂੜ। 3. ਕੜਾਹ ਪ੍ਰਸਾਦਿ।

## ਆਸਾ ਮਹਲਾ ੧
## ਆਦਿ ਗ੍ਰੰਥ, ਪੰਨਾ ੪੨੦

ਕਿਆ ਜੰਗਲੁ ਢੂਢੀ ਜਾਇ ਮੈ ਘਰਿ ਬਨੁ ਹਰੀਆਵਲਾ॥
ਸਚਿ ਟਿਕੈ ਘਰਿ ਆਇ ਸਬਦਿ ਉਤਾਵਲਾ॥ ੧॥
ਜਹ ਦੇਖਾ ਤਹ ਸੋਇ ਅਵਰੁ ਨ ਜਾਣੀਐ॥
ਗੁਰ ਕੀ ਕਾਰ ਕਮਾਇ ਮਹਲੁ ਪਛਾਣੀਐ॥ ੧॥ ਰਹਾਉ॥
ਆਪਿ ਮਿਲਾਵੈ ਸਚੁ ਤਾ ਮਨਿ ਭਾਵਈ॥
ਚਲੈ ਸਦਾ ਰਜਾਇ ਅੰਕਿ ਸਮਾਵਈ॥ ੨॥
ਸਚਾ ਸਾਹਿਬੁ ਮਨਿ ਵਸੈ ਵਸਿਆ ਮਨਿ ਸੋਈ॥
ਆਪੇ ਦੇ ਵਡਿਆਈਆ ਦੇ ਤੋਟਿ ਨ ਹੋਈ॥ ੩॥
**ਅਬੇ ਤਬੇ ਕੀ ਚਾਕਰੀ[1] ਕਿਉ ਦਰਗਹ ਪਾਵੈ॥**
**ਪਥਰ ਕੀ ਬੇੜੀ ਜੇ ਚੜੈ ਭਰ ਨਾਲਿ[2] ਬੁਡਾਵੈ॥ ੪॥**
ਆਪਨੜਾ ਮਨੁ ਵੇਚੀਐ ਸਿਰੁ ਦੀਜੈ ਨਾਲੇ॥
ਗੁਰਮੁਖਿ ਵਸਤੁ ਪਛਾਣੀਐ ਅਪਨਾ ਘਰੁ ਭਾਲੇ॥ ੫॥
ਜੰਮਣੁ ਮਰਣਾ ਆਖੀਐ ਤਿਨਿ ਕਰਤੈ ਕੀਆ॥
ਆਪੁ ਗਵਾਇਆ ਮਰਿ ਰਹੇ ਫਿਰਿ ਮਰਣੁ ਨ ਥੀਆ॥ ੬॥
ਸਾਈ ਕਾਰ ਕਮਾਵਣੀ ਧੁਰ ਕੀ ਫੁਰਮਾਈ॥
ਜੇ ਮਨੁ ਸਤਿਗੁਰ ਦੇ ਮਿਲੈ ਕਿਨਿ ਕੀਮਤਿ ਪਾਈ॥ ੭॥
ਰਤਨਾ ਪਾਰਖੁ ਸੋ ਧਣੀ ਤਿਨਿ ਕੀਮਤਿ ਪਾਈ॥
ਨਾਨਕ ਸਾਹਿਬੁ ਮਨਿ ਵਸੈ ਸਚੀ ਵਡਿਆਈ॥ ੮॥ ੧੭॥

1. ਲੱਲੂ ਪੰਜੂ ਐਰ ਗੈਰ ਦੀ ਨੌਕਰੀ। 2. ਸਮੁੰਦਰ ਵਿਚ।



## ਭਾਈ ਗੁਰਦਾਸ ਜੀ
## ਵਾਰ ੧੭ ਪਉੜੀ ੧੯

ਰੁਖਾਂ ਵਿਚਿ ਕੁਰੁਖ[1] ਹਨਿ ਦੋਵੈਂ ਅਰੰਡ ਕਨੇਰ ਦੁਆਲੇ।
ਅਰੰਡੁ ਫਲੈ ਅਰਡੋਲੀਆਂ[2] ਫਲ ਅੰਦਰਿ ਬੀਅ ਚਿਤਮਿਤਾਲੇ[3]।
ਨਿਬਹੈ ਨਾਹੀਂ ਨਿਜੜਾ[4] ਹਰਵਰਿ[5] ਆਈ ਹੋਇ ਉਚਾਲੇ[6]।
ਕਲੀਆਂ ਪਵਨਿ ਕਨੇਰ ਨੋਂ ਦੁਰਮਤਿ ਵਿਚਿ ਦੁਰੰਗ ਦਿਖਾਲੇ।
ਬਾਹਰੁ ਲਾਲੁ ਗੁਲਾਲੁ ਹੋਇ ਅੰਦਰਿ ਚਿਟਾ ਦੁਬਿਧਾ ਨਾਲੇ।
**ਸਾਧ ਸੰਗਤਿ ਗੁਰ ਸਬਦੁ ਸੁਣਿ ਗਣਤੀ ਵਿਚਿ ਭਵੈ ਭਰਨਾਲੇ[7]।**
ਕਪਟ ਸਨੇਹ ਖੇਹ ਮੁਹਿ ਕਾਲੇ॥੧੯॥

## ਵਾਰ ੨੬ ਪਉੜੀ ੮

ਸਤਿਜੁਗਿ ਸਤਿ ਤ੍ਰੇਤੈ ਜੁਗਾ ਦੁਆਪੁਰਿ ਪੂਜਾ ਬਹਲੀ ਘਾਲਾ।
**ਕਲਿਜੁਗਿ ਗੁਰਮੁਖਿ ਨਾਉਂ ਲੈ ਪਾਰਿ ਪਵੈ ਭਵਜਲ ਭਰਨਾਲਾ[8]।**
... ... ... ...
ਆਪੇ ਖੇਤੁ ਆਪੇ ਰਖਵਾਲਾ॥੮॥

1. ਭੈੜੇ ਰੁੱਖ। 2. ਡੋਡੀਆਂ। 3. ਚਿਤਰ ਮਿਤਰੇ। 4. ਜੜ੍ਹਾਂ ਰਹਿਤ। 5. ਥੋੜ੍ਹੀ ਪੌਣ ਦਾ ਬੁੱਲਾ। 6. ਟੁੱਟਣ ਲਗਦੇ ਹਨ। 7. ਭਾਰ ਨਾਲ। 8. ਸਮੁੰਦਰ।

## ਗਉੜੀ ਮਹਲਾ ੫
## ਆਦਿ ਗ੍ਰੰਥ, ਪੰਨਾ ੧੯੨

ਗੁਰ ਕਾ ਸਬਦੁ ਰਾਖੁ ਮਨ ਮਾਹਿ ॥
ਨਾਮੁ ਸਿਮਰਿ ਚਿੰਤਾ ਸਭ ਜਾਹਿ[1] ॥ ੧ ॥
ਬਿਨੁ ਭਗਵੰਤ ਨਾਹੀ ਅਨ[2] ਕੋਇ ॥
ਮਾਰੈ ਰਾਖੈ ਏਕੋ ਸੋਇ ॥ ੧ ॥ ਰਹਾਉ ॥
**ਗੁਰ ਕੇ ਚਰਣ ਰਿਦੈ ਉਰਿ ਧਾਰਿ[3] ॥**
**ਅਗਨਿ ਸਾਗਰੁ ਜਪਿ ਉਤਰਹਿ ਪਾਰਿ ॥ ੨ ॥**
ਗੁਰ ਮੂਰਤਿ[4] ਸਿਉ ਲਾਇ ਧਿਆਨੁ ॥
**ਈਹਾ ਊਹਾ ਪਾਵਹਿ ਮਾਨੁ ॥ ੩ ॥**
ਸਗਲ ਤਿਆਗਿ ਗੁਰ ਸਰਣੀ ਆਇਆ ॥
ਮਿਟੇ ਅੰਦੇਸੇ ਨਾਨਕ ਸੁਖੁ ਪਾਇਆ ॥ ੪ ॥ ੬੧ ॥ ੧੩੦ ॥

## ਆਦਿ ਗ੍ਰੰਥ, ਪੰਨਾ ੮੬੪

**ਗੁਰ ਕੀ ਮੂਰਤਿ ਮਨ ਮਹਿ ਧਿਆਨੁ ॥**

## ਆਦਿ ਗ੍ਰੰਥ, ਪੰਨਾ ੫੨੮

**ਮਾਈ ਗੁਰ ਚਰਣੀ ਚਿਤੁ ਲਾਈਐ ॥**

## ਆਦਿ ਗ੍ਰੰਥ, ਪੰਨਾ ੫੩੧

**ਗੁਰ ਕੇ ਚਰਨ ਰਿਦੈ ਪਰਵੇਸਾ ॥**

1. ਚਲੀਆਂ ਜਾਣਗੀਆਂ। 2. ਹੋਰ। 3. ਰੱਖ। 4. ਗੁਰੂ ਦੀ ਮੂਰਤੀ, ਗੁਰ ਮੂਰਤਿ ਗੁਰ ਸ਼ਬਦ ਹੈ।



## ਭਾਈ ਗੁਰਦਾਸ ਜੀ
## ਵਾਰ ੬ ਪਉੜੀ ੧੯

**ਸਤਿਗੁਰੁ ਸਤਿ ਸਰੂਪੁ ਹੈ ਧਿਆਨ ਮੂਲੁ ਗੁਰ ਮੂਰਤਿ ਜਾਣੈ।**
ਸਤਿਨਾਮੁ ਕਰਤਾ ਪੁਰਖੁ ਮੂਲ ਮੰਤ੍ਰ ਸਿਮਰਣੁ ਪਰਵਾਣੈ।
**ਚਰਣ ਕਵਲ ਮਕਰੰਦ ਰਸੁ ਪੂਜਾ ਮੂਲੁ ਪਿਰਮ ਰਸੁ ਮਾਣੈ।**
ਸਬਦ ਸੁਰਤਿ ਲਿਵ ਸਾਧ ਸੰਗਿ ਗੁਰ ਕਿਰਪਾ ਤੇ ਅੰਦਰਿ ਆਣੈ।
ਗੁਰਮੁਖਿ ਪੰਥੁ ਅਗੰਮੁ ਹੈ ਗੁਰਮਤ ਨਿਹਚਲੁ ਚਲਣੁ ਭਾਣੈ।
ਵੇਦ ਕਤੇਬਹੁੰ ਬਾਹਰੀ ਅਕਥ ਕਥਾ ਕਉਣੁ ਆਖਿ ਵਖਾਣੈ।
ਵੀਹ ਈਕੀਹ[1] ਉਲੰਘਿ ਸਿਞਾਣੈ ॥ ੧੯ ॥

1. ਗਿਣਤੀ, ਜੀਵ ਈਸ਼ਵਰ ਦੇ ਵਾਚਕ।

## ਤੁਖਾਰੀ ਛੰਤ ਮਹਲਾ ੪
## ਆਦਿ ਗ੍ਰੰਥ, ਪੰਨਾ ੧੧੧੪

**ਗੁਰ ਪਾਰਸ ਹਮ ਲੋਹ ਮਿਲਿ ਕੰਚਨੁ ਹੋਇਆ ਰਾਮ ॥**
**ਜੋਤੀ ਜੋਤਿ ਮਿਲਾਇ ਕਾਇਆ ਗੜੁ ਸੋਹਿਆ ਰਾਮ ॥**
ਕਾਇਆ ਗੜੁ ਸੋਹਿਆ ਮੇਰੈ ਪ੍ਰਭਿ ਮੋਹਿਆ
ਕਿਉ ਸਾਸਿ ਗਿਰਾਸਿ ਵਿਸਾਰੀਐ ॥
ਅਦ੍ਰਿਸਟੁ ਅਗੋਚਰੁ ਪਕੜਿਆ ਗੁਰ ਸਬਦੀ
ਹਉ ਸਤਿਗੁਰ ਕੈ ਬਲਿਹਾਰੀਐ ॥
ਸਤਿਗੁਰ ਆਗੈ ਸੀਸੁ ਭੇਟ ਦੇਉ ਜੇ ਸਤਿਗੁਰ ਸਾਚੇ ਭਾਵੈ ॥
ਆਪੇ ਦਇਆ ਕਰਹੁ ਪ੍ਰਭ ਦਾਤੇ ਨਾਨਕ ਅੰਕਿ ਸਮਾਵੈ ॥ ੪ ॥ ੧ ॥

## ਆਦਿ ਗ੍ਰੰਥ, ਪੰਨਾ ੧੩੨੪

**ਰਾਮ ਗੁਰੁ ਪਾਰਸੁ ਪਰਸੁ ਕਰੀਜੈ ॥**
ਹਮ ਨਿਰਗੁਣੀ ਮਨੂਰ ਅਤਿ ਫੀਕੇ
ਮਿਲਿ ਸਤਿਗੁਰ ਪਾਰਸੁ ਕੀਜੈ ॥

## ਆਦਿ ਗ੍ਰੰਥ, ਪੰਨਾ ੬੩੮

**ਮਨੂਰੈ ਤੇ ਕੰਚਨ ਭਏ ਭਾਈ**
**ਗੁਰੁ ਪਾਰਸੁ ਮੇਲਿ ਮਿਲਾਇ ॥**



## ਭਾਈ ਗੁਰਦਾਸ ਜੀ
## ਵਾਰ ੨੬ ਪਉੜੀ ੨੦

**ਸਤਿਗੁਰੁ ਪਾਰਸਿ ਪਰਸਿਐ ਕੰਚਨੁ[1] ਕਰੈ ਮਨੂਰ ਮਲੀਣਾ[2]।**
ਸਤਿਗੁਰੁ ਬਾਵਨੁ ਚੰਦਨੋ ਵਾਸੁ ਸੁਵਾਸੁ ਕਰੈ ਲਾਖੀਣਾ[3]।
ਸਤਿਗੁਰੁ ਪੂਰਾ ਪਾਰਿਜਾਤੁ ਸਿੰਮਲੁ ਸਫਲੁ ਕਰੈ ਸੰਗਿ ਲੀਣਾ[4]।
ਮਾਨ ਸਰੋਵਰੁ ਸਤਿਗੁਰੂ ਕਾਗਹੁ ਹੰਸੁ ਜਲਹੁ ਦੁਧੁ ਪੀਣਾ।
ਗੁਰ ਤੀਰਥੁ ਦਰੀਆਉ ਹੈ ਪਸੂ ਪਰੇਤ ਕਰੈ ਪਰਬੀਣਾ[5]।
ਸਤਿਗੁਰ ਬੰਦੀਛੋੜੁ ਹੈ ਜੀਵਣ ਮੁਕਤਿ ਕਰੈ ਓਡੀਣਾ[6]।
ਗੁਰਮੁਖਿ ਮਨ ਅਪਤੀਜੁ[7] ਪਤੀਣਾ ॥ ੨੦ ॥

## ਵਾਰ ੧੯ ਪਉੜੀ ੧੭

**ਗੁਰਮੁਖਿ ਪਾਰਸੁ ਪਰਸਿ[8] ਪਾਰਸੁ ਹੋਈਐ।**
ਗੁਰਮੁਖਿ ਹੋਇ ਅਪਰਸੁ[9] ਦਰਸੁ ਅਲੋਈਐ[10]।
ਗੁਰਮੁਖਿ ਬ੍ਰਹਮ ਧਿਆਨੁ ਦੁਬਿਧਾ ਖੋਈਐ।
ਗੁਰਮੁਖਿ ਪਰਧਨ ਰੂਪ ਨਿੰਦ ਨ ਗੋਈਐ[11]।
ਗੁਰਮੁਖਿ ਅੰਮ੍ਰਿਤੁ ਨਾਉ ਸਬਦੁ ਵਿਲੋਈਐ[12]।
ਗੁਰਮੁਖਿ ਹਸਦਾ ਜਾਇ ਅੰਤ ਨ ਰੋਈਐ ॥ ੧੭ ॥

1. ਸੋਨਾ। 2. ਮਲੀਣ ਰੂਹ। 3. ਅਮੋਲਕ। 4. ਸੰਗਤ ਵਿਚ ਮਿਲਾ ਕੇ। 5. ਚਤੁਰ। 6. ਉਦਾਸ। 7. ਜੋ ਨਾ ਪਤੀਜੇ। 8. ਛੋਹਣਾ। 9. ਨਿਰਲੇਪ। 10. ਦੇਖਣਾ। 11. ਕਹਿਣਾ। 12. ਰਿੜਕਣਾ।

## ਗੋਂਡ ਮਹਲਾ ੫
## ਆਦਿ ਗ੍ਰੰਥ, ਪੰਨਾ ੮੬੪

ਗੁਰੂ ਗੁਰੂ ਗੁਰੁ ਕਰਿ ਮਨ ਮੋਰ[1] ॥
ਗੁਰੂ ਬਿਨਾ ਮੈ ਨਾਹੀ ਹੋਰ ॥
ਗੁਰ ਕੀ ਟੇਕ ਰਹਹੁ[2] ਦਿਨੁ ਰਾਤਿ ॥
ਜਾ ਕੀ ਕੋਇ ਨ ਮੇਟੈ ਦਾਤਿ ॥ ੧ ॥
**ਗੁਰੁ ਪਰਮੇਸਰੁ ਏਕੋ[3] ਜਾਣੁ ॥**
**ਜੋ ਤਿਸੁ ਭਾਵੈ ਸੋ ਪਰਵਾਣੁ[4] ॥ ੧ ॥ ਰਹਾਉ ॥**
ਗੁਰ ਚਰਣੀ ਜਾ ਕਾ ਮਨੁ ਲਾਗੈ ॥
ਦੂਖੁ ਦਰਦੁ ਭ੍ਰਮੁ ਤਾ ਕਾ ਭਾਗੈ[5] ॥
ਗੁਰ ਕੀ ਸੇਵਾ ਪਾਏ ਮਾਨੁ[6] ॥
ਗੁਰ ਊਪਰਿ ਸਦਾ ਕੁਰਬਾਨੁ ॥ ੨ ॥
ਗੁਰ ਕਾ ਦਰਸਨੁ ਦੇਖਿ ਨਿਹਾਲ ॥
ਗੁਰ ਕੇ ਸੇਵਕ ਕੀ ਪੂਰਨ ਘਾਲ ॥
ਗੁਰ ਕੇ ਸੇਵਕ ਕਉ ਦੁਖੁ ਨ ਬਿਆਪੈ ॥
ਗੁਰ ਕਾ ਸੇਵਕੁ ਦਹ ਦਿਸਿ[7] ਜਾਪੈ ॥ ੩ ॥
ਗੁਰ ਕੀ ਮਹਿਮਾ ਕਥਨੁ ਨ ਜਾਇ ॥
ਪਾਰਬ੍ਰਹਮੁ ਗੁਰੁ ਰਹਿਆ ਸਮਾਇ ॥
ਕਹੁ ਨਾਨਕ ਜਾ ਕੇ ਪੂਰੇ ਭਾਗ ॥
ਗੁਰ ਚਰਣੀ ਤਾ ਕਾ ਮਨੁ ਲਾਗ ॥ ੪ ॥ ੬ ॥ ੮ ॥

## ਗਉੜੀ ਮਹਲਾ ੫ ਪੰਨਾ ੧੯੩

**ਪਾਰਬ੍ਰਹਮ ਪੂਰਨ ਗੁਰਦੇਵ ॥**

1. ਹੇ ਮੇਰੇ ਮਨ। 2. ਟਿਕਾ। 3. ਇਕੋ ਜਿਹਾ। 4. ਕਬੂਲ। 5. ਨਾਸ ਹੋ ਜਾਂਦੇ ਹਨ। 6. ਆਦਰ। 7. ਦਸਾਂ ਦਿਸ਼ਾਵਾਂ ਵੱਲ।



## ਭਾਈ ਗੁਰਦਾਸ ਜੀ
## ਵਾਰ ੨੦ ਪਉੜੀ ੨੧

**ਗੁਰ ਪਰਮੇਸਰੁ ਜਾਣਿ ਸਰਣੀ ਆਇਆ।**
ਗੁਰ ਚਰਣੀ ਚਿਤੁ ਲਾਇ ਨ ਚਲੈ ਚਲਾਇਆ।
ਗੁਰਮਤਿ ਨਿਹਚਲੁ ਹੋਇ ਨਿਜ ਪਦ ਪਾਇਆ।
ਗੁਰਮੁਖਿ ਕਾਰ ਕਮਾਇ ਭਾਣਾ ਭਾਇਆ।
ਗੁਰਮੁਖਿ ਆਪੁ ਗਵਾਇ ਸਚਿ ਸਮਾਇਆ।
ਸਫਲੁ ਜਨਮੁ ਜਗਿ ਆਇ ਜਗਤੁ ਤਰਾਇਆ ॥ ੨੧ ॥

## ਸਲੋਕ ਮਹਲਾ ੪
## ਆਦਿ ਗ੍ਰੰਥ, ਪੰਨਾ ੩੦੮

ਜਿਸੁ ਅੰਦਰਿ ਤਾਤਿ[1] ਪਰਾਈ ਹੋਵੈ ਤਿਸ ਕਾ ਕਦੇ ਨ ਹੋਵੀ ਭਲਾ॥
ਓਸ ਦੈ ਆਖਿਐ ਕੋਈ ਨ ਲਗੈ ਨਿਤ ਓਜਾੜੀ[2] ਪੂਕਾਰੇ ਖਲਾ॥
ਜਿਸੁ ਅੰਦਰਿ ਚੁਗਲੀ ਚੁਗਲੋ ਵਜੈ ਕੀਤਾ ਕਰਤਿਆ ਓਸ ਦਾ ਸਭੁ ਗਇਆ॥
ਨਿਤ ਚੁਗਲੀ ਕਰੇ ਅਣਹੋਦੀ ਪਰਾਈ ਮੁਹੁ ਕਢਿ ਨ ਸਕੈ ਓਸ ਦਾ ਕਾਲਾ ਭਇਆ॥
ਕਰਮ ਧਰਤੀ ਸਰੀਰੁ ਕਲਿਜੁਗ ਵਿਚਿ ਜੇਹਾ ਕੋ ਬੀਜੇ ਤੇਹਾ ਕੋ ਖਾਏ॥
ਗਲਾ ਉਪਰਿ ਤਪਾਵਸੁ ਨ ਹੋਈ ਵਿਸੁ ਖਾਧੀ ਤਤਕਾਲ ਮਰਿ ਜਾਏ॥
ਭਾਈ ਵੇਖਹੁ ਨਿਆਉ ਸਚੁ ਕਰਤੇ ਕਾ ਜੇਹਾ ਕੋਈ ਕਰੇ ਤੇਹਾ ਕੋਈ ਪਾਏ॥
ਜਨ ਨਾਨਕ ਕਉ ਸਭ ਸੋਝੀ ਪਾਈ ਹਰਿ ਦਰ ਕੀਆ ਬਾਤਾ ਆਖਿ ਸੁਣਾਏ॥੧॥

### ਪੰਨਾ ੪

**ਆਪੇ ਬੀਜਿ ਆਪੇ ਹੀ ਖਾਹੁ॥**

### ਪੰਨਾ ੧੪੧੭

ਖੇਤਿ ਸਰੀਰਿ **ਜੋ ਬੀਜੀਐ ਸੋ ਅੰਤਿ ਖਲੋਆ ਆਇ॥**

### ਪੰਨਾ ੧੩੪

**ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥**

### ਪੰਨਾ ੭੩੦

ਜੈਸਾ ਬੀਜੈ ਸੋ ਲੁਣੇ ਜੋ ਖਟੇ ਸੁੋ ਖਾਇ॥

1. ਈਰਖਾ। 2. ਉਜਾੜ, ਬੀਆਬਾਨ।



## ਭਾਈ ਗੁਰਦਾਸ ਜੀ
## ਵਾਰ ੩੪ ਪਉੜੀ ੧

ਸਤਿਗੁਰ ਪੁਰਖੁ ਅਗੰਮੁ[1] ਹੈ ਨਿਰਵੈਰੁ ਨਿਰਾਲਾ[2]।
**ਜਾਣਹੁ ਧਰਤੀ ਧਰਮ ਕੀ ਸਚੀ ਧਰਮਸਾਲਾ।**
**ਜੇਹਾ ਬੀਜੈ ਸੋ ਲੁਣੈ ਫਲੁ ਕਰਮ ਸਮ੍ਹਾਲਾ।**
ਜਿਉ ਕਰਿ ਨਿਰਮਲੁ ਆਰਸੀ ਜਗੁ ਵੇਖਣਿ ਵਾਲਾ।
ਜੇਹਾ ਮੁਹੁ ਕਰਿ ਭਾਲੀਐ ਤੇਹੋ ਵੇਖਾਲਾ।
ਸੇਵਕੁ ਦਰਗਹ ਸੁਰਖਰੂ ਵੇਮੁਖੁ ਮੁਹੁ ਕਾਲਾ॥੧॥

1. ਮਨ ਬਾਣੀਓਂ ਪਰੇ। 2. ਨਿਰਲੇਪ।

## ਸੂਹੀ ਮਹਲਾ ੧ ਘਰੁ ੭
## ਆਦਿ ਗ੍ਰੰਥ, ਪੰਨਾ ੭੩੦

ਜੋਗੁ ਨ ਖਿੰਥਾ[1] ਜੋਗੁ ਨ ਡੰਡੈ ਜੋਗੁ ਨ ਭਸਮ ਚੜਾਈਐ ॥
ਜੋਗੁ ਨ ਮੁੰਦੀ[2] ਮੂੰਡਿ ਮੁਡਾਇਐ ਜੋਗੁ ਨ ਸਿਙੀ[3] ਵਾਈਐ ॥
**ਅੰਜਨ ਮਾਹਿ ਨਿਰੰਜਨਿ[4] ਰਹੀਐ ਜੋਗ ਜੁਗਤਿ ਇਵ ਪਾਈਐ ॥ ੧ ॥**
ਗਲੀ ਜੋਗੁ ਨ ਹੋਈ ॥
ਏਕ ਦ੍ਰਿਸਟਿ ਕਰਿ ਸਮਸਰਿ ਜਾਣੈ ਜੋਗੀ ਕਹੀਐ ਸੋਈ ॥ ੧ ॥ ਰਹਾਉ ॥
ਜੋਗੁ ਨ ਬਾਹਰਿ ਮੜੀ ਮਸਾਣੀ ਜੋਗੁ ਨ ਤਾੜੀ ਲਾਈਐ ॥
ਜੋਗੁ ਨ ਦੇਸਿ ਦਿਸੰਤਰਿ ਭਵਿਐ ਜੋਗੁ ਨ ਤੀਰਥਿ ਨਾਈਐ ॥
**ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥ ੨ ॥**
ਸਤਿਗੁਰੁ ਭੇਟੈ ਤਾ ਸਹਸਾ ਤੂਟੈ ਧਾਵਤੁ[5] ਵਰਜਿ ਰਹਾਈਐ ॥
ਨਿਝਰੁ ਝਰੈ ਸਹਜ[6] ਧੁਨਿ ਲਾਗੈ ਘਰ ਹੀ ਪਰਚਾ ਪਾਈਐ ॥
**ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਇਵ ਪਾਈਐ ॥ ੩ ॥**
ਨਾਨਕ ਜੀਵਤਿਆ ਮਰਿ ਰਹੀਐ ਐਸਾ ਜੋਗੁ ਕਮਾਈਐ ॥
ਵਾਜੇ ਬਾਝਹੁ ਸਿਙੀ ਵਾਜੈ ਤਉ ਨਿਰਭਉ ਪਦੁ ਪਾਈਐ ॥
**ਅੰਜਨ ਮਾਹਿ ਨਿਰੰਜਨਿ ਰਹੀਐ ਜੋਗ ਜੁਗਤਿ ਤਉ ਪਾਈਐ ॥ ੪ ॥**

1. ਗੋਦੜੀ। 2. ਮੁੰਦਰਾਂ। 3. ਲੰਮਾ ਵਲਦਾਰ ਸਿੰਙ ਜੋ ਜੋਗੀ ਫੂਕ ਮਾਰ ਕੇ ਵਜਾਉਂਦੇ ਹਨ। 4. ਮਾਇਆ ਤੋਂ ਨਿਰਲੇਪ। 5. ਦੌੜਦੇ ਮਨ ਨੂੰ। 6. ਅਨਹਦ ਸ਼ਬਦ ਦੀ ਧੁਨੀ।



## ਭਾਈ ਗੁਰਦਾਸ ਜੀ
## ਵਾਰ ੧੬ ਪਉੜੀ ੧੫

ਗੁਰਮੁਖਿ ਸੁਖ ਫਲੁ ਸਾਧ ਸੰਗੁ ਭਗਤਿ ਵਛਲ ਹੋਇ ਵਸਿਗਤਿ ਆਇਆ।
ਕਾਰਣੁ ਕਰਤੇ ਵਸਿ ਹੈ ਸਾਧ ਸੰਗਤਿ ਵਿਚਿ ਕਰੇ ਕਰਾਇਆ।
ਪਾਰਬ੍ਰਹਮੁ ਪੂਰਨ ਬ੍ਰਹਮੁ ਸਾਧ ਸੰਗਤਿ ਵਿਚਿ ਭਾਣਾ ਭਾਇਆ।
ਰੋਮ ਰੋਮ ਵਿਚਿ ਰਖਿਓਨੁ ਕਰਿ ਬ੍ਰਹਮੰਡ ਕਰੋੜਿ ਸਮਾਇਆ।
ਬੀਅਹੁ ਕਰਿ ਬਿਸਥਾਰੁ ਵੜੁ[1] ਫਲ ਅੰਦਰਿ ਫਿਰਿ ਬੀਉ ਵਸਾਇਆ।
ਅਪਿਉ ਪੀਅਣੁ ਅਜਰੁ ਜਰਣੁ ਆਪੁ ਗਵਾਇ ਨ ਆਪੁ ਜਣਾਇਆ।
**ਅੰਜਨੁ[2] ਵਿਚਿ ਨਿਰੰਜਨੁ[3] ਪਾਇਆ ॥ ੧੫ ॥**

1. ਬੋਹੜ। 2. ਸੁਰਮਾ, ਮਾਯਾ। 3. ਮਾਯਾ ਰਹਿਤ ਪਰਮੇਸ਼ਰ।

## ਸਲੋਕ ਮਹਲਾ ੧
## ਆਦਿ ਗ੍ਰੰਥ, ਪੰਨਾ ੧੨੯੧

ਘਰ ਮਹਿ[1] ਘਰੁ[2] ਦੇਖਾਇ ਦੇਇ[3] ਸੋ ਸਤਿਗੁਰੁ ਪੁਰਖੁ ਸੁਜਾਣੁ[4] ॥
ਪੰਚ ਸਬਦ ਧੁਨਿਕਾਰ ਧੁਨਿ[5] ਤਹ ਬਾਜੈ ਸਬਦੁ ਨੀਸਾਣੁ[6] ॥
ਦੀਪ[7] ਲੋਅ[8] ਪਾਤਾਲ ਤਹ ਖੰਡ ਮੰਡਲ ਹੈਰਾਨੁ ॥
ਤਾਰ ਘੋਰ ਬਾਜਿੰਤ੍ਰ ਤਹ[9] ਸਾਚਿ ਤਖਤਿ ਸੁਲਤਾਨੁ[10] ॥
**ਸੁਖਮਨ ਕੈ ਘਰਿ ਰਾਗੁ ਸੁਨਿ ਸੁੰਨਿ ਮੰਡਲਿ ਲਿਵ ਲਾਇ ॥**
ਅਕਥ ਕਥਾ ਬੀਚਾਰੀਐ ਮਨਸਾ ਮਨਹਿ ਸਮਾਇ ॥
ਉਲਟਿ ਕਮਲੁ ਅੰਮ੍ਰਿਤੁ ਭਰਿਆ ਇਹੁ ਮਨੁ ਕਤਹੁ ਨ ਜਾਇ ॥
ਅਜਪਾ ਜਾਪੁ ਨ ਵੀਸਰੈ ਆਦਿ ਜੁਗਾਦਿ ਸਮਾਇ ॥
ਸਭਿ ਸਖੀਆ ਪੰਚੇ ਮਿਲੇ ਗੁਰਮੁਖਿ ਨਿਜ ਘਰਿ ਵਾਸੁ ॥
ਸਬਦੁ ਖੋਜਿ ਇਹੁ ਘਰੁ ਲਹੈ[11] ਨਾਨਕੁ ਤਾ ਕਾ ਦਾਸੁ ॥ ੧ ॥

## ਆਦਿ ਗ੍ਰੰਥ, ਪੰਨਾ ੯੭੪

**ਇੜਾ ਪਿੰਗੁਲਾ ਅਉਰ ਸੁਖਮਨਾ ਤੀਨਿ ਬਸਹਿ ਇਕ ਠਾਈ ॥**
ਬੇਣੀ ਸੰਗਮੁ ਤਹ ਪਿਰਾਗੁ ਮਨੁ ਮਜਨੁ ਕਰੇ ਤਿਥਾਈ ॥ ੧ ॥
ਸੰਤਹੁ ਤਹਾ ਨਿਰੰਜਨ ਰਾਮੁ ਹੈ ॥

1. ਹਿਰਦੇ ਵਿਚ। 2. ਪਰਮਾਤਮਾ ਦਾ। 3. ਦਿਖਾ ਦਿੰਦਾ ਹੈ। 4. ਸਿਆਣਾ। 5. ਇਕ ਰਸ ਧੁਨੀ। 6. ਸ਼ਬਦ ਰੂਪ। 7. ਟਾਪੂ। 8. ਲੋਕ। 9. ਵਾਜਿਆਂ ਦੀ ਘਨਘੋਰ। 10. ਹਰੀ ਆਪ ਬੈਠਾ ਹੈ। 11. ਲੱਭ ਲੈਂਦਾ ਹੈ।



## ਭਾਈ ਗੁਰਦਾਸ ਜੀ
## ਵਾਰ ੬ ਪਉੜੀ ੧੧

ਚਰਣ ਕਮਲ ਮਕਰੰਦੁ ਰਸਿ ਹੋਇ ਭਵਰੁ ਲੈ ਵਾਸੁ ਲੁਭਾਵੈ।
**ਇੜਾ ਪਿੰਗੁਲਾ ਸੁਖਮਨਾ ਲੰਘਿ ਤ੍ਰਿਬੇਣੀ ਨਿਜ ਘਰਿ ਆਵੈ।**
ਸਾਹਿ ਸਾਹਿ ਮਨੁ ਪਵਣ ਲਿਵ ਸੋਹੰ[1] ਹੰਸਾ[2] ਜਪੈ ਜਪਾਵੈ।
ਅਚਰਜ ਰੂਪ ਅਨੂਪ ਲਿਵ ਗੰਧ ਸੁਗੰਧਿ ਅਵੇਸੁ ਮਚਾਵੈ।
ਸੁਖਸਾਗਰ ਚਰਣਾਰਬਿੰਦ ਸੁਖ ਸੰਪਟ ਵਿਚਿ ਸਹਜਿ ਸਮਾਵੈ।
ਗੁਰਮੁਖਿ ਸੁਖਫਲ ਪਿਰਮ ਰਸੁ ਦੇਹ ਬਿਦੇਹ ਪਰਮ ਪਦੁ ਪਾਵੈ।
ਸਾਧ ਸੰਗਤਿ ਮਿਲਿ ਅਲਖੁ ਲਖਾਵੈ ॥ ੧੧ ॥

1. ਉਹ ਮੈਂ। 2. ਮੈਂ ਉਹ।

## ਬਿਲਾਵਲੁ ਮਹਲਾ ੩ ਘਰੁ ੧
## ਆਦਿ ਗ੍ਰੰਥ, ਪੰਨਾ ੭੯੬

ਧ੍ਰਿਗੁ ਧ੍ਰਿਗੁ[1] ਖਾਇਆ ਧ੍ਰਿਗੁ ਧ੍ਰਿਗੁ ਸੋਇਆ
ਧ੍ਰਿਗੁ ਧ੍ਰਿਗੁ ਕਾਪੜੁ ਅੰਗਿ ਚੜਾਇਆ[2] ॥
ਧ੍ਰਿਗੁ ਸਰੀਰੁ ਕੁਟੰਬ ਸਹਿਤ[3] ਸਿਉ[4]
ਜਿਤੁ ਹੁਣਿ ਖਸਮੁ ਨ ਪਾਇਆ ॥
ਪਉੜੀ ਛੁੜਕੀ ਫਿਰਿ ਹਾਥਿ ਨ ਆਵੈ
ਅਹਿਲਾ ਜਨਮੁ ਗਵਾਇਆ ॥ ੧ ॥
**ਦੂਜਾ ਭਾਉ[5] ਨ ਦੇਈ ਲਿਵ ਲਾਗਣਿ**
**ਜਿਨਿ ਹਰਿ ਕੇ ਚਰਣ ਵਿਸਾਰੇ ॥**
ਜਗਜੀਵਨ ਦਾਤਾ ਜਨ ਸੇਵਕ ਤੇਰੇ
ਤਿਨ ਕੇ ਤੈ ਦੂਖ ਨਿਵਾਰੇ ॥ ੧ ॥ ਰਹਾਉ ॥
... ... ... ...
ਨਾਨਕ ਭਾਗੁ ਹੋਵੈ ਜਿਸੁ ਮਸਤਕਿ
ਕਾਲਹਿ[6] ਮਾਰਿ ਬਿਦਾਰੇ[7] ॥ ੪ ॥ ੧ ॥

## ਰਾਮਕਲੀ ਕੀ ਵਾਰ ਮਹਲਾ ੩ ਪੰਨਾ ੯੪੯

**ਦੂਜਾ ਭਾਉ ਰਚਾਇਓਨੁ ਤ੍ਰੈਗੁਣ ਵਰਤਾਰਾ ॥**

## ਗਉੜੀ ਕਬੀਰ ਜੀ ਪੰਨਾ ੩੨੪

ਕਿਆ ਜਪੁ ਕਿਆ ਤਪੁ ਕਿਆ ਬ੍ਰਤ ਪੂਜਾ ॥
**ਜਾ ਕੈ ਰਿਦੈ ਭਾਉ ਹੈ ਦੂਜਾ ॥**

1. ਬਾਰ-ਬਾਰ ਫਿਟਕਾਰ। 2. ਸਰੀਰ ਉੱਤੇ ਪਾਇਆ। 3. ਹਿਤੂ। 4. ਸਮੇਤ। 5. ਦਵੈਤ ਈਰਖਾ ਵਾਲਾ। 6. ਮੌਤ ਨੂੰ। 7. ਮਾਰ ਕੇ ਨਾਸ ਕਰਨਾ।



## ਭਾਈ ਗੁਰਦਾਸ ਜੀ
## ਵਾਰ ੨੯ ਪਉੜੀ ੨

ਚਾਰਿ ਪਦਾਰਥ ਆਖੀਅਨਿ ਸਤਿਗੁਰ ਦੇਇ ਨ ਗੁਰ ਸਿਖੁ ਮੰਗੈ।
ਅਠ ਸਿਧੀ ਨਿਧੀ ਨਵੈ ਰਿਧਿ ਨ ਗੁਰੁ ਸਿਖੁ ਢਾਕੈ ਟੰਗੈ[1]।
ਕਾਮਧੇਣੁ ਲਖ ਲਖਮੀ ਪਹੁੰਚ ਨ ਹੰਘੈ ਢੰਗਿ ਸੁਢੰਗੈ[2]।
ਲਖ ਪਾਰਸ ਲਖ ਪਾਰਿਜਾਤ ਹਥਿ ਨ ਛੁਹਦਾ ਫਲ ਨ ਅਭੰਗੈ।
ਤੰਤ ਮੰਤ ਪਾਖੰਡ ਲਖ ਬਾਜੀਗਰ ਬਾਜਾਰੀ ਨੰਗੈ[3]।
ਪੀਰ ਮੁਰੀਦੀ[4] ਗਾਖੜੀ[5] ਇਕਸ ਅੰਗਿ ਨ ਅੰਗਣਿ ਅੰਗੈ[6]।
**ਗੁਰ ਸਿਖੁ ਦੂਜੇ ਭਾਵਹੁ ਸੰਗੈ ॥ ੨ ॥**

1. ਲੋੜ ਵੇਲੇ। 2. ਸ੍ਰੇਸ਼ਟ ਬਣੌਤਾਂ ਨਾਲ। 3. ਬੇਸ਼ਰਮ। 4. ਪੀਰ ਦੀ ਪੀਰੀ, ਮੁਰੀਦ ਦੀ ਮੁਰੀਦੀ। 5. ਕਠਨ। 6. ਵਿਹੜੇ ਦੇ ਪਾਸੇ, ਇਕ ਪਾਸੇ ਨਹੀਂ।

## ਮਾਰੂ ਮਹਲਾ ੧
## ਆਦਿ ਗ੍ਰੰਥ, ਪੰਨਾ ੧੦੪੧

ਸਚ ਬਿਨੁ ਸਤੁ ਸੰਤੋਖੁ ਨ ਪਾਵੈ॥
ਬਿਨੁ ਗੁਰ ਮੁਕਤਿ ਨ ਆਵੈ ਜਾਵੈ॥
**ਮੂਲ ਮੰਤ੍ਰੁ ਹਰਿ ਨਾਮੁ ਰਸਾਇਣੁ[1]**
**ਕਹੁ ਨਾਨਕ ਪੂਰਾ ਪਾਇਆ॥੫॥**
ਸਚ ਬਿਨੁ ਭਵਜਲੁ ਜਾਇ ਨ ਤਰਿਆ॥
ਏਹੁ ਸਮੁੰਦੁ ਅਥਾਹੁ[2] ਮਹਾ ਬਿਖੁ[3] ਭਰਿਆ॥
ਰਹੈ ਅਤੀਤੁ[4] ਗੁਰਮਤਿ ਲੇ ਊਪਰਿ
ਹਰਿ ਨਿਰਭਉ ਕੈ ਘਰਿ ਪਾਇਆ॥੬॥
ਝੂਠੀ ਜਗ ਹਿਤ ਕੀ ਚਤੁਰਾਈ॥
ਬਿਲਮ ਨ ਲਾਗੈ ਆਵੈ ਜਾਈ॥
ਨਾਮੁ ਵਿਸਾਰਿ ਚਲਹਿ ਅਭਿਮਾਨੀ
ਉਪਜੈ ਬਿਨਸਿ ਖਪਾਇਆ॥੭॥
ਉਪਜਹਿ ਬਿਨਸਹਿ[5] ਬੰਧਨ ਬੰਧੇ॥
ਹਉਮੈ ਮਾਇਆ ਕੇ ਗਲ ਫੰਧੇ[6]॥
ਜਿਸੁ ਰਾਮ ਨਾਮੁ ਨਾਹੀ ਮਤਿ ਗੁਰਮਤਿ
ਸੋ ਜਮ ਪੁਰਿ ਬੰਧਿ[7] ਚਲਾਇਆ॥੮॥

## ਸਰਬ ਲੋਹ ਗ੍ਰੰਥ 'ਚੋਂ

**ਸਾਰ ਮੰਤ੍ਰ ਚਾਰੋਂ ਕਾ ਚਾਰ, ਵਾਹਿਗੁਰੂ ਮੰਤ੍ਰ ਨਿਰਧਾਰ॥**

1. ਰਸਾਂ ਦਾ ਘਰ। 2. ਬਹੁਤ ਡੂੰਘਾ। 3. ਜ਼ਹਿਰ। 4. ਨਿਰਲੇਪ, ਤਿਆਗੀ। 5. ਪੈਦਾ ਹੁੰਦੇ, ਨਾਸ਼ ਹੁੰਦੇ ਹਨ। 6. ਫਾਹੀ। 7. ਬੰਨ੍ਹ ਕੇ।



## ਭਾਈ ਗੁਰਦਾਸ ਜੀ
## ਵਾਰ ੧੬ ਪਉੜੀ ੨੦

ਸਾਸਤ੍ਰ ਸਿੰਮ੍ਰਿਤਿ ਵੇਦ ਲਖ ਮਹਾਂ ਭਾਰਥ ਰਾਮਾਇਣ ਮੇਲੇ।
ਸਾਰ ਗੀਤਾ ਲਖ ਭਾਗਵਤ ਜੋਤਕ[1] ਵੈਦ ਚਲੰਤੀ ਖੇਲੇ।
ਚਉਦਹ ਵਿਦਿਆ ਸਾਅੰਗੀਤ[2] ਬ੍ਰਹਮੇ ਬਿਸਨ ਮਹੇਸੁਰ ਭੇਲੇ[3]।
ਸਨਕਾਦਿਕ ਲਖ ਨਾਰਦਾ ਸੁਕ ਬਿਆਸ ਲਖ ਸੇਖ ਨਵੇਲੇ[4]।
ਗਿਆਨ ਧਿਆਨ ਸਿਮਰਣ ਘਣੇ ਦਰਸਨ ਵਰਨ ਗੁਰੂ ਬਹੁ ਚੇਲੇ।
**ਪੂਰਾ ਸਤਿਗੁਰ ਗੁਰਾਂ ਗੁਰੁ ਮੰਤ੍ਰ ਮੂਲ ਗੁਰ ਬਚਨ ਸੁਹੇਲੇ।**
ਅਕਥ ਕਥਾ ਗੁਰੁ ਸਬਦੁ ਹੈ ਨੇਤਿ ਨੇਤਿ ਨਮੋ ਨਮੋ ਕੇਲੇ[5]।
ਗੁਰਮੁਖ ਸੁਖ ਫਲੁ ਅੰਮ੍ਰਿਤ ਵੇਲੇ॥੨੦॥

1. ਜੋਤਿਸ਼ ਸ਼ਾਸਤਰ। 2. ਰਾਗ ਵੇਤਾ, ਗਾਇਤ੍ਰੀ ਪਾਠਕ। 3. ਇਕੱਠੇ ਕਰੀਏ। 4. ਲੱਖਾਂ ਸ਼ੇਖ ਨਾਗ/ਸ਼ੇਖ ਅਰ ਨਬੀ ਲੋਕ। 5. ਅਨੰਦ ਰੂਪ।

## ਸਲੋਕ ਮ: ੩ (ਵਾਰ ਮਲਾਰ ਕੀ)
## ਆਦਿ ਗ੍ਰੰਥ, ਪੰਨਾ ੧੨੮੫

ਬਾਬੀਹਾ ਅੰਮ੍ਰਿਤ ਵੇਲੈ ਬੋਲਿਆ ਤਾਂ ਦਰਿ ਸੁਣੀ ਪੁਕਾਰ॥
ਮੇਘੈ ਨੋ ਫੁਰਮਾਨੁ ਹੋਆ ਵਰਸਹੁ ਕਿਰਪਾ ਧਾਰਿ॥
ਹਉ ਤਿਨ ਕੈ ਬਲਿਹਾਰਣੈ ਜਿਨੀ ਸਚੁ ਰਖਿਆ ਉਰਿ ਧਾਰਿ॥
ਨਾਨਕ ਨਾਮੇ ਸਭ ਹਰੀਆਵਲੀ ਗੁਰ ਕੈ ਸਬਦਿ ਵੀਚਾਰਿ॥੧॥

## ਜਪੁ ਜੀ ਸਾਹਿਬ, ਪੰਨਾ ੨

ਸਾਚਾ ਸਾਹਿਬੁ ਸਾਚੁ ਨਾਇ, ਭਾਖਿਆ ਭਾਉ ਅਪਾਰੁ॥

... ... ...

**ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥**



## ਭਾਈ ਗੁਰਦਾਸ ਜੀ
## ਵਾਰ ੨੬ ਪਉੜੀ ੧੭

ਸਿਧ ਸਾਧਿਕ[1] ਮਿਲਿ ਜਾਗਦੇ ਕਰਿ ਸਿਵਰਾਤੀ ਜਾਤੀ[2] ਮੇਲਾ।
ਮਹਾਦੇਉ ਅਉਧੂਤੁ[3] ਹੈ ਕਵਲਾਸਣਿ[4] ਆਸਣਿ ਰਸਕੇਲਾ।
ਗੋਰਖੁ ਜੋਗੀ ਜਾਗਦਾ ਗੁਰਿ ਮਾਛਿੰਦ੍ਰ ਧਰੀ ਸੁ ਧਰੇਲਾ[5]।
**ਸਤਿਗੁਰੁ ਜਾਗਿ ਜਗਾਇਦਾ ਸਾਧ ਸੰਗਤਿ ਮਿਲਿ ਅੰਮ੍ਰਿਤ ਵੇਲਾ।**
ਨਿਜ ਘਰਿ ਤਾੜੀ ਲਾਈਅਨੁ ਅਨਹਦ ਸਬਦ ਪਿਰਮ ਰਸ[6] ਖੇਲਾ।
ਆਦਿ ਪੁਰਖ ਆਦੇਸੁ ਹੈ ਅਲਖ ਨਿਰੰਜਨ ਨੇਹੁ ਨਵੇਲਾ।
ਚੇਲੇ ਤੇ ਗੁਰੁ ਗੁਰੁ ਤੇ ਚੇਲਾ॥੧੭॥

1. ਸਾਧਨਾ ਕਰਨ ਵਾਲੇ। 2. ਜਾਤ੍ਰੀ। 3. ਯੋਗੀ। 4. ਬ੍ਰਹਮਾ। 5. ਧੜੇਲ।
6. ਪ੍ਰੇਮ ਰਸ।

## ਮਾਰੂ ਮਹਲਾ ੫ ਘਰੁ ੮ ਅੰਜੁਲੀਆ
## ੴ ਸਤਿਗੁਰ ਪ੍ਰਸਾਦਿ॥
## ਆਦਿ ਗ੍ਰੰਥ, ਪੰਨਾ ੧੦੧੯

ਜਿਸੁ ਗ੍ਰਿਹਿ[1] ਬਹੁਤੁ ਤਿਸੈ ਗ੍ਰਿਹਿ ਚਿੰਤਾ॥
ਜਿਸੁ ਗ੍ਰਿਹਿ ਥੋਰੀ[2] ਸੁ ਫਿਰੈ ਭ੍ਰਮੰਤਾ[3]॥
ਦੁਹੂ ਬਿਵਸਥਾ[4] ਤੇ ਜੋ ਮੁਕਤਾ[5] ਸੋਈ ਸੁਹੇਲਾ[6] ਭਾਲੀਐ[7]॥੧॥
ਗ੍ਰਿਹ ਰਾਜ ਮਹਿ ਨਰਕੁ ਉਦਾਸ ਕਰੋਧਾ॥
ਬਹੁ ਬਿਧਿ ਬੇਦ ਪਾਠ ਸਭਿ ਸੋਧਾ॥
**ਦੇਹੀ ਮਹਿ ਜੋ ਰਹੈ ਅਲਿਪਤਾ ਤਿਸੁ ਜਨ ਕੀ ਪੂਰਨ ਘਾਲੀਐ॥੨॥**
ਜਾਗਤ ਸੂਤਾ ਭਰਮਿ ਵਿਗੂਤਾ॥
ਬਿਨੁ ਗੁਰ ਮੁਕਤਿ ਨ ਹੋਈਐ ਮੀਤਾ॥
ਸਾਧਸੰਗਿ ਤੁਟਹਿ ਹਉ ਬੰਧਨ ਏਕੋ ਏਕੁ ਨਿਹਾਲੀਐ॥੩॥
ਕਰਮ ਕਰੈ ਤ ਬੰਧਾ ਨਹ ਕਰੈ ਤ ਨਿੰਦਾ॥
ਮੋਹ ਮਗਨ ਮਨੁ ਵਿਆਪਿਆ ਚਿੰਦਾ॥
ਗੁਰ ਪ੍ਰਸਾਦਿ ਸੁਖੁ ਦੁਖੁ ਸਮ ਜਾਣੈ ਘਟਿ ਘਟਿ ਰਾਮੁ ਹਿਆਲੀਐ॥੪॥

1. ਘਰ। 2. ਥੋੜ੍ਹੀ। 3. ਭਟਕਦਾ ਫਿਰਦਾ ਹੈ। 4. ਦੋਹਾਂ ਹਾਲਾਤਾਂ ਤੋਂ। 5. ਸੁਤੰਤਰ, ਆਜ਼ਾਦ। 6. ਸੁਖੀ। 7. ਵੇਖਿਆ ਜਾਂਦਾ ਹੈ।



## ਭਾਈ ਗੁਰਦਾਸ ਜੀ
## ਵਾਰ ੧੯ ਪਉੜੀ ੨੧

ਗੁਰਮੁਖਿ ਹਉਮੈ ਪਰਹਰੈ[1] ਮਨਿ ਭਾਵੈ ਖਸਮੈ ਦਾ ਭਾਣਾ।
ਪੈਰੀ ਪੈ ਪਾਖਾਕ ਹੋਇ ਦਰਗਹ ਪਾਵੈ ਮਾਣੁ ਨਿਮਾਣਾ।
ਵਰਤਮਾਨ ਵਿਚਿ ਵਰਤਦਾ ਹੋਵਣਹਾਰ[2] ਸੋਈ ਪਰਵਾਣਾ[3]।
ਕਾਰਣੁ ਕਰਤਾ ਜੋ ਕਰੈ ਸਿਰ ਧਰਿ ਮੰਨਿ ਕਰੈ ਸੁਕਰਾਣਾ[4]।
ਰਾਜੀ ਹੋਇ ਰਜਾਇ ਵਿਚਿ ਦੁਨੀਆਂ ਅੰਦਰਿ ਜਿਉ ਮਿਹਮਾਣਾ[5]।
ਵਿਸਮਾਦੀ ਵਿਸਮਾਦ ਵਿਚਿ ਕੁਦਰਤਿ ਕਾਦਰ ਨੋ ਕੁਰਬਾਣਾ।
**ਲੇਪ ਅਲੇਪ ਸਦਾ ਨਿਰਬਾਣਾ[6]॥੨੧॥**

1. ਛੱਡ ਦਿੰਦੇ ਹਨ। 2. ਭਾਵੀ. 3. ਸਿਰ ਮੱਥੇ। 4. ਸ਼ੁਕਰੀਆ, ਧੰਨਵਾਦ। 5. ਪਰਾਹੁਣਾ। 6. ਬੰਧਨ ਰਹਿਤ।

## ਸੋਰਠਿ ਮਹਲਾ ੩ ਦੁਤੁਕੀ
## ਆਦਿ ਗ੍ਰੰਥ, ਪੰਨਾ ੬੩੮-੩੯

ਨਿਗੁਣਿਆ ਨੋ ਆਪੇ ਬਖਸਿ ਲਏ ਭਾਈ ਸਤਿਗੁਰ ਕੀ ਸੇਵਾ ਲਾਇ॥
ਸਤਿਗੁਰ ਕੀ ਸੇਵਾ ਊਤਮ ਹੈ ਭਾਈ ਰਾਮ ਨਾਮਿ ਚਿਤੁ ਲਾਇ॥੧॥
ਹਰਿ ਜੀਉ ਆਪੇ ਬਖਸਿ ਮਿਲਾਇ॥
ਗੁਣਹੀਣ ਹਮ ਅਪਰਾਧੀ ਭਾਈ ਪੂਰੈ ਸਤਿਗੁਰਿ ਲਏ ਰਲਾਇ॥ ਰਹਾਉ॥
ਕਉਣ ਕਉਣ ਅਪਰਾਧੀ ਬਖਸਿਅਨੁ ਪਿਆਰੇ ਸਾਚੈ ਸਬਦਿ ਵੀਚਾਰਿ॥
ਭਉਜਲੁ ਪਾਰਿ ਉਤਾਰਿਅਨੁ ਭਾਈ ਸਤਿਗੁਰ ਬੇੜੈ ਚਾੜਿ॥੨॥
**ਮਨੂਰੈ[1] ਤੇ ਕੰਚਨ ਭਏ ਭਾਈ ਗੁਰੁ ਪਾਰਸੁ ਮੇਲਿ ਮਿਲਾਇ॥**
**ਆਪੁ ਛੋਡਿ ਨਾਉ ਮਨਿ ਵਸਿਆ ਭਾਈ ਜੋਤੀ ਜੋਤਿ ਮਿਲਾਇ॥੩॥**
ਹਉ ਵਾਰੀ ਹਉ ਵਾਰਣੈ ਭਾਈ ਸਤਿਗੁਰ ਕਉ ਸਦ ਬਲਿਹਾਰੈ ਜਾਉ॥
ਨਾਮੁ ਨਿਧਾਨੁ ਜਿਨਿ ਦਿਤਾ ਭਾਈ ਗੁਰਮਤਿ ਸਹਜਿ ਸਮਾਉ॥੪॥
... ... ... ...
ਨਾਨਕ ਨਾਮੁ ਹਰਿ ਮਨਿ ਵਸੈ ਭਾਈ ਤਿਸੁ ਬਿਘਨੁ ਨ ਲਾਗੈ ਕੋਇ॥੮॥

1. ਨਿਕੰਮਾ ਲੋਹਾ।



## ਭਾਈ ਗੁਰਦਾਸ ਜੀ
## ਵਾਰ ੨੨ ਪਉੜੀ ੮

**ਜੋਤੀ ਜੋਤਿ ਜਗਾਇ ਦੀਵਾ ਬਾਲਿਆ।**
ਚੰਦਨ ਵਾਸੁ ਨਿਵਾਸੁ ਵਣਾਸਪਤਿ ਫਾਲਿਆ[1]।
ਸਲਲੈ ਸਲਲਿ[2] ਸੰਜੋਗੁ ਤ੍ਰਿਬੇਣੀ ਚਾਲਿਆ।
ਪਵਣੈ ਪਵਣੁ ਸਮਾਇ ਅਨਹਦੁ ਭਾਲਿਆ।
**ਹੀਰੈ ਹੀਰਾ ਬੇਧਿ ਪਰੋਇ ਦਿਖਾਲਿਆ।**
**ਪਥਰੁ ਪਾਰਸੁ ਹੋਇ ਪਾਰਸੁ ਪਾਲਿਆ[3]।**
ਅਨਲ[4] ਪੰਖਿ ਪੁਤੁ ਹੋਇ ਪਿਤਾ ਸਮ੍ਹਾਲਿਆ।
ਬ੍ਰਹਮੈ ਬ੍ਰਹਮੁ ਮਿਲਾਇ ਸਹਜਿ ਸੁਖਾਲਿਆ॥੮॥

1. ਫੈਲਿਆ। 2. ਜਲ। 3. ਪਾ ਕਰਕੇ। 4. ਅਕਾਸ਼ੀ ਪੰਛੀ।

## ਗਉੜੀ ਕੀ ਵਾਰ ਮਹਲਾ ੫
## ਆਦਿ ਗ੍ਰੰਥ, ਪੰਨਾ ੩੧੯
## ਪਉੜੀ॥

ਜੋ ਤੁਧੁ ਭਾਵੈ[1] ਸੋ ਭਲਾ ਸਚੁ ਤੇਰਾ ਭਾਣਾ॥
ਤੂ ਸਭ ਮਹਿ ਏਕੁ ਵਰਤਦਾ ਸਭ ਮਾਹਿ ਸਮਾਣਾ॥
ਥਾਨ ਥਨੰਤਰਿ[2] ਰਵਿ ਰਹਿਆ ਜੀਅ ਅੰਦਰਿ ਜਾਣਾ॥
**ਸਾਧਸੰਗਿ ਮਿਲਿ ਪਾਈਐ ਮਨਿ ਸਚੇ ਭਾਣਾ॥**
ਨਾਨਕ ਪ੍ਰਭ ਸਰਣਾਗਤੀ ਸਦ ਸਦ ਕੁਰਬਾਣਾ ॥੧॥

## ਮਾਰੂ ਮਹਲਾ ੩, ਪੰਨਾ ੧੦੬੩

ਜੋ ਤੁਧੁ ਕਰਣਾ ਸੋ ਕਰਿ ਪਾਇਆ॥
ਭਾਣੇ ਵਿਚਿ ਕੋ ਵਿਰਲਾ ਆਇਆ॥
**ਭਾਣਾ ਮੰਨੇ ਸੋ ਸੁਖੁ ਪਾਏ ਭਾਣੇ ਵਿਚਿ ਸੁਖੁ ਪਾਇਦਾ॥੧॥**

## ਮਹਲਾ ੫ ਪੰਨਾ ੯੬੩

ਨਾਨਕ ਨਾਮੁ ਧਿਆਈਐ ਗੁਰੁ ਪੂਰਾ ਮਤਿ ਦੇਇ॥
**ਭਾਣੈ ਜਪ ਤਪ ਸੰਜਮੋ ਭਾਣੈ ਹੀ ਕਢਿ ਲੇਇ॥**

1. ਚੰਗਾ ਲਗਦਾ ਹੈ। 2. ਥਾਵਾਂ ਅੰਦਰ।



## ਭਾਈ ਗੁਰਦਾਸ ਜੀ
## ਵਾਰ ੧੨ ਪਉੜੀ ੩

ਹਉ ਤਿਸੁ ਵਿਟਹੁ[1] ਵਾਰਿਆ ਹੋਂਦੇ ਤਾਣਿ[2] ਜੁ ਹੋਇ ਨਿਤਾਣਾ।
ਹਉ ਤਿਸੁ ਵਿਟਹੁ ਵਾਰਿਆ ਹੋਂਦੇ ਮਾਣਿ ਜੁ ਰਹੈ ਨਿਮਾਣਾ।
**ਹਉ ਤਿਸੁ ਵਿਟਹੁ ਵਾਰਿਆ ਛੋਡਿ ਸਿਆਨਪ ਹੋਇ ਇਆਣਾ।**
ਹਉ ਤਿਸੁ ਵਿਟਹੁ ਵਾਰਿਆ ਖਸਮੈ ਦਾ ਭਾਵੈ ਜਿਸੁ ਭਾਣਾ।
ਹਉ ਤਿਸੁ ਵਿਟਹੁ ਵਾਰਿਆ ਗੁਰਮੁਖਿ ਮਾਰਗੁ ਦੇਖਿ ਲੁਭਾਣਾ।
ਹਉ ਤਿਸੁ ਵਿਟਹੁ ਵਾਰਿਆ ਚਲਣੁ ਜਾਣਿ ਜੁਗਤਿ ਮਿਹਮਾਣਾ।
ਦੀਨ ਦੁਨੀ ਦਰਗਹ ਪਰਵਾਣਾ॥੩॥

1. ਉਪਰੋਂ। 2. ਬਲ।

## ਰਾਮਕਲੀ ਕੀ ਵਾਰ ਮਹਲਾ ੫
## ਆਦਿ ਗ੍ਰੰਥ, ਪੰਨਾ ੯੬੨

**ਮ: ੫॥**

ਹੁਕਮਿ ਉਛਲੈ[1] ਹੁਕਮੇ ਰਹੈ[2] ॥
ਹੁਕਮੇ ਦੁਖੁ ਸੁਖੁ ਸਮ ਕਰਿ[3] ਸਹੈ[4] ॥
ਹੁਕਮੇ ਨਾਮੁ ਜਪੈ ਦਿਨੁ ਰਾਤਿ ॥
ਨਾਨਕ ਜਿਸ ਨੋ ਹੋਵੈ ਦਾਤਿ ॥
ਹੁਕਮਿ ਮਰੈ ਹੁਕਮੇ ਹੀ ਜੀਵੈ ॥
ਹੁਕਮੇ ਨਾਨ੍ਹਾ[5] ਵਡਾ ਥੀਵੈ[6] ॥
ਹੁਕਮੇ ਸੋਗ ਹਰਖ[7] ਆਨੰਦ ॥
ਹੁਕਮੇ ਜਪੈ ਨਿਰੋਧਰ[8] ਗੁਰਮੰਤ ॥
**ਹੁਕਮੇ ਆਵਣੁ ਜਾਣੁ ਰਹਾਏ ॥**
**ਨਾਨਕ ਜਾ ਕਉ ਭਗਤੀ ਲਾਏ ॥ ੨ ॥**

1. ਹੰਕਾਰ ਕਰਦਾ ਹੈ। 2. ਟਿਕਦਾ ਭਾਵ ਨਿਮਰਤਾ ਸਹਿਤ ਰਹਿੰਦਾ ਹੈ। 3. ਇਕੋ ਜਿਹਾ। 4. ਸਹਿੰਦਾ, ਸਹਾਰਦਾ ਹੈ। 5. ਛੋਟਾ। 6. ਹੁੰਦਾ ਹੈ। 7. ਖੁਸ਼ੀ। 8. ਜਿਸ ਉੱਪਰ ਕਿਸੇ ਮੰਤਰ ਦਾ ਅਸਰ ਨਾ ਹੋਵੇ।



## ਭਾਈ ਗੁਰਦਾਸ ਜੀ
## ਵਾਰ ੧੧ ਪਉੜੀ ੨

ਇਕਤੁ ਨੁਕਤੈ ਹੋਇ ਜਾਇ ਮੁਜਰਮੁ ਮੁਜਰਮੁ[1] ਖੈਰ ਖੁਆਰੀ।
ਮਸਤਾਨੀ ਵਿਚਿ ਮਸਲਤੀ[2] ਗੈਰ ਮਹਲਿ ਜਾਣਾ ਮਨੁ ਮਾਰੀ।
**ਗਲ ਨ ਬਾਹਰਿ ਨਿਕਲੈ ਹੁਕਮੀ ਬੰਦੇ ਕਾਰ ਕਰਾਰੀ[3]।**
ਗੁਰਮੁਖਿ ਸੁਖ ਫਲੁ ਪਿਰਮ ਰਸੁ ਦੇਹਿ ਬਿਦੇਹ ਵਡੇ ਵੀਚਾਰੀ।
ਗੁਰ ਮੂਰਤਿ ਗੁਰ ਸਬਦੁ ਸੁਣਿ ਸਾਧ ਸੰਗਤਿ ਆਸਣੁ ਨਿਰੰਕਾਰੀ।
ਆਦਿ ਪੁਰਖੁ ਆਦੇਸੁ ਕਰਿ ਅੰਮ੍ਰਿਤੁ ਵੇਲਾ ਸਬਦੁ ਆਹਾਰੀ।
ਅਵਿਗਤਿ ਗਤਿ ਅਗਾਧਿ ਬੋਧ ਅਕਥ ਕਥਾ ਅਸਗਾਹ ਅਪਾਰੀ।
ਸਹਨਿ ਅਵੱਟਣੁ[4] ਪਰਉਪਕਾਰੀ ॥ ੨ ॥

1. ਅਪਰਾਧੀ। 2. ਨੇਕ ਸਲਾਹ। 3. ਤੱਕੜੀ। 4. ਉਬਾਲੇ ਭਾਵ ਦੁੱਖ।

## ਰਾਗੁ ਸਿਰੀਰਾਗੁ ਮਹਲਾ ਪਹਿਲਾ ੧ ਘਰੁ ੧
## ਆਦਿ ਗ੍ਰੰਥ, ਪੰਨਾ ੧੪

ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ ॥
**ਕਸਤੂਰਿ[1] ਕੁੰਗੂ ਅਗਰਿ[2] ਚੰਦਨਿ ਲੀਪਿ ਆਵੈ ਚਾਉ ॥**
**ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੧ ॥**
ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ ॥ ੧ ॥ ਰਹਾਉ ॥
ਧਰਤੀ ਤ ਹੀਰੇ ਲਾਲ ਜੜਤੀ ਪਲਘਿ ਲਾਲ ਜੜਾਉ ॥
ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ ॥
**ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੨ ॥**
ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ ॥
ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ ॥
ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੩ ॥
ਸੁਲਤਾਨੁ ਹੋਵਾ ਮੇਲਿ[3] ਲਸਕਰ ਤਖਤਿ ਰਾਖਾ ਪਾਉ ॥
ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ ॥
**ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ ॥ ੪ ॥ ੧ ॥**

1. ਕੇਸਰ। 2. ਸੁਗੰਧੀ। 3. ਇਕੱਠਾ ਕਰਕੇ।



## ਭਾਈ ਗੁਰਦਾਸ ਜੀ
## ਵਾਰ ੩੮ ਪਉੜੀ ੪

**ਸੋਇਨਾ ਰੁਪਾ ਲਖ ਮਣਾ** ਲਖ ਭਰੇ ਭੰਡਾਰਾ।
**ਮੋਤੀ ਮਾਣਿਕ ਹੀਰਿਆਂ** ਬਹੁ ਮੋਲ ਅਪਾਰਾ।
ਦੇਸ ਵੇਸ[1] ਲਖ ਰਾਜ ਭਾਗ ਪਰਗਣੇ[2] ਹਜਾਰਾ।
ਰਿਧੀ ਸਿਧੀ ਜੋਗ ਭੋਗ ਅਭਰਣ[3] ਸੀਗਾਰਾ।
ਕਾਮਧੇਨੁ ਲਖ ਪਾਰਿਜਾਤਿ ਚਿੰਤਾਮਣਿ ਪਾਰਾ।
ਚਾਰ ਪਦਾਰਥ ਸਗਲ ਫਲ ਲਖ ਲੋਭ ਲੁਭਾਰਾ[4]।
**ਗੁਰ ਸਿਖ ਪੋਹ ਨ ਹੰਘਨੀ[5] ਸਾਧ ਸੰਗਿ ਉਧਾਰਾ ॥੪॥**

## ਵਾਰ ੩੮ ਪਉੜੀ ੫

... ... ... ...
ਲਖ ਮਾਇਆ ਲਖ ਮੋਹਿ ਮਿਲਿ ਹੋਇ ਮੁਦਈ ਦਾਵਾ।
**ਗੁਰੁ ਸਿਖ ਪੋਹਿ ਨ ਹੰਘਨੀ ਸਾਧ ਸੰਗੁ ਸੁਹਾਵਾ ॥੫॥**

1. ਪੁਸ਼ਾਕ। 2. ਇਲਾਕੇ। 3. ਗਹਿਣੇ। 4. ਉਦੇ ਹੋਣਾ। 5. ਸਕਣਾ।

## ਗੂਜਰੀ ਕੀ ਵਾਰ ਸਲੋਕੁ ਮ: ੩
## ਆਦਿ ਗ੍ਰੰਥ, ਪੰਨਾ ੫੧੪-੫੧੫

**ਵਾਹੁ ਵਾਹੁ** ਤਿਸ ਨੋ ਆਖੀਐ ਜਿ ਸਚਾ ਗਹਿਰ ਗੰਭੀਰੁ[1] ॥
**ਵਾਹੁ ਵਾਹੁ** ਤਿਸ ਨੋ ਆਖੀਐ ਜਿ ਗੁਣ ਦਾਤਾ ਮਤਿ[2] ਧੀਰੁ ॥
**ਵਾਹੁ ਵਾਹੁ** ਤਿਸ ਨੋ ਆਖੀਐ ਜਿ ਸਭ ਮਹਿ ਰਹਿਆ ਸਮਾਇ ॥
ਵਾਹੁ ਵਾਹੁ ਤਿਸ ਨੋ ਆਖੀਐ ਜਿ ਦੇਦਾ ਰਿਜਕੁ ਸਬਾਹਿ[3] ॥
ਨਾਨਕ **ਵਾਹੁ ਵਾਹੁ ਇਕੋ** ਕਰਿ ਸਾਲਾਹੀਐ ਜਿ ਸਤਿਗੁਰ ਦੀਆ ਦਿਖਾਇ ॥

### ਸਲੋਕ ਮ: ੩

**ਵਾਹੁ ਵਾਹੁ** ਕਰਤਿਆ ਰੈਣਿ ਸੁਖਿ ਵਿਹਾਇ ॥
**ਵਾਹੁ ਵਾਹੁ** ਕਰਤਿਆ ਸਦਾ ਅਨੰਦੁ ਹੋਵੈ ਮੇਰੀ ਮਾਇ ॥

### ਮ: ੩

**ਵਾਹੁ ਵਾਹੁ** ਕਰਤੀ ਰਸਨਾ ਸਬਦਿ ਸੁਹਾਈ ॥
ਪੂਰੈ ਸਬਦਿ ਪ੍ਰਭ ਮਿਲਿਆ ਆਈ ॥

### ਮ: ੩

**ਵਾਹੁ ਵਾਹੁ** ਗੁਰਮੁਖ ਸਦਾ ਕਰਹਿ ਮਨਮੁਖ ਮਰਹਿ ਬਿਖੁ ਖਾਇ ॥
ਓਨਾ **ਵਾਹੁ ਵਾਹੁ** ਨ ਭਾਵਈ ਦੁਖੇ ਦੁਖਿ ਵਿਹਾਇ ॥

1. ਸੰਜੀਦਾ। 2. ਮਤਿ ਕਰਕੇ। 3. ਸਾਰਾ।



## ਭਾਈ ਗੁਰਦਾਸ ਜੀ
## ਵਾਰ ੩੯ ਪਉੜੀ ੧੯

ਅਚਰਜ ਨੋ ਆਚਰਜੁ[1] ਹੈ ਅਚਰਜੁ ਹੋਵੰਦਾ।
ਵਿਸਮਾਦੈ ਵਿਸਮਾਦੁ ਹੈ ਵਿਸਮਾਦੁ ਰਹੰਦਾ।
ਹੈਰਾਣੈ ਹੈਰਾਣੁ ਹੈ ਹੈਰਾਣੁ ਕਰੰਦਾ।
ਅਬਿਗਤਹੁੰ ਅਬਿਗਤੁ[2] ਹੈ ਨਹਿੰ ਅਲਖੁ ਲਖੰਦਾ।
ਅਕਥਹੁੰ ਅਕਥ ਅਲੇਖੁ ਹੈ ਨੇਤਿ ਨੇਤਿ ਸੁਣੰਦਾ।
**ਗੁਰਮੁਖਿ ਸੁਖਫਲੁ ਪਿਰਮ ਰਸੁ ਵਾਹੁ ਵਾਹੁ ਚਵੰਦਾ[3] ॥੧੯॥**

1. ਅਸਚਰਜ ਤੋਂ ਵੱਡਾ ਅਚਰਜ। 2. ਜਿਸ ਦੀ ਗਤੀ ਨਾ ਲਖੀ ਹੋਵੇ। 3. ਕਹਿੰਦਾ ਹੈ।

## ਸਿਰੀਰਾਗੁ ਮਹਲਾ ੫
## ਆਦਿ ਗ੍ਰੰਥ, ਪੰਨਾ ੭੩-੭੪

ਮੈ ਸੁਖੀ ਹੂੰ ਸੁਖੁ ਪਾਇਆ ॥
ਗੁਰਿ ਅੰਤਰਿ ਸਬਦੁ ਵਸਾਇਆ ॥
ਸਤਿਗੁਰਿ ਪੁਰਖਿ ਵਿਖਾਲਿਆ
ਮਸਤਕਿ ਧਰਿ ਕੈ ਹਥੁ ਜੀਉ ॥੯॥
ਮੈ ਬਧੀ ਸਚੁ ਧਰਮ ਸਾਲ ਹੈ ॥
ਗੁਰਸਿਖਾ ਲਹਦਾ ਭਾਲਿ ਕੈ ॥
ਪੈਰ ਧੋਵਾ ਪਖਾ ਫੇਰਦਾ
ਤਿਸੁ ਨਿਵਿ ਨਿਵਿ ਲਗਾ ਪਾਇ ਜੀਉ ॥੧੦॥
ਸੁਣਿ ਗਲਾ ਗੁਰ ਪਹਿ ਆਇਆ ॥
ਨਾਮੁ ਦਾਨੁ[1] ਇਸਨਾਨੁ ਦਿੜਾਇਆ ॥
ਸਭੁ ਮੁਕਤੁ ਹੋਆ ਸੈਸਾਰੜਾ
ਨਾਨਕ ਸਚੀ ਬੇੜੀ ਚਾੜਿ ਜੀਉ ॥੧੧॥
ਸਭ ਸ੍ਰਿਸਟਿ ਸੇਵੇ ਦਿਨੁ ਰਾਤਿ ਜੀਉ ॥
ਦੇ ਕੰਨੁ[2] ਸੁਣਹੁ ਅਰਦਾਸਿ ਜੀਉ ॥
**ਠੋਕਿ ਵਜਾਇ[3] ਸਭ ਡਿਠੀਆ**
**ਤੁਸਿ ਆਪੇ ਲਇਅਨੁ ਛਡਾਇ ਜੀਉ ॥੧੨॥**

1. ਆਪ ਸਿਮਰਨ ਕਰਕੇ ਹੋਰਨਾਂ ਨੂੰ ਨਾਮ ਦਾ ਉਪਦੇਸ਼ ਦੇਣਾ। 2. ਧਿਆਨ ਨਾਲ। 3. ਚੰਗੀ ਤਰ੍ਹਾਂ ਦੇਖ ਪਰਖ ਕੇ। 4. ਪ੍ਰਸੰਨ ਹੋ ਕੇ।



## ਭਾਈ ਗੁਰਦਾਸ ਜੀ
## ਵਾਰ ੩੯ ਪਉੜੀ ੨੦

ਪੀਉ ਦੇ ਨਾਂਹ ਪਿਆਰ ਤੁਲਿ ਨਾ ਫੁਫੀ ਨਾ ਪਿਤੀਏ ਤਾਏ।
ਮਾਊ ਹੇਤੁ ਨ ਪੁਜਨੀ ਹੇਤੁ ਨ ਮਾਮੇ ਮਾਸੀ ਜਾਏ।
ਅੰਬਾਂ ਸਧਰ ਨ ਉਤਰੈ ਆਨਿ ਅੰਬਾਕੜੀਆਂ[1] ਜੇ ਖਾਏ।
ਮੂਲੀ ਪਾਨ ਪਟੰਤਰਾ[2] ਵਾਸੁ ਡਿਕਾਰੁ ਪਰਗਟੀਆਏ।
ਸੂਰਜ ਚੰਦ ਨ ਪੁਜਨੀ ਦੀਵੇ ਲਖ ਤਾਰੇ ਚਮਕਾਏ।
ਰੰਗ ਮਜੀਠ ਕੁਸੁੰਭ ਦਾ ਸਦਾ ਸਥੋਈ[3] ਵੇਸੁ ਵਟਾਏ[4]।
ਸਤਿਗੁਰੁ ਤੁਲਿ ਨ ਮਿਹਰਵਾਨ ਮਾਤ ਪਿਤਾ ਨ ਦੇਵ ਸਬਾਏ।
**ਡਿਠੇ ਸਭੇ ਠੋਕਿ ਵਜਾਏ।੨੦॥**

## ਵਾਰ ੩੯ ਪਉੜੀ ੨੧

**ਮਾਪੇ ਹੇਤੁ ਨ ਪੁਜਨੀ ਸਤਿਗੁਰ ਹੇਤੁ ਸੁਚੇਤ ਸਹਾਈ।**
... ... ... ...

1. ਅੰਬੀਆਂ ਦੇ ਸੁੱਕੇ ਛਿੱਲ। 2. ਫਰਕ। 3. ਸਾਥੀ। 4. ਬਦਲ ਜਾਂਦਾ ਹੈ (ਕੁਸੰਭਾ)।

## ਸਲੋਕ ਭਗਤ ਕਬੀਰ ਜੀਉ ਕੇ
## ਆਦਿ ਗ੍ਰੰਥ, ਪੰਨਾ ੧੩੬੪
## ੴ ਸਤਿਗੁਰ ਪ੍ਰਸਾਦਿ॥

**ਕਬੀਰ ਸਾਕਤੁ ਐਸਾ ਹੈ ਜੈਸੀ ਲਸਨ ਕੀ ਖਾਨਿ॥**
**ਕੋਨੇ ਬੈਠੇ ਖਾਈਐ ਪਰਗਟ ਹੋਇ ਨਿਦਾਨਿ॥ ੧੭॥**

ਕਬੀਰ ਪਾਪੀ ਭਗਤਿ ਨ ਭਾਵਈ ਹਰਿ ਪੂਜਾ ਨ ਸੁਹਾਇ॥
ਮਾਖੀ ਚੰਦਨੁ ਪਰਹਰੈ ਜਿਹ ਬਿਗੰਧ ਤਹ ਜਾਇ॥ ੬੮॥

ਕਬੀਰ ਮਾਰੀ ਮਰਉ ਕੁਸੰਗ ਕੀ ਕੇਲੇ ਨਿਕਟਿ ਜੁ ਬੇਰਿ॥
ਉਹ ਝੂਲੈ ਉਹ ਚੀਰੀਐ ਸਾਕਤ ਸੰਗੁ ਨ ਹੇਰਿ॥ ੮੮॥

ਕਬੀਰ ਸੰਗਤਿ ਕਰੀਐ ਸਾਧ ਕੀ ਅੰਤਿ ਕਰੈ ਨਿਰਬਾਹੁ॥
ਸਾਕਤ ਸੰਗੁ ਨ ਕੀਜੀਐ ਜਾ ਤੇ ਹੋਇ ਬਿਨਾਹੁ[1]॥ ੯੩॥

## ਦੇਵਗੰਧਾਰੀ ਮਹਲਾ ੫ ਪੰਨਾ ੫੩੫-੩੬

ਉਲਟੀ ਰੇ ਮਨ ਉਲਟੀ ਰੇ॥
**ਸਾਕਤ ਸਿਉ ਕਰਿ ਉਲਟੀ ਰੇ॥**
ਝੂਠੈ ਕੀ ਰੇ ਝੂਠ ਪਰੀਤਿ ਛੁਟਕੀ ਰੇ ਮਨ ਛੁਟਕੀ ਰੇ॥ ੧॥

## ਪੰਨਾ ੧੩੬੫

ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ॥
ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ॥

1. ਨਾਸ।



## ਭਾਈ ਗੁਰਦਾਸ ਜੀ
## ਵਾਰ ੬ ਪਉੜੀ ੨੦

ਸੀਸੁ ਨਿਵਾਏ ਢੀਂਗੁਲੀ[1] ਗਲਿ ਬੰਧੇ ਜਲੁ ਉਚਾ ਆਵੈ।
ਘੁਘੂ[2] ਸੁਝੁ[3] ਨ ਸੁਝਈ ਚਕਈ ਚੰਦੁ ਨ ਡਿਠਾ ਭਾਵੈ।
ਸਿੰਬਲ ਬਿਰਖੁ ਨ ਸਫਲੁ ਹੋਇ ਚੰਦਨ ਵਾਸੁ ਨ ਵਾਂਸਿ ਸਮਾਵੈ।
ਸਪੈ ਦੁਧੁ ਪੀਆਲੀਐ ਤੁਮੇ ਦਾ ਕਉੜਤੁ ਨ ਜਾਵੈ।
ਜਿਉ ਥਣਿ ਚੰਬੜਿ ਚਿਚੁੜੀ ਲੋਹੂ ਪੀਐ ਦੁਧੁ ਨ ਖਾਵੈ।
ਸਬ ਅਵਗੁਣ ਮੈ ਤਨਿ ਵਸਨਿ ਗੁਣ ਕੀਤੇ ਅਵਗੁਣ ਨੋ ਧਾਵੈ।
**ਥੋਮ ਨ ਵਾਸੁ ਕਥੂਰੀ[4] ਆਵੈ॥੨੦॥**

1. ਪਾਣੀ ਦਾ ਯੰਤਰ। 2. ਉੱਲੂ। 3. ਸੂਰਜ। 4. ਕਸਤੂਰੀ।

## ਸਲੋਕ ਮਹਲਾ ੫
## ਆਦਿ ਗ੍ਰੰਥ, ਪੰਨਾ ੫੨੨

ਕਿਲਵਿਖ[1] ਸਭੇ ਉਤਰਨਿ ਨੀਤ ਨੀਤ ਗੁਣ ਗਾਉ ॥
ਕੋਟਿ ਕਲੇਸਾ ਊਪਜਹਿ ਨਾਨਕ ਬਿਸਰੈ ਨਾਉ ॥੧॥

**ਮਃ ੫ ॥**

**ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥**
**ਹਸੰਦਿਆ ਖੇਲੰਦਿਆ ਪੈਨੰਦਿਆ ਖਾਵੰਦਿਆ**
**ਵਿਚੇ ਹੋਵੈ ਮੁਕਤਿ ॥੨॥**

**ਪਉੜੀ ॥**

ਸੋ ਸਤਿਗੁਰੁ ਧਨੁ ਧੰਨੁ ਜਿਨਿ ਭਰਮ ਗੜੁ[2] ਤੋੜਿਆ ॥
ਸੋ ਸਤਿਗੁਰੁ ਵਾਹੁ ਵਾਹੁ ਜਿਨਿ ਹਰਿ ਸਿਉ ਜੋੜਿਆ ॥
ਨਾਮੁ ਨਿਧਾਨੁ ਅਖੁਟੁ ਗੁਰੁ ਦੇਇ ਦਾਰੂਓ[3] ॥
ਮਹਾ ਰੋਗੁ ਬਿਕਰਾਲ[4] ਤਿਨੈ ਬਿਦਾਰੂਓ[5] ॥
ਪਾਇਆ ਨਾਮੁ ਨਿਧਾਨੁ ਬਹੁਤੁ ਖਜਾਨਿਆ ॥
ਜਿਤਾ ਜਨਮੁ ਅਪਾਰੁ ਆਪੁ ਪਛਾਨਿਆ ॥
ਮਹਿਮਾ ਕਹੀ ਨ ਜਾਇ ਗੁਰ ਸਮਰਥ ਦੇਵ ॥
ਗੁਰ ਪਾਰਬ੍ਰਹਮ ਪਰਮੇਸੁਰ ਅਪਰੰਪਰ[6] ਅਲਖ ਅਭੇਵ ॥੧੯॥

1. ਪਾਪ। 2. ਭਰਮ ਦਾ ਕਿਲ੍ਹਾ। 3. ਦਵਾਈ। 4. ਡਰਾਉਣਾ ਜਾਂ ਭਿਆਨਕ। 5. ਦੂਰ ਕੀਤੇ ਹਨ। 6. ਜਿਸ ਦਾ ਪਾਰ ਨਹੀਂ।



## ਭਾਈ ਗੁਰਦਾਸ ਜੀ
## ਵਾਰ ੧੯ ਪਉੜੀ ੯

ਪਾਰਸੁ ਪਥਰੁ ਆਖੀਐ ਲੁਕਿਆ ਰਹੈ ਨ ਆਪੁ ਜਣਾਏ।
ਵਿਰਲਾ ਕੋਇ ਸਿਞਾਣਦਾ ਖੋਜੀ ਖੋਜਿ ਲਏ ਸੋ ਪਾਏ।
ਪਾਰਸੁ ਪਰਸਿ ਅਪਰਸੁ[1] ਹੋਇ ਅਸਟਧਾਤੁ ਇਕ ਧਾਤੁ ਕਰਾਏ।
ਬਾਰਹ ਵੰਨੀ ਹੋਇਕੈ ਕੰਚਨੁ[2] ਮੁਲਿ ਅਮੁਲਿ ਵਿਕਾਏ।
ਗੁਰਮੁਖਿ ਸੁਖਫਲ ਸਾਧਸੰਗੁ ਸਬਦ ਸੁਰਤਿ ਲਿਵ ਅਘੜ[3] ਘੜਾਏ।
ਚਰਣ ਸਰਣਿ ਲਿਵਲੀਣੁ ਹੋਇ ਸੈਂਸਾਰੀ ਨਿਰੰਕਾਰੀ ਭਾਏ।
**ਘਰਿ ਬਾਰੀ ਹੋਇ ਨਿਜ ਘਰਿ ਜਾਏ ॥੯॥**

1. ਨੀਚ ਧਾਤੁ। 2. ਸੋਨਾ। 3. ਜੋ ਨਾ ਘੜਿਆ ਜਾਵੇ।

## ਸਿਰੀਰਾਗੁ ਮਹਲਾ ੧
## ਆਦਿ ਗ੍ਰੰਥ, ਪੰਨਾ ੧੬-੧੭

ਸਭਿ ਰਸ ਮਿਠੇ ਮੰਨਿਐ ਸੁਣਿਐ ਸਾਲੋਣੇ ॥
**ਖਟ ਤੁਰਸੀ ਮੁਖਿ ਬੋਲਣਾ ਮਾਰਣ ਨਾਦ[1] ਕੀਏ ॥**
**ਛਤੀਹ ਅੰਮ੍ਰਿਤ ਭਾਉ ਏਕੁ ਜਾ ਕਉ ਨਦਰਿ ਕਰੇਇ ॥ ੧ ॥**
ਬਾਬਾ ਹੋਰੁ ਖਾਣਾ ਖੁਸੀ ਖੁਆਰੁ ॥
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ ੧ ॥ ਰਹਾਉ ॥
ਰਤਾ ਪੈਨਣੁ ਮਨੁ ਰਤਾ ਸੁਪੇਦੀ ਸਤੁ ਦਾਨੁ ॥
ਨੀਲੀ ਸਿਆਹੀ ਕਦਾ ਕਰਣੀ ਪਹਿਰਣੁ ਪੈਰ ਧਿਆਨੁ ॥
ਕਮਰਬੰਦੁ ਸੰਤੋਖ ਕਾ ਧਨੁ ਜੋਬਨੁ ਤੇਰਾ ਨਾਮੁ ॥ ੨ ॥
ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥
ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ ੧ ॥ ਰਹਾਉ ॥
ਘੋੜੇ ਪਾਖਰ[2] ਸੁਇਨੇ ਸਾਖਤਿ[3] ਬੂਝਣੁ ਤੇਰੀ ਵਾਟ ॥
ਤਰਕਸ[4] ਤੀਰ ਕਮਾਣ ਸਾਂਗ ਤੇਗਬੰਦ ਗੁਣ ਧਾਤੁ[5] ॥
ਵਾਜਾ ਨੇਜਾ ਪਤਿ ਸਿਉ ਪਰਗਟੁ ਕਰਮੁ[6] ਤੇਰਾ ਮੇਰੀ ਜਾਤਿ ॥ ੩ ॥
ਬਾਬਾ ਹੋਰੁ ਚੜਣਾ ਖੁਸੀ ਖੁਆਰੁ ॥
ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ ੧ ॥ ਰਹਾਉ ॥
ਘਰ ਮੰਦਰ ਖੁਸੀ ਨਾਮ ਕੀ ਨਦਰਿ ਤੇਰੀ ਪਰਵਾਰੁ ॥
ਹੁਕਮੁ ਸੋਈ ਤੁਧੁ ਭਾਵਸੀ ਹੋਰੁ ਆਖਣੁ ਬਹੁਤੁ ਅਪਾਰੁ ॥
ਨਾਨਕ ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ ॥ ੪ ॥
ਬਾਬਾ ਹੋਰੁ ਸਉਣਾ ਖੁਸੀ ਖੁਆਰੁ ॥
ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥ ੧ ॥ ਰਹਾਉ ॥ ੪ ॥

1. ਨਾਮ ਦੀ ਧੁਨੀ। 2. ਕਾਠੀ। 3. ਦਮਚੀ। 4. ਭੱਥਾ। 5. ਗੁਣਾਂ ਵੱਲ ਧਾਣਾ। 6. ਮਿਹਰ।



## ਭਾਈ ਗੁਰਦਾਸ ਜੀ
## ਵਾਰ ੧੭ ਪਉੜੀ ੮

**ਖਟੁ ਰਸ ਮਿਠ ਰਸ ਮੇਲਿਕੈ ਛਤੀਹ ਭੋਜਨ ਹੋਨਿ ਰਸੋਈ।**
ਜੇਵਣਿਵਾਰ[1] ਜਿਵਾਲੀਐ ਚਾਰਿ ਵਰਨ ਛਿਅ ਦਰਸਨ ਲੋਈ।
ਤ੍ਰਿਪਤਿ ਭੁਗਤਿ ਕਰਿ ਹੋਇ ਜਿਸੁ ਜਿਹਬਾ ਸਾਉ ਸਿਵਾਣੈ ਸੋਈ।
ਕੜਛੀ ਸਾਉ ਨ ਸੰਭਲੈ ਛਤੀਹ ਬਿੰਜਨ[2] ਵਿਚਿ ਸੰਜੋਈ।
ਰਤੀ[3] ਰਤਕ ਨਾ ਰਲੈ ਰਤਨਾ ਅੰਦਰਿ ਹਾਰਿ ਪਰੋਈ।
**ਸਾਧ ਸੰਗਤਿ ਗੁਰੁ ਸਬਦੁ ਸੁਣਿ ਗੁਰ ਉਪਦੇਸੁ ਆਵੇਸੁ[4] ਨ ਹੋਈ।**
**ਕਪਟ ਸਨੇਹਿ ਨ ਦਰਗਹ ਢੋਈ ॥ ੮ ॥**

1. ਰਸੋਈਆ। 2. ਭੋਜਨ। 3. ਲਾਲ। 4. ਦ੍ਰਿੜ੍ਹ।

## ਸਲੋਕ ਮਹਲਾ ੪
## ਆਦਿ ਗ੍ਰੰਥ, ਪੰਨਾ ੩੧੬

**ਮਨਮੁਖ ਮੂਲਹੁ ਭੁਲਿਆ**
**ਵਿਚਿ ਲਬੁ ਲੋਭੁ ਅਹੰਕਾਰੁ ॥**
ਝਗੜਾ ਕਰਦਿਆ ਅਨਦਿਨੁ ਗੁਦਰੈ
ਸਬਦਿ ਨ ਕਰੈ ਵੀਚਾਰੁ ॥
ਸੁਧਿ[1] ਮਤਿ ਕਰਤੈ ਸਭ ਹਿਰਿ[2] ਲਈ
ਬੋਲਨਿ ਸਭੁ ਵਿਕਾਰੁ ॥
ਦਿਤੈ ਕਿਤੈ ਨ ਸੰਤੋਖੀਅਹਿ[3]
ਅੰਤਰਿ ਤਿਸਨਾ ਬਹੁ ਅਗਿਆਨੁ ਅੰਧਾਰੁ ॥
**ਨਾਨਕ ਮਨਮੁਖਾ ਨਾਲਹੁ ਤੁਟੀ ਭਲੀ**
**ਜਿਨਾ ਮਾਇਆ ਮੋਹ ਪਿਆਰੁ ॥ ੧ ॥**

## ਸਲੋਕ ਮਹਲਾ ੪ ਪੰਨਾ ੩੧੩

**ਮਨਮੁਖ ਪ੍ਰਾਣੀ ਮੁਗਧੁ ਹੈ**
**ਨਾਮਹੀਣ ਭਰਮਾਇ ॥**

1. ਸੋਝੀ। 2. ਖੋਹ ਲਈ। 3. ਕਿਸੇ ਵੀ ਦਾਤ ਨਾਲ ਤ੍ਰਿਪਤੀ ਨਹੀਂ।



## ਭਾਈ ਗੁਰਦਾਸ ਜੀ
## ਵਾਰ ੧੭ ਪਉੜੀ ੬

ਸੂਰਜੁ ਜੋਤਿ ਉਦੋਤਿ[1] ਕਰਿ ਚਾਨਣੁ ਕਰੈ ਅਨੇਰੁ ਗਵਾਏ।
ਕਿਰਤ ਵਿਰਤਿ[2] ਜਗ ਵਰਤਮਾਨ ਸਭਨਾਂ ਬੰਧਨ ਮੁਕਤਿ ਕਰਾਏ।
ਪਸੁ ਪੰਖੀ ਮਿਰਗਾਵਲੀ ਭਾਖਿਆ ਭਾਉ ਅਲਾਉ ਸੁਣਾਏ।
ਬਾਂਗਾਂ ਬੁਰਗੂ[3] ਸਿੰਙੀਆਂ ਨਾਦ ਬਾਦ ਨੀਸਾਣ[4] ਵਜਾਏ।
ਘੁਘੂ[5] ਸੁਝੁ[6] ਨ ਸੁਝਈ ਜਾਇ ਉਜਾੜੀ ਝਥਿ[7] ਵਲਾਏ[8]।
**ਸਾਧ ਸੰਗਤਿ ਗੁਰ ਸਬਦੁ ਸੁਣਿ ਭਾਉ ਭਗਤਿ ਮਨਿ ਭਉ ਨ ਵਸਾਏ।**
**ਮਨਮੁਖ ਬਿਰਥਾ ਜਨਮੁ ਗਵਾਏ ॥ ੬ ॥**

1. ਉਦਯ ਕਰਕੇ। 2. ਉਪਜੀਵਕਾ। 3. ਕਾਜ਼ੀ। 4. ਨਗਾਰੇ। 5. ਉੱਲੂ। 6. ਸੂਰਜ। 7. ਝੱਟ, ਸਮਾਂ। 8. ਕੱਟਦਾ ਹੈ।

## ਤਿਲੰਗ ਬਾਣੀ ਭਗਤਾ ਕੀ ਕਬੀਰ ਜੀ
## ਆਦਿ ਗ੍ਰੰਥ, ਪੰਨਾ ੭੨੭

**ਬੇਦ[1] ਕਤੇਬ[2] ਇਫਤਰਾ[3] ਭਾਈ ਦਿਲ ਕਾ ਫਿਕਰੁ ਨ ਜਾਇ ॥**
ਟੁਕੁ ਦਮੁ[4] ਕਰਾਰੀ[5] ਜਉ ਕਰਹੁ ਹਾਜਿਰ[6] ਹਜੂਰਿ ਖੁਦਾਇ ॥ ੧ ॥
ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ ॥
ਇਹ ਜੁ ਦੁਨੀਆ ਸਿਹਰੁ ਮੇਲਾ[7] ਦਸਤਗੀਰੀ ਨਾਹਿ ॥ ੧ ॥ ਰਹਾਉ ॥
ਦਰੋਗੁ ਪੜਿ ਪੜਿ ਖੁਸੀ ਹੋਇ ਬੇਖਬਰ ਬਾਦੁ ਬਕਾਹਿ ॥
ਹਕੁ ਸਚੁ ਖਾਲਕੁ ਖਲਕ ਮਿਆਨੇ ਸਿਆਮ ਮੂਰਤਿ ਨਾਹਿ ॥ ੨ ॥
ਅਸਮਾਨ ਮ੍ਯ੍ਯਿਾਨੇ ਲਹੰਗ ਦਰੀਆ ਗੁਸਲ ਕਰਦਨ ਬੂਦ ॥
ਕਰਿ ਫਕਰੁ ਦਾਇਮ[8] ਲਾਇ ਚਸਮੇ ਜਹ ਤਹਾ ਮਉਜੂਦੁ ॥ ੩ ॥
ਅਲਾਹ ਪਾਕੰ ਪਾਕ ਹੈ ਸਕ ਕਰਉ ਜੇ ਦੂਸਰ ਹੋਇ ॥
**ਕਬੀਰ ਕਰਮੁ[9] ਕਰੀਮ[10] ਕਾ ਉਹੁ ਕਰੈ ਜਾਨੈ ਸੋਇ ॥ ੪ ॥ ੧ ॥**

1. ਚਾਰ ਵੇਦ। 2. ਮੁਸਲਮਾਨੀ ਧਰਮ ਪੁਸਤਕਾਂ। 3. ਬਨਾਵਟ, ਝੂਠੇ। 4. ਰਤੀ ਭਰ। 5. ਟਿਕਾਉ। 6. ਪਰਤਖ 7. ਜਾਦੂ ਰੂਪੀ ਖੇਲ। 8. ਪੈ ਕੇ। 9. ਬਖਸ਼ਿਸ਼। 10. ਬਖਸ਼ਿਸ਼ ਕਰਨ ਵਾਲਾ।



## ਭਾਈ ਗੁਰਦਾਸ ਜੀ
## ਵਾਰ ੧ ਪਉੜੀ ੧੯

ਭਈ ਗਿਲਾਨਿ ਜਗਤ੍ਰਿ ਵਿਚਿ ਚਾਰਿ ਵਰਨਿ ਆਸ੍ਰਮ ਉਪਾਏ।
ਦਸਿ ਨਾਮਿ ਸੰਨਿਆਸੀਆ ਜੋਗੀ ਬਾਰਹ ਪੰਥਿ ਚਲਾਏ।
ਜੰਗਮ ਅਤੇ ਸਰੇਵੜੇ ਦਗੇ ਦਿਗੰਬਰਿ ਵਾਦਿ ਕਰਾਏ।
ਬ੍ਰਹਮਣਿ ਬਹੁ ਪਰਕਾਰਿ ਕਰਿ ਸਾਸਤ੍ਰਿ ਵੇਦ ਪੁਰਾਣਿ ਲੜਾਏ।
ਖਟੁ ਦਰਸਨ ਬਹੁ ਵੈਰਿ ਕਰਿ ਨਾਲਿ ਛਤੀਸਿ ਪਖੰਡ ਰਲਾਏ।
**ਤੰਤ ਮੰਤ ਰਾਸਾਇਣਾ ਕਰਾਮਾਤਿ ਕਾਲਖਿ ਲਪਟਾਏ।**
**ਏਕਸਿ ਤੇ ਬਹੁ ਰੂਪਿ ਕਰਿ ਰੂਪਿ ਕੁਰੂਪੀ ਘਣੇ ਦਿਖਾਏ।**
**ਕਲਿਜੁਗਿ ਅੰਦਰਿ ਭਰਮ ਭੁਲਾਏ ॥ ੧੯ ॥**

## ਵਾਰ ੮ ਪਉੜੀ ੭

... ... ... ...
**ਸਿਖਾ ਸੂਤ੍ਰਿ ਮਾਲਾ ਤਿਲਕ ਪਿਤਰ ਕਰਮ ਦੇਵ ਕਰਮ ਕਮਾਇਆ।**
ਪੁੰਨ ਦਾਨ ਉਪਦੇਸੁ ਦਿੜਾਇਆ ॥ ੭ ॥

## ਗੋਂਡ ਰਵਿਦਾਸ ਜੀ
## ਆਦਿ ਗ੍ਰੰਥ, ਪੰਨਾ ੮੭੫

ਜੇ ਓਹੁ ਅਠਸਿਠ ਤੀਰਥ ਨ੍ਹਾਵੈ॥
ਜੇ ਓਹੁ ਦੁਆਦਸ ਸਿਲਾ[1] ਪੂਜਾਵੈ॥
ਜੇ ਓਹੁ ਕੂਪ[2] ਤਟਾ ਦੇਵਾਵੈ॥
ਕਰੈ ਨਿੰਦ ਸਭ ਬਿਰਥਾ ਜਾਵੈ॥੧॥
ਸਾਧ ਕਾ ਨਿੰਦਕੁ ਕੈਸੇ ਤਰੈ॥
ਸਰਪਰ[3] ਜਾਨਹੁ ਨਰਕ ਹੀ ਪਰੈ॥੧॥ ਰਹਾਉ॥
ਜੇ ਓਹੁ ਗ੍ਰਹਨ ਕਰੈ[4] ਕੁਲਖੇਤਿ[5]॥
ਅਰਪੈ ਨਾਰਿ ਸੀਗਾਰ ਸਮੇਤਿ॥
ਸਗਲੀ ਸਿੰਮ੍ਰਿਤਿ ਸ੍ਰਵਨੀ ਸੁਨੈ॥
ਕਰੈ ਨਿੰਦ ਕਵਨੈ ਨਹੀ ਗੁਨੈ॥੨॥
ਜੇ ਓਹੁ ਅਨਿਕ ਪ੍ਰਸਾਦ ਕਰਾਵੈ॥
ਭੂਮਿ ਦਾਨ ਸੋਭਾ ਮੰਡਪਿ ਪਾਵੈ॥
ਅਪਨਾ ਬਿਗਾਰਿ[6] ਬਿਰਾਂਨਾ[7] ਸਾਂਢੈ[8]॥
ਕਰੈ ਨਿੰਦ ਬਹੁ ਜੋਨੀ ਹਾਂਢੈ॥੩॥
**ਨਿੰਦਾ ਕਹਾ ਕਰਹੁ ਸੰਸਾਰਾ॥**
**ਨਿੰਦਕ ਕਾ ਪਰਗਟਿ ਪਾਹਾਰਾ॥**
ਨਿੰਦਕੁ ਸੋਧਿ ਸਾਧਿ ਬੀਚਾਰਿਆ॥
ਕਹੁ ਰਵਿਦਾਸ ਪਾਪੀ ਨਰਕਿ ਸਿਧਾਰਿਆ॥ ੪॥੨॥

1. ਬਾਰਾਂ ਸ਼ਿਵਲਿੰਗ। 2. ਖੂਹ। 3. ਜ਼ਰੂਰ ਹੀ. 4. ਗ੍ਰਹਿਣ ਦੇ ਮੌਕੇ ’ਤੇ ਇਸ਼ਨਾਨ ਕਰੇ। 5. ਕੁਰਕਸ਼ੇਤਰ। 6. ਵਿਗਾੜ ਕੇ। 7. ਬੇਗਾਨਾ। 8. ਸਵਾਰੈ।



## ਭਾਈ ਗੁਰਦਾਸ ਜੀ
## ਵਾਰ ੩੦ ਪਉੜੀ ੮

ਸੁਹਣੇ[1] ਸਾਮਰਤਖ ਜਿਉ ਕੂੜੁ ਸਚੁ ਵਰਤੈ ਵਰਤਾਰਾ[2]।
**ਹਰਿ ਚੰਦਉਰੀ ਨਗਰ ਵਾਂਗੁ ਕੂੜੁ ਸਚੁ ਪਰਗਟੁ ਪਾਹਾਰਾ[3]।**
ਨਦੀ ਪਛਾਵਾਂ ਮਾਣਸਾ ਸਿਰ ਤਲਵਾਇਆ ਅੰਬਰੁ ਤਾਰਾ।
ਧੂਅਰੁ[4] ਧੁੰਧੂਕਾਰੁ ਹੋਇ ਤੁਲਿ ਨ ਘਣਹਰਿ[5] ਵਰਸਣ ਹਾਰਾ।
ਸਾਉ ਨ ਸਿਮਰਣਿ ਸੰਕਰੈ[6] ਦੀਪਕ ਬਾਝੁ ਨ ਮਿਟੈ ਅੰਧਾਰਾ।
ਲੜੈ ਨ ਕਾਗਲਿ ਲਿਖਿਆ ਚਿਤੁ ਚਿਤੇਰੇ ਸੈ ਹਥੀਆਰਾ।
ਸਚੁ ਕੂੜੁ ਕਰਤੂਤਿ ਵੀਚਾਰਾ॥੮॥

## ਵਾਰ ੪ ਪਉੜੀ ੫

... ... ... ...

**ਦੀਪਕ ਹੇਤੁ ਪਤੰਗ ਦਾ ਕਵਲ ਭਵਰ ਪਰਗਟੁ ਪਾਹਾਰਾ।**

1. ਸੁਪਨੇ ਵਿਖੇ। 2. ਖੇਲ। 3. ਪਹਾੜ। 4. ਧੂੰਏਂ ਵਾਲਾ, ਹਨ੍ਹੇਰਾ। 5. ਬੱਦਲ। 6. ਸ਼ੰਕਰ ਦੇ।

## ਕਾਨੜੇ ਕੀ ਵਾਰ ਮਹਲਾ ੪
## ਆਦਿ ਗ੍ਰੰਥ, ਪੰਨਾ ੧੩੧੫-੧੬
## ਪਉੜੀ

**ਪੰਚੇ ਸਬਦ ਵਜੇ ਮਤਿ ਗੁਰਮਤਿ**
**ਵਡਭਾਗੀ ਅਨਹਦੁ ਵਜਿਆ ॥**
ਆਨਦ ਮੂਲੁ ਰਾਮੁ ਸਭੁ ਦੇਖਿਆ
ਗੁਰ ਸਬਦੀ[1] ਗੋਵਿਦੁ ਗਜਿਆ[2] ॥
ਆਦਿ ਜੁਗਾਦਿ ਵੇਸੁ ਹਰਿ ਏਕੋ
ਮਤਿ ਗੁਰਮਤਿ ਹਰਿ ਪ੍ਰਭੁ ਭਜਿਆ ॥
ਹਰਿ ਦੇਵਹੁ ਦਾਨੁ ਦਇਆਲ ਪ੍ਰਭ
ਜਨ ਰਾਖਹੁ ਹਰਿ ਪ੍ਰਭ ਲਜਿਆ ॥
ਸਭਿ ਧੰਨੁ ਕਹਹੁ ਗੁਰੁ ਸਤਿਗੁਰੂ ਗੁਰੁ ਸਤਿਗੁਰੂ
ਜਿਤੁ ਮਿਲਿ ਹਰਿ ਪੜਦਾ ਕਜਿਆ ॥ ੭ ॥

1. ਗੁਰ ਮੰਤਰ ਦੁਆਰਾ। 2. ਗੂੰਜ ਪਈ।



## ਭਾਈ ਗੁਰਦਾਸ ਜੀ
## ਵਾਰ ੨੨ ਪਉੜੀ ੫

ਕੇਵਡੁ ਆਖਾ ਸਚੁ ਸਚੇ ਭਾਇਆ।
ਕੇਵਡੁ ਹੋਆ ਪਉਣੁ ਫਿਰੈ ਚਉਵਾਇਆ[1]।
ਚੰਦਣ ਵਾਸੁ ਨਿਵਾਸੁ ਬਿਰਖ ਬੋਹਾਇਆ[2]।
ਖਹਿ ਖਹਿ ਵੰਸੁ ਗਵਾਇ ਵਾਂਸੁ ਜਲਾਇਆ।
ਸਿਵ ਸਕਤੀ ਸਹਲੰਗੁ[3] ਅੰਗੁ ਜਣਾਇਆ।
ਕੋਇਲ ਕਾਉ ਨਿਆਉ ਬਚਨ ਸੁਣਾਇਆ।
ਖਾਣੀ ਬਾਣੀ ਚਾਰਿ ਸਾਹ ਗਣਾਇਆ।
**ਪੰਜਿ ਸਬਦ ਪਰਵਾਣੁ ਨੀਸਾਣੁ ਬਜਾਇਆ ॥ ੫ ॥**

1. ਚੌਫੇਰੇ। 2. ਸੁਗੰਧਿਤ ਕੀਤਾ। 3. ਮੇਲ।

## ਸਲੋਕ ਮਹਲਾ ੩
## ਆਦਿ ਗ੍ਰੰਥ, ਪੰਨਾ ੧੨੪੯

ਪਰਾਈ[1] ਅਮਾਣ[2] ਕਿਉ ਰਖੀਐ ਦਿਤੀ ਹੀ ਸੁਖੁ ਹੋਇ॥
ਗੁਰ ਕਾ ਸਬਦੁ ਗੁਰ ਥੈ ਟਿਕੈ ਹੋਰ ਥੈ ਪਰਗਟੁ ਨ ਹੋਇ॥
ਅੰਨ੍ੇ ਵਸਿ ਮਾਣਕੁ ਪਇਆ ਘਰਿ ਘਰਿ ਵੇਚਣ ਜਾਇ॥
ਓਨਾ ਪਰਖ ਨ ਆਵਈ ਅਢੁ ਨ ਪਲੈ ਪਾਇ॥
ਜੇ ਆਪਿ ਪਰਖ ਨ ਆਵਈ ਤਾਂ ਪਾਰਖੀਆ[3] ਥਾਵਹੁ ਲਇਉ ਪਰਖਾਇ॥
ਜੇ ਓਸੁ ਨਾਲਿ ਚਿਤੁ ਲਾਏ ਤਾਂ ਵਥੁ ਲਹੈ[4] ਨਉ ਨਿਧਿ ਪਲੈ ਪਾਇ॥
ਘਰਿ ਹੋਦੈ ਧਨਿ ਜਗੁ ਭੁਖਾ ਮੁਆ ਬਿਨੁ ਸਤਿਗੁਰ ਸੋਝੀ ਨ ਹੋਇ॥
ਸਬਦੁ ਸੀਤਲੁ ਮਨਿ ਤਨਿ ਵਸੈ ਤਿਥੈ ਸੋਗੁ ਵਿਜੋਗੁ ਨ ਕੋਇ॥
**ਵਸਤੁ ਪਰਾਈ ਆਪਿ ਗਰਬੁ ਕਰੇ ਮੂਰਖੁ ਆਪੁ ਗਣਾਏ॥**
ਨਾਨਕ ਬਿਨੁ ਬੂਝੇ ਕਿਨੈ ਨ ਪਾਇਓ ਫਿਰਿ ਫਿਰਿ ਆਵੈ ਜਾਇ॥੧॥

1. ਬਿਗਾਨੀ। 2. ਅਮਾਨਤ। 3. ਪਰਖ ਕਰਨ ਵਾਲਾ। 4. ਪ੍ਰਾਪਤ ਕਰ ਲੈਂਦਾ ਹੈ।



## ਭਾਈ ਗੁਰਦਾਸ ਜੀ
## ਵਾਰ ੧ ਪਉੜੀ ੪੬

ਸੋ ਟਿਕਾ[1] ਸੋ ਛਤ੍ਰ ਸਿਰਿ ਸੋਈ ਸਚਾ ਤਖਤੁ ਟਿਕਾਈ[2]।
ਗੁਰ ਨਾਨਕ ਹੰਦੀ ਮੁਹਰਿ[3] ਹਥਿ ਗੁਰ ਅੰਗਦ ਦੀ ਦੋਹੀ ਫਿਰਾਈ।
ਦਿਤਾ ਛੋੜਿ ਕਰਤਾਰਪੁਰੁ ਬੈਠਿ ਖਡੂਰੇ ਜੋਤਿ ਜਗਾਈ।
ਜੰਮੇ ਪੂਰਬਿ ਬੀਜਿਆ ਵਿਚਿ ਵਿਚਿ ਹੋਰੁ ਕੂੜੀ ਚਤੁਰਾਈ।
ਲਹਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ।
ਗੁਰੁ ਬੈਠਾ ਅਮਰੁ ਸਰੂਪ ਹੋਇ ਗੁਰਮੁਖਿ ਪਾਈ ਦਾਤਿ ਇਲਾਹੀ[4]।
ਫੇਰ ਵਸਾਇਆ ਗੋਇੰਦਵਾਲੁ ਅਚਰਜੁ ਖੇਲੁ ਨ ਲਖਿਆ ਜਾਈ।
**ਦਾਤਿ ਜੋਤਿ ਖਸਮੈ ਵਡਿਆਈ॥੪੬॥**

1. ਤਿਲਕ। 2. ਬਿਰਾਜਮਾਨੀ। 3. ਛਾਪ। 4. ਈਸ਼ਵਰੀ।

## ਸਿਧ ਗੋਸਟਿ
## ਆਦਿ ਗ੍ਰੰਥ, ਪੰਨਾ ੯੪੧

ਨਾਮਿ ਰਤੇ ਸਿਧ ਗੋਸਟਿ ਹੋਇ ॥
ਨਾਮਿ ਰਤੇ ਸਦਾ ਤਪੁ ਹੋਇ[1] ॥
ਨਾਮਿ ਰਤੇ ਸਚੁ ਕਰਣੀ ਸਾਰੁ ॥
ਨਾਮਿ ਰਤੇ ਗੁਣ ਗਿਆਨ ਬੀਚਾਰੁ ॥
ਬਿਨੁ ਨਾਵੈ ਬੋਲੈ ਸਭੁ ਵੇਕਾਰੁ[2] ॥
**ਨਾਨਕ ਨਾਮਿ ਰਤੇ ਤਿਨ ਕਉ ਜੈਕਾਰੁ[3] ॥ ੩੩ ॥**

## ਬਸੰਤੁ ਮਹਲਾ ੩ ਪੰਨਾ ੧੧੭੪

ਨਾਮਿ ਰਤੇ ਕੁਲਾਂ ਕਾ ਕਰਹਿ ਉਧਾਰੁ ॥
ਸਾਚੀ ਬਾਣੀ ਨਾਮ ਪਿਆਰੁ ॥

## ਰਾਗ ਸੂਹੀ ਮਹਲਾ ੩ ਘਰੁ ੧ ਅਸਟਪਦੀਆ ਪੰਨਾ ੭੫੩

ਨਾਮੇ ਹੀ ਤੇ ਸਭੁ ਕਿਛੁ ਹੋਆ
ਬਿਨੁ ਸਤਿਗੁਰ ਨਾਮੁ ਨ ਜਾਪੈ ॥

## ਧਨਾਸਰੀ ਮਹਲਾ ੪ ਪੰਨਾ ੬੭੦

ਜਪਿ ਮਨ ਸਤਿ ਨਾਮੁ ਸਦਾ ਸਤਿ ਨਾਮੁ ॥

1. ਜੀਵਨ ਜ਼ਾਬਤੇ 'ਤੇ ਚਲਦਾ ਹੈ। 2. ਬੇਕਾਰ। 3. ਨਮਸਕਾਰ।



## ਭਾਈ ਗੁਰਦਾਸ ਜੀ
## ਵਾਰ ੧ ਪਉੜੀ ੪੩

ਬਾਬਾ ਬੋਲੇ ਨਾਥ ਜੀ! ਸਬਦੁ ਸੁਨਹੁ ਸਚੁ ਮੁਖਹੁ ਅਲਾਈ।
ਬਾਝੋ ਸਚੇ ਨਾਮ ਦੇ ਹੋਰੁ ਕਰਾਮਾਤਿ ਅਸਾਂ ਤੇ ਨਾਹੀ।
ਬਸਤਰਿ ਪਹਿਰੌਂ ਅਗਨਿ ਕੈ ਬਰਫ ਹਿਮਾਲੇ ਮੰਦਰੁ ਛਾਈ।
ਕਰੋ ਰਸੋਈ ਸਾਰਿ ਦੀ ਸਗਲੀ ਧਰਤੀ ਨਥਿ ਚਲਾਈ।
ਏ ਵਡੁ ਕਰੀ ਵਿਥਾਰਿ ਕਉ ਸਗਲੀ ਧਰਤੀ ਹਕੀ ਜਾਈ।
ਤੋਲੀ ਧਰਤਿ ਅਕਾਸਿ ਦੁਇ ਪਿਛੇ ਛਾਬੇ ਟੰਕੁ ਚੜਾਈ।
ਇਹਿ ਬਲੁ ਰਖਾ ਆਪਿ ਵਿਚਿ ਜਿਸੁ ਆਖਾ ਤਿਸੁ ਪਾਸਿ ਕਰਾਈ।
**ਸਤਿਨਾਮੁ ਬਿਨੁ ਬਾਦਰਿ ਛਾਈ ॥ ੪੩ ॥**

## ਵਾਰ ੧ ਪਉੜੀ ੪੪

ਬਾਬੇ ਕੀਤੀ ਸਿਧਿ ਗੋਸਟਿ ਸਬਦਿ ਸਾਂਤਿ ਸਿਧਾਂ ਵਿਚਿ ਆਈ ॥
... ... ... ...
ਜਿਉ ਸਾਗਰਿ ਵਿਚਿ ਗੰਗ ਸਮਾਈ ॥ ੪੪ ॥

## ਰਾਮਕਲੀ ਕੀ ਵਾਰ ਸਲੋਕ ਮਹਲਾ ੧
## ਆਦਿ ਗ੍ਰੰਥ, ਪੰਨਾ ੯੫੨

ਨਾ ਸਤਿ ਦੁਖੀਆ ਨਾ ਸਤਿ ਸੁਖੀਆ ਨਾ ਸਤਿ ਪਾਣੀ ਜੰਤ ਫਿਰਹਿ ॥
ਨਾ ਸਤਿ ਮੂੰਡ ਮੁਡਾਈ ਕੇਸੀ[1] ਨਾ ਸਤਿ ਪੜਿਆ ਦੇਸ ਫਿਰਹਿ ॥
ਨਾ ਸਤਿ ਰੁਖੀ ਬਿਰਖੀ ਪਥਰ ਆਪੁ ਤਛਾਵਹਿ[2] ਦੁਖ ਸਹਹਿ ॥
ਨਾ ਸਤਿ ਹਸਤੀ[3] ਬਧੇ ਸੰਗਲ ਨਾ ਸਤਿ ਗਾਈ ਘਾਹੁ ਚਰਹਿ ॥
ਜਿਸੁ ਹਥਿ ਸਿਧਿ ਦੇਵੈ ਜੇ ਸੋਈ ਜਿਸ ਨੋ ਦੇਇ ਤਿਸੁ ਆਇ ਮਿਲੈ ॥
**ਨਾਨਕ ਤਾ ਕਉ ਮਿਲੈ ਵਡਾਈ ਜਿਸੁ ਘਟ ਭੀਤਰਿ ਸਬਦੁ ਰਵੈ[4] ॥**
**ਸਭਿ ਘਟ ਮੇਰੇ ਹਉ ਸਭਨਾ ਅੰਦਰਿ ਜਿਸਹਿ ਖੁਆਈ ਤਿਸੁ ਕਉਣੁ ਕਹੈ ॥**
ਜਿਸਹਿ ਦਿਖਾਲਾ ਵਾਟੜੀ[5] ਤਿਸਹਿ ਭੁਲਾਵੈ ਕਉਣੁ ॥
ਜਿਸਹਿ ਭੁਲਾਈ ਪੰਧ ਸਿਰਿ[6] ਤਿਸਹਿ ਦਿਖਾਵੈ ਕਉਣੁ ॥ ੧ ॥

1. ਸਿਰ ਦੇ ਕੇਸ ਮੁਨਾਉਣ ਨਾਲ। 2. ਕਟਾਂਦੇ ਹਨ। 3. ਹਾਥੀ। 4. ਸਮਾਇਆ ਹੈ। 5. ਰਸਤਾ। 6. ਮੁੱਢ ਤੋਂ ਹੀ।



## ਭਾਈ ਗੁਰਦਾਸ ਜੀ
## ਵਾਰ ੩੬ ਪਉੜੀ ੧੪

ਮਿਲੈ ਜਿ ਤੀਰਥਿ ਨਾਤਿਆਂ ਡਡਾਂ[1] ਜਲ ਵਾਸੀ।
ਵਾਲ ਵਧਾਇਆਂ ਪਾਈਐ ਬੜ[2] ਜਟਾਂ ਪਲਾਸੀ[3]।
ਨੰਗੇ ਰਹਿਆਂ ਜੇ ਮਿਲੈ ਵਣਿ ਮਿਰਗ ਉਦਾਸੀ।
ਭਸਮ ਲਾਇ ਜੇ ਪਾਈਐ ਖਰੁ ਖੇਹ ਨਿਵਾਸੀ।
ਜੇ ਪਾਈਐ ਚੁਪ ਕੀਤਿਆਂ ਪਸੂਆਂ ਜੜ ਹਾਸੀ[4]।
**ਵਿਣੁ ਗੁਰ ਮੁਕਤਿ ਨ ਹੋਵਈ ਗੁਰ ਮਿਲੈ ਖਲਾਸੀ ॥ ੧੪ ॥**

1. ਡੱਡੂ। 2. ਬੋਹੜ। 3. ਜਟਾਵਾਂ ਛਿਛੜਿਆਂ ਵਾਂਗ ਲਮਕਦੀਆਂ। 4. ਹੈਨ।

## ਨਟ ਮਹਲਾ ੪
## ਆਦਿ ਗ੍ਰੰਥ, ਪੰਨਾ ੯੮੨-੮੩

**ਰਾਮ ਕਰਿ ਕਿਰਪਾ ਲੇਹੁ ਉਬਾਰੇ[1] ॥**
**ਜਿਉ ਪਕਰਿ[2] ਦ੍ਰੋਪਤੀ[3] ਦੁਸਟਾਂ ਆਨੀ**
**ਹਰਿ ਹਰਿ ਲਾਜ ਨਿਵਾਰੇ[4] ॥ ੧ ॥ ਰਹਾਉ ॥**
ਕਰਿ ਕਿਰਪਾ ਜਾਚਿਕ[5] ਜਨ ਤੇਰੇ ਇਕੁ ਮਾਗਉ ਦਾਨੁ ਪਿਆਰੇ ॥
ਸਤਿਗੁਰ ਕੀ ਨਿਤ ਸਰਧਾ ਲਾਗੀ ਮੋ ਕਉ ਹਰਿ ਗੁਰੁ ਮੇਲਿ ਸਵਾਰੇ ॥ ੧ ॥
ਸਾਕਤ ਕਰਮ ਪਾਣੀ ਜਿਉ ਮਥੀਐ ਨਿਤ ਪਾਣੀ ਝੋਲ ਝੁਲਾਰੇ ॥
ਮਿਲਿ ਸਤਸੰਗਤਿ ਪਰਮ ਪਦੁ ਪਾਇਆ ਕਢਿ ਮਾਖਨ ਕੇ ਗਟਕਾਰੇ ॥ ੨ ॥
ਨਿਤ ਨਿਤ ਕਾਇਆ ਮਜਨੁ ਕੀਆ ਨਿਤ ਮਲਿ ਮਲਿ ਦੇਹ ਸਵਾਰੇ ॥
ਮੇਰੇ ਸਤਿਗੁਰ ਕੇ ਮਨਿ ਬਚਨ ਨ ਭਾਏ ਸਭ ਫੋਕਟ ਚਾਰ ਸੀਗਾਰੇ ॥ ੩ ॥
ਮਟਕਿ ਮਟਕਿ ਚਲੁ ਸਖੀ ਸਹੇਲੀ ਮੇਰੇ ਠਾਕੁਰ ਕੇ ਗੁਨ ਸਾਰੇ ॥
ਗੁਰਮੁਖਿ ਸੇਵਾ ਮੇਰੇ ਪ੍ਰਭ ਭਾਈ ਮੈ ਸਤਿਗੁਰ ਅਲਖੁ ਲਖਾਰੇ[6] ॥ ੪ ॥
... ... ...
ਨਾਨਕ ਕ੍ਰਿਪਾ ਕਰਹੁ ਗੁਰ ਮੇਲਹੁ, ਮੈ ਰਾਮ ਜਪਤ ਮਨ ਧੀਰੇ ॥ ੮ ॥

## ਆਦਿ ਗ੍ਰੰਥ, ਪੰਨਾ ੧੪੦੦

ਫੁਨਿ ਦ੍ਰੋਪਤੀ ਲਾਜ ਰਖੀ ਹਰਿ ਪ੍ਰਭ ਜੀ ਛੀਨਤ ਬਸਤ੍ਰ ਦੀਨ ਬਹੁ ਸਾਜ ॥

1. ਬਚਾ ਲਵੋ। 2. ਫੜ ਕੇ। 3. ਦ੍ਰੋਪਦ ਰਾਜੇ ਦੀ ਪੁੱਤਰੀ। 4. ਨਗਨ ਹੋਣ ਦੀ ਲੱਜਾ ਤੋਂ ਬਚਾਇਆ। 5. ਮੰਗਤੇ। 6. ਜਾਣ ਪਛਾਣ ਕਰਵਾਉਂਦੀ।



## ਭਾਈ ਗੁਰਦਾਸ ਜੀ
## ਵਾਰ ੧੦ ਪਉੜੀ ੮

ਅੰਦਰਿ ਸਭਾ ਦੁਸਾਸਣੈ ਮਥੇਵਾਲਿ[1] ਦ੍ਰੋਪਤੀ ਆਂਦੀ।
ਦੂਤਾਂ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ[2] ਬਾਂਦੀ[3]।
ਪੰਜੇ ਪਾਂਡੋ ਵੇਖਦੇ ਅਉਘਟਿ ਰੁਧੀ[4] ਨਾਰਿ ਜਿਨਾਂ ਦੀ।
ਅਖੀ ਮੀਟ ਧਿਆਨੁ ਧਰਿ ਹਾਹਾਕ੍ਰਿਸਨ ਕਰੈ ਬਿਲਲਾਂਦੀ।
ਕਪੜ ਕੋਟੁ ਉਸਾਰਿਓਨੁ ਥਕੇ ਦੂਤ ਨ ਪਾਰਿ ਵਸਾਂਦੀ।
ਹਥ ਮਰੋੜਨਿ ਸਿਰੁ ਧੁਣਨਿ ਪਛੋਤਾਨ ਕਰਨਿ ਜਾਹਿ ਜਾਂਦੀ।
ਘਰਿ ਆਈ ਠਾਕੁਰ ਮਿਲੇ ਪੈਜ ਰਹੀ ਬੋਲੇ ਸ਼ਰਮਾਂਦੀ।
**ਨਾਥ ਅਨਾਥਾਂ ਬਾਣਿ ਧੁਰਾਂਦੀ ॥ ੮ ॥**

1. ਜੂੜੇ ਤੋਂ ਫੜ ਕੇ। 2. ਪੰਚਾਲ/ਪੰਜਾਬ ਦੇਸ਼ ਦੀ ਜਾਈ। 3. ਦਾਸੀ। 4. ਔਕੜ ਵਿਚ ਫਸੀ।

## ਸੂਹੀ ਮਹਲਾ ੪ ਘਰ ੬
## ੧ੴ ਸਤਿਗੁਰ ਪ੍ਰਸਾਦਿ॥
## ਆਦਿ ਗ੍ਰੰਥ, ਪੰਨਾ ੭੩੩

**ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ॥**
ਪੂਛਹੁ ਬਿਦਰ[1] ਦਾਸੀ ਸੁਤੈ[2]
ਕਿਸਨੁ ਉਤਰਿਆ ਘਰਿ ਜਿਸੁ ਜਾਇ॥੧॥
ਹਰਿ ਕੀ ਅਕਥ ਕਥਾ ਸੁਨਹੁ ਜਨ ਭਾਈ
ਜਿਤੁ ਸਹਸਾ[3] ਦੂਖ ਭੂਖ ਸਭ ਲਹਿ ਜਾਇ॥੧॥ ਰਹਾਉ॥
ਰਵਿਦਾਸੁ ਚਮਾਰੁ ਉਸਤਤਿ ਕਰੇ
ਹਰਿ ਕੀਰਤਿ ਨਿਮਖ[4] ਇਕ ਗਾਇ॥
ਪਤਿਤ ਜਾਤਿ ਉਤਮੁ ਭਇਆ
ਚਾਰਿ ਵਰਨ ਪਏ ਪਗਿ ਆਇ॥੨॥
ਨਾਮਦੇਅ ਪ੍ਰੀਤਿ ਲਗੀ ਹਰਿ ਸੇਤੀ
ਲੋਕੁ ਛੀਪਾ ਕਹੈ ਬੁਲਾਇ॥
ਖਤ੍ਰੀ ਬ੍ਰਾਹਮਣ ਪਿਠਿ ਦੇ ਛੋਡੇ
ਹਰਿ ਨਾਮਦੇਉ ਲੀਆ ਮੁਖਿ ਲਾਇ[5]॥੩॥
ਜਿਤਨੇ ਭਗਤ ਹਰਿ ਸੇਵਕਾ ਮੁਖਿ
ਅਠਸਠਿ ਤੀਰਥ ਤਿਨ ਤਿਲਕੁ ਕਢਾਇ॥
ਜਨੁ ਨਾਨਕੁ ਤਿਨ ਕਉ ਅਨਦਿਨੁ ਪਰਸੇ
ਜੇ ਕ੍ਰਿਪਾ ਕਰੇ ਹਰਿ ਰਾਇ[6]॥੪॥੧॥੮॥

1. ਵਿਧੁਰ ਭਗਤ। 2. ਰਾਜਾ ਵਿਜੈ ਦੀ ਦਾਸੀ ਸੁਦੇਸਣਾਂ ਦੇ ਪੇਟੋਂ ਵਿਆਸ ਦਾ ਪੁੱਤਰ। 3. ਸੰਸਾ। 4. ਹਰ ਵੇਲੇ। 5. ਪਰਤੱਖ ਦਰਸ਼ਨ ਦੇ ਦਿੱਤਾ। 6. ਹਰੀ ਰਾਜਾ ਵਾਹਿਗੁਰੂ।



## ਭਾਈ ਗੁਰਦਾਸ ਜੀ
## ਵਾਰ ੧੦ ਪਉੜੀ ੧੭

**ਭਗਤੁ ਭਗਤੁ ਜਗਿ ਵਜਿਆ[1] ਚਹੁ ਚਕਾਂ ਦੇ ਵਿਚਿ ਚਮਿਰੇਟਾ।**
ਪਾਣ੍ਹਾ[2] ਗੰਢੈ ਰਾਹ ਵਿਚਿ ਕੁਲਾ ਧਰਮ ਢੋਇ ਢੋਰ ਸਮੇਟਾ।
ਜਿਉ ਕਰਿ ਮੈਲੇ ਚੀਥੜੇ ਹੀਰਾ ਲਾਲੁ ਅਮੋਲੁ ਪਲੇਟਾ।
ਚਹੁ ਵਰਨਾ ਉਪਦੇਸਦਾ ਗਿਆਨ ਧਿਆਨੁ ਕਰਿ ਭਗਤਿ ਸਹੇਟਾ[3]।
ਨ੍ਹਾਵਣਿ ਆਇਆ ਸੰਗੁ ਮਿਲਿ ਬਾਨਾਰਸ ਕਰਿ ਗੰਗਾ ਥੇਟਾ[4]।
ਕਢਿ ਕਸੀਰਾ[5] ਸਉਪਿਆ ਰਵਿਦਾਸੈ ਗੰਗਾ ਦੀ ਭੇਟਾ।
ਲਗਾ ਪੁਰਬੁ ਅਭੀਚ[6] ਦਾ ਡਿਠਾ ਚਲਿਤੁ ਅਚਰਜੁ ਅਮੇਟਾ।
ਲਇਆ ਕਸੀਰਾ ਹਥੁ ਕਢਿ ਸੂਤੁ ਇਕੁ ਜਿਉ ਤਾਣਾ ਪੇਟਾ।
**ਭਗਤ ਜਨਾਂ ਹਰਿ ਮਾਂ ਪਿਉ ਬੇਟਾ॥੧੭॥**

1. ਪ੍ਰਗਟ ਹੋਇਆ। 2. ਜੁੱਤੀਆਂ। 3. ਸਮੇਤ। 4. ਪੂਰਬੀ ਦਾ ਥਾਉਂ। 5. ਧੇਲਾ। 6. ਅਭਿਜਿਤ ਨਿਛਤ੍ਰ।

## ਧਨਾਸਰੀ ਮਹਲਾ ੫
## ਆਦਿ ਗ੍ਰੰਥ, ਪੰਨਾ ੬੮੦

**ਨੇਤ੍ਰ ਪੁਨੀਤ ਭਏ ਦਰਸ ਪੇਖੇ ਮਾਥੈ ਪਰਉ ਰਵਾਲ[1] ॥**
ਰਸਿ ਰਸਿ ਗੁਣ ਗਾਵਉ ਠਾਕੁਰ ਕੇ ਮੋਰੈ ਹਿਰਦੈ
ਬਸਹੁ ਗੋਪਾਲ ॥ ੧ ॥
ਤੁਮ ਤਉ ਰਾਖਨਹਾਰ ਦਇਆਲ ॥
ਸੁੰਦਰ ਸੁਘਰ ਬੇਅੰਤ ਪਿਤਾ ਪ੍ਰਭ
ਹੋਹੁ ਪ੍ਰਭੂ ਕਿਰਪਾਲ ॥ ੧ ॥ ਰਹਾਉ ॥
ਮਹਾ ਅਨੰਦ ਮੰਗਲ ਰੂਪ ਤੁਮਰੇ ਬਚਨ ਅਨੂਪ ਰਸਾਲ ॥
**ਹਿਰਦੈ ਚਰਣ[2] ਸਬਦੁ ਸਤਿਗੁਰ ਕੋ**
**ਨਾਨਕ ਬਾਂਧਿਓ ਪਾਲ ॥ ੨ ॥ ੭ ॥ ੩੮ ॥**

## ਆਦਿ ਗ੍ਰੰਥ, ਪੰਨਾ ੬੮੨

**ਚਰਨ ਤੁਮ੍ਹਾਰੇ ਹਿਰਦੇ ਵਾਸਹਿ**
ਸੰਤਨ ਕਾ ਸੰਗਿ ਪਾਵਉ ॥

## ਆਦਿ ਗ੍ਰੰਥ, ਪੰਨਾ ੭੮੦

ਕਰਿ ਕਿਰਪਾ ਮੇਰੇ ਪ੍ਰੀਤਮ ਸੁਆਮੀ
**ਨੇਤ੍ਰ ਦੇਖਹਿ ਦਰਸੁ ਤੇਰਾ ਰਾਮ ॥**

1. ਧੂੜੀ। 2. ਸਤਿਗੁਰੂ ਦਾ ਮੰਤਰ ਹਿਰਦੇ ਵਸਾਣਾ।



## ਭਾਈ ਗੁਰਦਾਸ ਜੀ
## ਵਾਰ ੩੨ ਪਉੜੀ ੨

**ਦਿਸਟਿ[1] ਦਰਸ ਲਿਵ ਸਾਵਧਾਨੁ ਸਬਦ ਸੁਰਤਿ ਚੇਤੰਨੁ ਸਿਆਣਾ।**
ਨਾਮੁ ਦਾਨੁ ਇਸਨਾਨੁ ਦਿੜ੍ਹ ਮਨ ਬਚ ਕਰਮ ਕਰੈ ਮੇਲਾਣਾ[2]।
ਗੁਰਸਿਖ ਥੋੜਾ ਬੋਲਣਾ ਥੋੜਾ ਸਉਣਾ ਥੋੜਾ ਖਾਣਾ।
ਪਰ ਤਨ[3] ਪਰ ਧਨ ਪਰਹਰੈ ਪਰ ਨਿੰਦਾ ਸੁਣਿ ਮਨਿ ਸਰਮਾਣਾ।
**ਗੁਰ ਮੂਰਤਿ ਸਤਿਗੁਰ ਸਬਦੁ ਸਾਧ ਸੰਗਤਿ ਸਮਸਰਿ ਪਰਵਾਣਾ।**
ਇਕ ਮਨਿ ਇਕੁ ਅਰਾਧਣਾ ਦੁਤੀਆ ਨਾਸਤਿ ਭਾਵੈ ਭਾਣਾ।
ਗੁਰਮੁਖਿ ਹੋਦੈ ਤਾਣਿ ਨਿਤਾਣਾ ॥ ੨ ॥

1. ਨਜ਼ਰ। 2. ਮਿਲਾਪ। 3. ਪਰ ਇਸਤਰੀ।

## ਮਾਰੂ ਮਹਲਾ ੧
## ਆਦਿ ਗ੍ਰੰਥ, ਪੰਨਾ ੧੦੭੦

ਨਗਰੀ ਨਾਇਕੁ[1] ਨਵਤਨੋ ਬਾਲਕੁ ਲੀਲ ਅਨੂਪੁ[2] ॥
**ਨਾਰਿ ਨ ਪੁਰਖੁ[3] ਨ ਪੰਖਣੂ[4] ਸਾਚਉ[5] ਚਤੁਰੁ ਸਰੂਪੁ ॥**
ਜੋ ਤਿਸੁ ਭਾਵੈ ਸੋ ਥੀਐ ਤੂ ਦੀਪਕੁ ਤੂ ਧੂਪੁ ॥ ੭ ॥
ਗੀਤ ਸਾਦ ਚਾਖੇ ਸੁਣੇ ਬਾਦ ਸਾਦ ਤਨਿ ਰੋਗੁ ॥
ਸਚੁ ਭਾਵੈ ਸਾਚਉ ਚਵੈ ਛੂਟੈ ਸੋਗ ਵਿਜੋਗੁ ॥
ਨਾਨਕ ਨਾਮੁ ਨ ਵੀਸਰੈ ਜੋ ਤਿਸੁ ਭਾਵੈ ਸੁ ਹੋਗੁ ॥ ੮ ॥ ੩ ॥

1. ਸਰੀਰ ਰੂਪੀ ਨਗਰੀ ਦਾ ਮਾਲਕ। 2. ਸੁੰਦਰ। 3. ਦੋਹਾਂ ਤੋਂ ਨਿਆਰਾ। 4. ਪੰਛੀ। 5. ਸਦਾ ਥਿਰ ਰਹਿਣ ਵਾਲਾ।



## ਭਾਈ ਗੁਰਦਾਸ ਜੀ
## ਵਾਰ ੭ ਪਉੜੀ ੧੮

ਅੰਬਰੁ[1] ਨਦਰੀ ਆਂਵਦਾ ਕੇਵਡੁ ਵਡਾ ਕੋਇ ਨ ਜਾਣੈ।
ਊਚਾ ਕੇਵਡੁ ਆਖੀਐ ਸੁੰਨ ਸਰੂਪ ਨ ਆਖਿ ਵਖਾਣੈ।
**ਲੈਨਿ ਉਡਾਰੀ ਪੰਖਣੂ ਅਨਲ ਮਨਲ[2] ਉਡਿ ਖਬਰਿ ਨ ਆਣੈ।**
**ਓੜਕੁ ਮੂਲਿ ਨ ਲਭਈ ਸਭੇ ਹੋਇ ਫਿਰਨਿ ਹੈਰਾਣੈ।**
ਲਖ ਅਗਾਸ ਨ ਅਪੜਨਿ ਕੁਦਰਤਿ ਕਾਦਰੁ[3] ਨੋ ਕੁਰਬਾਣੈ।
ਪਾਰਬ੍ਰਹਮ ਸਤਿਗੁਰ ਪੁਰਖੁ ਸਾਧ ਸੰਗਤਿ ਵਾਸਾ ਨਿਰਬਾਣੈ[4]।
**ਮੁਰਦਾ ਹੋਇ ਮੁਰੀਦੁ ਸਿਵਾਣੈ ॥ ੧੮ ॥**

1. ਆਕਾਸ਼। 2. ਕਲਪਿਤ ਪੰਛੀ। 3. ਕਰਤਾਰ ਦੀ ਰਚਨਾ। 4. ਇਕ ਰਸ।

## ਮਾਰੂ ਮਹਲਾ ੫
## ਆਦਿ ਗ੍ਰੰਥ, ਪੰਨਾ ੧੦੧੮-੧੯

**ਜੀਵਨਾ ਸਫਲ ਜੀਵਨ ਸੁਨਿ ਹਰਿ**
**ਜਪਿ ਜਪਿ ਸਦ ਜੀਵਨਾ ॥੧॥ ਰਹਾਉ ॥**
ਪੀਵਨਾ ਜਿਤੁ ਮਨੁ ਆਘਾਵੈ[1]
ਨਾਮੁ ਅੰਮ੍ਰਿਤ ਰਸੁ ਪੀਵਨਾ ॥੧॥
ਖਾਵਨਾ ਜਿਤੁ ਭੂਖ ਨ ਲਾਗੈ
ਸੰਤੋਖਿ ਸਦਾ ਤ੍ਰਿਪਤੀਵਨਾ ॥੨॥
ਪੈਨਣਾ ਰਖੁ ਪਤਿ ਪਰਮੇਸੁਰ
ਫਿਰਿ ਨਾਗੇ ਨਹੀ ਥੀਵਨਾ[2] ॥੩॥
ਭੋਗਨਾ ਮਨ ਮਧੇ ਹਰਿ ਰਸੁ
ਸੰਤਸੰਗਤਿ ਮਹਿ ਲੀਵਨਾ ॥੪॥
**ਬਿਨੁ ਤਾਗੇ ਬਿਨੁ ਸੂਈ ਆਨੀ**
**ਮਨੁ ਹਰਿ ਭਗਤੀ ਸੰਗਿ ਸੀਵਨਾ ॥੫॥**
ਮਾਤਿਆ ਹਰਿ ਰਸ ਮਹਿ ਰਾਤੇ
ਤਿਸੁ ਬਹੁੜਿ ਨ ਕਬਹੂ ਅਉਖੀਵਨਾ ॥੬॥
ਮਿਲਿਓ ਤਿਸੁ ਸਰਬ ਨਿਧਾਨਾ
ਪ੍ਰਭਿ ਕ੍ਰਿਪਾਲਿ ਜਿਸੁ ਦੀਵਨਾ ॥੭॥
ਸੁਖੁ ਨਾਨਕ ਸੰਤਨ ਕੀ ਸੇਵਾ
ਚਰਣ ਸੰਤ ਧੋਇ ਪੀਵਨਾ ॥੮॥੩॥੬॥

1. ਰੱਜ ਜਾਵੇ। 2. ਹੋਣਾ।



## ਭਾਈ ਗੁਰਦਾਸ ਜੀ
## ਵਾਰ ੧੫ ਪਉੜੀ ੧੭

**ਮਾਣਸ ਜਨਮੁ ਅਮੋਲੁ ਹੈ ਹੋਇ ਅਮੋਲੁ ਸਾਧ ਸੰਗੁ ਪਾਏ।**
ਅਖੀ ਦੁਇ ਨਿਰਮੋਲਕਾ[1] ਸਤਿਗੁਰੁ ਦਰਸ ਧਿਆਨ ਲਿਵਲਾਏ।
ਮਸਤਕੁ ਸੀਸੁ ਅਮੋਲੁ ਹੈ ਚਰਣ ਸਰਣਿ ਗੁਰੁ ਧੂੜਿ ਸੁਹਾਏ।
ਜਿਹਬਾ ਸ੍ਰਵਣ ਅਮੋਲਕਾ ਸਬਦ ਸੁਰਤਿ ਸੁਨਿ ਸਮਝਿ ਸੁਣਾਏ।
ਹਸਤ ਚਰਣ ਨਿਰਮੋਲਕਾ ਗੁਰਮੁਖ ਮਾਰਗਿ ਸੇਵ ਕਮਾਏ।
ਗੁਰਮੁਖਿ ਰਿਦਾ ਅਮੋਲੁ ਹੈ ਅੰਦਰਿ ਗੁਰੁ ਉਪਦੇਸੁ ਵਸਾਏ।
**ਪਤਿ ਪਰਵਾਣੈ[2] ਤੋਲਿ ਤੁਲਾਏ ॥੧੭॥**

1. ਜਿਸਦਾ ਮੁੱਲ ਨਾ ਹੋਵੇ। 2. ਪਤਿ ਦਾ ਵੱਟਾ।

## ਬਸੰਤੁ ਕਬੀਰ ਜੀਉ
## ਆਦਿ ਗ੍ਰੰਥ, ਪੰਨਾ ੧੧੯੪

ਪ੍ਰਹਲਾਦ ਪਠਾਏ[1] ਪੜਨ ਸਾਲ[2] ॥
ਸੰਗਿ ਸਖਾ ਬਹੁ ਲੀਏ ਬਾਲ ॥
ਮੋ ਕਉ ਕਹਾ ਪੜ੍ਹਾਵਸਿ ਆਲ ਜਾਲ[3] ॥
ਮੇਰੀ ਪਟੀਆ ਲਿਖਿ ਦੇਹੁ ਸ੍ਰੀ ਗੋੁਪਾਲ ॥ ੧ ॥
ਨਹੀ ਛੋਡਉ ਰੇ ਬਾਬਾ ਰਾਮ ਨਾਮ ॥
ਮੇਰੋ ਅਉਰ ਪੜ੍ਹਨ ਸਿਉ ਨਹੀ ਕਾਮੁ ॥ ੧ ॥ ਰਹਾਉ ॥
ਸੰਡੈ ਮਰਕੈ[4] ਕਹਿਓ ਜਾਇ ॥
ਪ੍ਰਹਲਾਦ ਬੁਲਾਏ ਬੇਗਿ ਧਾਇ ॥
ਤੂ ਰਾਮ ਕਹਨ ਕੀ ਛੋਡੁ ਬਾਨਿ ॥
ਤੁਝੁ ਤੁਰਤੁ ਛਡਾਊ ਮੇਰੋ ਕਹਿਓ ਮਾਨਿ ॥ ੨ ॥
ਮੋ ਕਉ ਕਹਾ ਸਤਾਵਹੁ ਬਾਰ ਬਾਰ ॥
ਪ੍ਰਭਿ ਜਲ ਥਲ ਗਿਰਿ ਕੀਏ ਪਹਾਰ[5] ॥
ਇਕੁ ਰਾਮੁ ਨ ਛੋਡਉ ਗੁਰਹਿ ਗਾਰਿ ॥
ਮੋ ਕਉ ਘਾਲਿ ਜਾਰਿ ਭਾਵੈ ਮਾਰਿ ਡਾਰਿ ॥ ੩ ॥
ਕਾਢਿ ਖੜਗੁ ਕੋਪਿਓ ਰਿਸਾਇ ॥
ਤੁਝ ਰਾਖਨਹਾਰੋ ਮੋਹਿ ਬਤਾਇ ॥
ਪ੍ਰਭ ਥੰਭ ਤੇ ਨਿਕਸੇ ਕੈ ਬਿਸਥਾਰ[6] ॥
ਹਰਨਾਖਸੁ ਛੇਦਿਓ ਨਖ ਬਿਦਾਰ ॥ ੪ ॥
ਓਇ ਪਰਮ ਪੁਰਖ ਦੇਵਾਧਿ ਦੇਵ ॥
ਭਗਤਿ ਹੇਤਿ ਨਰਸਿੰਘ ਭੇਵ ॥
**ਕਹਿ ਕਬੀਰ ਕੋ ਲਖੈ ਨ ਪਾਰ ॥**
**ਪ੍ਰਹਲਾਦ ਉਧਾਰੇ ਅਨਿਕ ਬਾਰ ॥ ੫ ॥ ੪ ॥**

1. ਭੇਜੇ। 2. ਧਰਮਸਾਲਾ ਵਿਚ। 3. ਘਰ ਦੇ ਜੰਜਾਲ। 4. ਸੰਡ ਤੇ ਮਰਕ ਦੋ ਅਧਿਆਪਕਾਂ ਦੇ ਨਾਂ। 5. ਪਰਬਤ। 6. ਵੱਡਾ ਰੂਪ ਧਾਰ ਕੇ।



## ਭਾਈ ਗੁਰਦਾਸ ਜੀ
## ਵਾਰ ੧੦ ਪਉੜੀ ੨

ਘਰਿ ਹਰਨਾਖਸ ਦੈਤ ਦੇ ਕਲਰਿ ਕਵਲੁ ਭਗਤੁ ਪ੍ਰਹਿਲਾਦੁ।
ਪੜ੍ਹਨ ਪਠਾਇਆ ਚਾਟਸਾਲ ਪਾਂਧੇ ਚਿਤਿ ਹੋਆ ਅਹਿਲਾਦੁ[1]।
ਸਿਮਰੈ ਮਨ ਵਿਚਿ ਰਾਮ ਨਾਮ ਗਾਵੈ ਸਬਦੁ ਅਨਾਹਦੁ ਨਾਦੁ।
ਭਗਤਿ ਕਰਨਿ ਸਭ ਚਾਟੜੈ ਪਾਂਧੇ ਹੋਇ ਰਹੇ ਵਿਸਮਾਦੁ[2]।
ਰਾਜੇ ਪਾਸਿ ਰੂਆਇਆ[3] ਦੋਖੀ ਦੈਤਿ ਵਧਾਇਆ ਵਾਦੁ।
ਜਲ ਅਗਨੀ ਵਿਚਿ ਘਤਿਆ ਜਲੈ ਨ ਡੁਬੈ ਗੁਰ ਪਰਸਾਦਿ।
ਕਢਿ ਖੜਗੁ ਸਦਿ ਪੁਛਿਆ ਕਉਣੁ ਸੁ ਤੇਰਾ ਹੈ ਉਸਤਾਦੁ।
ਥੰਮ੍ਹ ਪਾੜਿ ਪਰਗਟਿਆ ਨਰਸਿੰਘ ਰੂਪ ਅਨੂਪ ਅਨਾਦਿ[4]।
ਬੇਮੁਖ ਪਕੜਿ ਪਛਾੜਿਅਨੁ ਸੰਤ ਸਹਾਈ ਆਦਿ ਜੁਗਾਦਿ।
**ਜੈ ਜੈ ਕਾਰ ਕਰਨਿ ਬ੍ਰਹਮਾਦਿ ॥ ੨ ॥**

1. ਆਨੰਦ। 2. ਅਸਚਰਜ, ਹੱਕੇ ਬੱਕੇ। 3. ਪੁਕਾਰ ਕੀਤੀ। 4. ਬੜੇ ਸ਼ਬਦ ਵਾਲਾ।

## ਸਲੋਕ ਮਹਲਾ ੧ (ਵਾਰ ਰਾਮਕਲੀ)
## ਆਦਿ ਗ੍ਰੰਥ, ਪੰਨਾ ੯੫੬

**ਸਰਵਰ[1] ਹੰਸ[2] ਧੁਰੇ ਹੀ ਮੇਲਾ ਖਸਮੈ ਏਵੈ ਭਾਣਾ॥**
**ਸਰਵਰ ਅੰਦਰਿ ਹੀਰਾ ਮੋਤੀ ਸੋ ਹੰਸਾ ਕਾ ਖਾਣਾ॥**
ਬਗੁਲਾ ਕਾਗੁ ਨ ਰਹਈ ਸਰਵਰਿ ਜੇ ਹੋਵੈ ਅਤਿ ਸਿਆਣਾ॥
ਓਨਾ ਰਿਜਕੁ ਨ ਪਇਓ ਓਥੈ ਓਨ੍ਾ ਹੋਰੋ ਖਾਣਾ॥
ਸਚਿ ਕਮਾਣੈ ਸਚੋ ਪਾਈਐ ਕੂੜੈ ਕੂੜਾ ਮਾਣਾ॥
ਨਾਨਕ ਤਿਨ ਕੌ ਸਤਿਗੁਰੁ ਮਿਲਿਆ
ਜਿਨਾ ਧੁਰੇ ਪੈਯਾ ਪਰਵਾਣਾ[3]॥੧॥

1. ਮਾਨ ਸਰੋਵਰ ਸਤਿਗੁਰੂ। 2. ਗੁਰਸਿੱਖ। 3. ਹੁਕਮ।



## ਭਾਈ ਗੁਰਦਾਸ ਜੀ
## ਵਾਰ ੯ ਪਉੜੀ ੧੪

ਲੀਹਾ[1] ਅੰਦਰਿ ਚਲੀਐ ਜਿਉ ਗਾਡੀ ਰਾਹੁ।
ਹੁਕਮਿ ਰਜਾਈ ਚਲਣਾ ਸਾਧ ਸੰਗਿ ਨਿਬਾਹੁ।
ਜਿਉ ਧਨ ਸੋਘਾ ਰਖਦਾ[2] ਘਰਿ ਅੰਦਰਿ ਸਾਹੁ।
ਜਿਉ ਮਿਰਜਾਦ ਨ ਛਡਈ ਸਾਇਰੁ[3] ਅਸਗਾਹੁ।
ਲਤਾ ਹੇਠਿ ਲਤਾੜੀਐ ਅਜਰਾਵਰੁ[4] ਘਾਹੁ।
**ਧਰਮਸਾਲ ਹੈ ਮਾਨਸਰੁ ਹੰਸ ਗੁਰ ਸਿਖ ਵਾਹੁ।**
**ਰਤਨ ਪਦਾਰਥ ਗੁਰ ਸਬਦੁ ਕਰਿ ਕੀਰਤਨੁ ਖਾਹੁ॥੧੪॥**

1. ਗੱਡੀ ਦੀਆਂ ਲੀਕਾਂ। 2. ਸਾਂਭ ਰੱਖਦਾ। 3. ਸਮੁੰਦਰ। 4. ਅਕਾਸ਼ੀ, ਅਮਰ, ਜਰਨ ਵਾਲਾ।

## ਮਾਰੂ ਮਹਲਾ ੧
## ਆਦਿ ਗ੍ਰੰਥ, ਪੰਨਾ ੧੦੩੧

ਜਮ ਦਰਿ ਬਾਧੇ ਮਿਲਹਿ[1] ਸਜਾਈ[2] ॥
ਤਿਸੁ ਅਪਰਾਧੀ[3] ਗਤਿ ਨਹੀ ਕਾਈ ॥
ਕਰਣ ਪਲਾਵ[4] ਕਰੇ ਬਿਲਲਾਵੈ[5]
ਜਿਉ ਕੁੰਡੀ ਮੀਨੁ[6] ਪਰਾਤਾ ਹੇ ॥ ੧੦ ॥
ਸਾਕਤ ਫਾਸੀ ਪੜੈ[7] ਇਕੇਲਾ ॥
ਜਮ ਵਸਿ ਕੀਆ ਅੰਧੁ[8] ਦੁਹੇਲਾ ॥
ਰਾਮ ਨਾਮ ਬਿਨੁ ਮੁਕਤਿ ਨ ਸੂਝੈ
ਆਜੁ ਕਾਲਿ ਪਚਿ ਜਾਤਾ[9] ਹੇ ॥ ੧੧ ॥
ਸਤਿਗੁਰ ਬਾਝੁ ਨ ਬੇਲੀ ਕੋਈ ॥
ਐਥੈ ਓਥੈ ਰਾਖਾ ਪ੍ਰਭੁ ਸੋਈ ॥
ਰਾਮ ਨਾਮੁ ਦੇਵੈ ਕਰਿ ਕਿਰਪਾ
ਇਉ ਸਲਲੈ ਸਲਲ[10] ਮਿਲਾਤਾ ਹੇ ॥ ੧੨ ॥

## ਆਦਿ ਗ੍ਰੰਥ, ਪੰਨਾ ੯੩੯

ਦੂਜੈ ਭਾਇ ਲਗੇ ਪਛੁਤਾਣੇ ॥
ਜਮ ਦਰਿ ਬਾਧੇ ਆਵਣ ਜਾਣੇ ॥

1. ਮਿਲਦੀਆਂ ਹਨ। 2. ਸਜ਼ਾਵਾਂ। 3. ਦੋਸ਼ੀ। 4. ਕੀਰਨੇ। 5. ਹੁੰਦਾ ਹੈ। 6. ਮੱਛੀ। 7. ਪੈਂਦਾ ਹੁੰਦਾ ਹੈ। 8. ਅੰਨ੍ਹਾ। 9. ਸੜ ਜਾਂਦਾ ਹੈ। 10. ਪਾਣੀ ਵਿਚ।



## ਭਾਈ ਗੁਰਦਾਸ ਜੀ
## ਵਾਰ ੩੪ ਪਉੜੀ ੨

ਜੋ ਗੁਰ ਗੋਪੈ[1] ਆਪਣਾ ਕਿਉ ਸਿਝੈ[2] ਚੇਲਾ।
ਸੰਗਲੁ ਘਤਿ ਚਲਾਈਐ ਜਮ ਪੰਥਿ ਇਕੇਲਾ।
**ਲਹੈ ਸਜਾਈਂ ਨਰਕ ਵਿਚਿ ਉਹੁ ਖਰਾ ਦੁਹੇਲਾ[3]।**
**ਲਖ ਚਉਰਾਸੀਹ ਭਉਦਿਆਂ ਫਿਰਿ ਹੋਇ ਨ ਮੇਲਾ।**
ਜਨਮੁ ਪਦਾਰਥੁ ਹਾਰਿਆ ਜਿਉ ਜੂਏ ਖੇਲਾ।
ਹਥ ਮਰੋੜੈ ਸਿਰੁ ਧੁਨੈ ਉਹੁ ਲਹੈ ਨ ਵੇਲਾ ॥ ੨ ॥

1. ਛਿਪਾਵੈ। 2. ਮੁਕਤ ਹੋਣਾ। 3. ਦੁਖੀ।

## ਆਸਾ ਮਹਲਾ ੫
## ਆਦਿ ਗ੍ਰੰਥ, ਪੰਨਾ ੩੯੮

**ਹਰਿ ਹਰਿ ਅਖਰ ਦੁਇ ਇਹ ਮਾਲਾ॥**
ਜਪਤ ਜਪਤ ਭਏ ਦੀਨ ਦਇਆਲਾ॥ ੧॥
ਕਰਉ ਬੇਨਤੀ ਸਤਿਗੁਰ ਅਪੁਨੀ॥
ਕਰਿ ਕਿਰਪਾ ਰਾਖਹੁ ਸਰਣਾਈ
ਮੋ ਕਉ ਦੇਹੁ ਹਰੇ ਹਰਿ ਜਪਨੀ॥ ੧॥ ਰਹਾਉ॥
ਹਰਿ ਮਾਲਾ ਉਰ ਅੰਤਰਿ ਧਾਰੈ॥
ਜਨਮ ਮਰਣ ਕਾ ਦੂਖੁ ਨਿਵਾਰੈ॥ ੨॥
ਹਿਰਦੈ ਸਮਾਲੈ ਮੁਖਿ ਹਰਿ ਹਰਿ ਬੋਲੈ॥
ਸੋ ਜਨੁ ਇਤ ਉਤ ਕਤਹਿ[1] ਨ ਡੋਲੈ॥ ੩॥
**ਕਹੁ ਨਾਨਕ ਜੋ ਰਾਚੈ[2] ਨਾਇ॥**
**ਹਰਿ ਮਾਲਾ ਤਾ ਕੈ ਸੰਗਿ ਜਾਇ॥ ੪॥ ੧੯॥ ੭੦॥**

## ਪੰਨਾ ੧੩੬੪

ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ॥
ਆਦਿ ਜੁਗਾਦੀ ਸਗਲ ਭਗਤ ਤਾ ਕੋ ਸੁਖੁ ਬਿਸ੍ਰਾਮੁ॥ ੧॥

## ਪੰਨਾ ੪੭੬

ਜਿਤੁ ਕੋ ਲਾਇਆ ਤਿਤ ਹੀ ਲਾਗਾ ਤੈਸੇ ਕਰਮ ਕਮਾਵੈ॥

## ਪੰਨਾ ੧੧੩੫

ਹਰਿ ਕਾ ਸੰਤੁ ਹਰਿ ਕੀ ਹਰਿ ਮੂਰਤਿ
ਜਿਸੁ ਹਿਰਦੈ ਹਰਿ ਨਾਮੁ ਮੁਰਾਰਿ॥

1. ਕਿਤੇ ਵੀ। 2. ਨਾਮ ਵਿਚ ਰਚ-ਮਿਚ ਜਾਂਦਾ ਹੈ।



## ਭਾਈ ਗੁਰਦਾਸ ਜੀ
## ਵਾਰ ੩੯ ਪਉੜੀ ੧੧

ਅਮਲੀ ਖਾਸੇ ਮਜਲਸੀ[1] ਪਿਰਮੁ ਪਿਆਲਾ ਅਲਖੁ ਲਖਾਇਆ।
ਮਾਲਾ ਤਸਬੀ ਤੋੜਿ ਕੈ ਜਿਉ ਸਉ ਤਿਵੈ ਅਠੋਤਰੁ ਲਾਇਆ।
ਮੇਰੁ[2] ਇਮਾਮੁ[3] ਰਲਾਇ ਕੈ ਰਾਮੁ ਰਹੀਮੁ ਨ ਨਾਉਂ ਗਣਾਇਆ।
**ਦੁਇ[4] ਮਿਲਿ ਇਕੁ ਵਜੂਦ[5] ਹੁਇ ਚਉਪੜ ਸਾਰੀ ਜੋੜਿ ਜੁੜਾਇਆ।**
ਸਿਵ ਸਕਤੀ ਨੋ ਲੰਘਿ ਕੈ ਪਿਰਮ ਪਿਆਲੇ ਨਿਜ ਘਰਿ ਆਇਆ।
ਰਾਜਸੁ ਤਾਮਸੁ ਸਾਤਕੋ ਤੀਨੋ ਲੰਘਿ ਚਉਥਾ ਪਦੁ ਪਾਇਆ।
**ਗੁਰ ਗੋਵਿੰਦ ਖੁਦਾਇ ਪੀਰੁ ਗੁਰਸਿਖ ਪੀਰੁ ਮੁਰੀਦੁ ਲਖਾਇਆ।**
ਸਚੁ ਸਬਦ ਪਰਗਾਸੁ ਕਰਿ ਸਬਦ ਸੁਰਤਿ ਸਚੁ ਸਚਿ ਮਿਲਾਇਆ।
ਸਚਾ ਪਾਤਿਸਾਹੁ ਸਚੁ ਭਾਇਆ॥੧੧॥

1. ਸਤਿਸੰਗ ਦੇ। 2. ਮਾਲਾ ਦੇ ਸਿਰੇ ਦਾ ਮਣਕਾ। 3. ਤਸਬੀ ਦੇ ਸਿਰੇ ਦਾ ਮਣਕਾ। 4. ਦਵੈਤ। 5. ਇਕ ਰੂਪ।

## ਸਵਈਏ ਮਹਲੇ ਪੰਜਵੇ ਕੇ ੫
## ਆਦਿ ਗ੍ਰੰਥ, ਪੰਨਾ ੧੪੦੬

ਸਿਮਰੰ[1] ਸੋਈ ਪੁਰਖੁ ਅਚਲੁ[2] ਅਬਿਨਾਸੀ[3] ॥
ਜਿਸੁ ਸਿਮਰਤ ਦੁਰਮਤਿ[4] ਮਲੁ[5] ਨਾਸੀ ॥
ਸਤਿਗੁਰ ਚਰਣ ਕਵਲ ਰਿਦਿ ਧਾਰੰ[6] ॥
ਗੁਰ ਅਰਜੁਨ ਗੁਣ ਸਹਜਿ ਬਿਚਾਰੰ[7] ॥
ਗੁਰ ਰਾਮਦਾਸ ਘਰਿ ਕੀਅਉ ਪ੍ਰਗਾਸਾ ॥
ਸਗਲ ਮਨੋਰਥ ਪੂਰੀ ਆਸਾ ॥
ਤੈ ਜਨਮਤ ਗੁਰਮਤਿ ਬ੍ਰਹਮੁ ਪਛਾਣਿਓ ॥
ਕਲ੍ਯ ਜੋੜਿ ਕਰ ਸੁਜਸੁ ਵਖਾਣਿਓ ॥
ਭਗਤਿ ਜੋਗ ਕੌ ਜੈਤਵਾਰੁ ਹਰਿ ਜਨਕੁ ਉਪਾਯਉ ॥
ਸਬਦੁ ਗੁਰੂ ਪਰਕਾਸਿਓ ਹਰਿ ਰਸਨ ਬਸਾਯਉ ॥
**ਗੁਰ ਨਾਨਕ ਅੰਗਦ ਅਮਰ ਲਾਗਿ ਉਤਮ ਪਦੁ ਪਾਯਉ ॥**
**ਗੁਰੁ ਅਰਜੁਨੁ ਘਰਿ ਗੁਰ ਰਾਮਦਾਸ ਭਗਤ ਉਤਰਿ ਆਯਉ ॥ ੧ ॥**

## ਪੰਨਾ ੧੪੦੮

**ਜੋਤਿ ਰੂਪਿ ਹਰਿ ਆਪਿ, ਗੁਰੂ ਨਾਨਕ ਕਹਾਯਉ ॥**
**ਤਾ ਤੇ ਅੰਗਦੁ ਭਯਉ ਤਤ ਸਿਉ ਤਤੁ ਮਿਲਾਯਉ ॥**

1. ਮੈਂ ਸਿਮਰਦਾ ਹਾਂ। 2. ਚਲਾਇਮਾਨ ਨਹੀਂ। 3. ਨਾਸ ਰਹਿਤ। 4. ਖੋਟੀ ਮੱਤ। 5. ਮੈਲ। 6. ਮੈਂ ਧਾਰਦਾ ਹਾਂ। 7. ਸਹਿਜ ਸੁਭਾਵਕ ਵਿਚਰਦਾ ਹਾਂ।



## ਭਾਈ ਗੁਰਦਾਸ ਜੀ
## ਵਾਰ ੨੪ ਪਉੜੀ ੧੯

**ਪਿਉ ਦਾਦਾ ਪੜਦਾਦਿਅਹੁ[1] ਕੁਲ ਦੀਪਕੁ ਅਜਰਾਵਰ ਨਤਾ[2] ।**
**ਤਖਤੁ ਬਖਤੁ[3] ਲੈ ਮਲਿਆ ਸਬਦ ਸੁਰਤਿ ਵਾਪਾਰਿ ਸਪਤਾ[4] ।**
ਗੁਰਬਾਣੀ ਭੰਡਾਰੁ ਭਰਿ ਕੀਰਤਨੁ ਕਥਾ ਰਹੈ ਰੰਗ ਰਤਾ।
ਧੁਨਿ ਅਨਹਦਿ ਨਿਝਰੁ ਝਰੈ ਪੂਰਨ ਪ੍ਰੇਮਿ ਅਮਿਓ ਰਸ ਮਤਾ।
ਸਾਧ ਸੰਗਤਿ ਹੈ ਗੁਰੁ ਸਭਾ ਰਤਨ ਪਦਾਰਥ ਵਣਜ ਸਹਤਾ[5] ।
ਸਚੁ ਨੀਸਾਣੁ ਦੀਬਾਣੁ ਸਚੁ ਸਚੁ ਤਾਣੁ ਸਚੁ ਮਾਣੁ ਮਹਤਾ[6] ।
**ਅਬਚਲੁ ਰਾਜੁ ਹੋਆ ਸਣਖਤਾ[7] ॥ ੧੯ ॥**

1. ਗੁਰੂ ਅੰਗਦ ਵੱਲ ਇਸ਼ਾਰਾ। 2. ਪੋਤਰੇ ਦਾ ਪੋਤਰਾ। 3. ਭਾਗ। 4. ਪਤ ਧਰਮ ਸਾਥ। 5. ਲਾਭਦਾਇਕ। 6. ਵਡਿਆਈ। 7. ਸ੍ਰੇਸ਼ਟ ਗਿਆਨ ਵਾਲਾ।

## ਭੈਰਉ ਬਾਣੀ ਨਾਮਦੇਉ ਜੀਉ ਕੀ ਘਰੁ ੧
## ਆਦਿ ਗ੍ਰੰਥ, ਪੰਨਾ ੧੧੬੩-੬੪

ਦੂਧੁ ਕਟੋਰੈ ਗਡਵੈ[1] ਪਾਨੀ॥
ਕਪਲ ਗਾਇ[2] ਨਾਮੈ ਦੁਹਿ ਆਨੀ[3]॥੧॥
ਦੂਧੁ ਪੀਉ ਗੋਬਿੰਦੇ ਰਾਇ[4]॥
ਦੂਧੁ ਪੀਉ ਮੇਰੋ ਮਨੁ ਪਤੀਆਇ[5]॥
ਨਾਹੀ ਤ ਘਰ ਕੋ ਬਾਪੁ ਰਿਸਾਇ[6]॥੧॥ ਰਹਾਉ॥
ਸੋੁਇਨ ਕਟੋਰੀ ਅੰਮ੍ਰਿਤ ਭਰੀ॥
ਲੈ ਨਾਮੈ ਹਰਿ ਆਗੈ ਧਰੀ॥੨॥
ਏਕੁ ਭਗਤੁ ਮੇਰੇ ਹਿਰਦੇ ਬਸੈ॥
ਨਾਮੇ ਦੇਖਿ ਨਰਾਇਨੁ ਹਸੈ॥੩॥
ਦੂਧੁ ਪੀਆਇ ਭਗਤੁ ਘਰਿ ਗਇਆ॥
**ਨਾਮੇ ਹਰਿ ਕਾ ਦਰਸਨੁ ਭਇਆ॥੪॥੩॥**

1. ਗੜਵੀ ਵਿਚ। 2. ਭੂਰੇ ਜਾਂ ਚਿੱਟੇ ਰੰਗ ਦੀ ਗਾਂ। 3. ਚੋਅ ਲਿਆਂਦੀ ਹੈ। 4. ਵਾਹਿਗੁਰੂ। 5. ਰਾਜ਼ੀ ਹੋ ਜਾਵੇ, ਪਤੀਜ ਜਾਵੇ। 6. ਨਰਾਜ਼ ਹੋ ਜਾਏਗਾ।



## ਭਾਈ ਗੁਰਦਾਸ ਜੀ
## ਵਾਰ ੧੦ ਪਉੜੀ ੧੧

ਕੰਮ ਕਿਤੈ ਪਿਉ ਚਲਿਆ ਨਾਮਦੇਉ ਨੋ ਆਖਿ ਸਿਧਾਇਆ।
ਠਾਕੁਰ ਦੀ ਸੇਵਾ ਕਰੀ ਦੁਧੁ ਪੀਆਵਣੁ ਕਹਿ ਸਮਝਾਇਆ।
ਨਾਮਦੇਉ ਇਸਨਾਨੁ ਕਰਿ ਕਪਲ ਗਾਇ ਦੁਹਿਕੈ ਲੈ ਆਇਆ।
ਠਾਕੁਰ ਨੋ ਨ੍ਹਾਵਾਲਿਕੈ ਚਰਣੋਦਕੁ ਲੈ ਤਿਲਕੁ ਚੜ੍ਹਾਇਆ।
ਹਥਿ ਜੋੜਿ ਬਿਨਤੀ ਕਰੈ ਦੁਧੁ ਪੀਅਹੁ ਜੀ ਗੋਬਿੰਦ ਰਾਇਆ।
ਨਿਹਚਉ ਕਰਿ ਆਰਾਧਿਆ ਹੋਇ ਦਇਆਲੁ ਦਰਸੁ ਦਿਖਲਾਇਆ।
ਭਰੀ ਕਟੋਰੀ ਨਾਮਦੇਵਿ ਲੈ ਠਾਕੁਰ ਨੋ ਦੁਧੁ ਪੀਆਇਆ।
ਗਾਇ ਮੁਈ ਜੀਵਾਲੀਓਨੁ ਨਾਮਦੇਉ ਦਾ ਛਪਰੁ ਛਾਇਆ।
ਫੇਰਿ ਦੇਹੁਰਾ ਰਖਿਓਨੁ ਚਾਰਿ ਵਰਨ ਲੈ ਪੈਰੀ ਪਾਇਆ।
**ਭਗਤ ਜਨਾ ਦਾ ਕਰੇ ਕਰਾਇਆ॥੧੧॥**

## ਮਾਝ ਮਹਲਾ ੩
## ਆਦਿ ਗ੍ਰੰਥ, ਪੰਨਾ ੧੧੬

**ਤੇਰੀਆ ਖਾਣੀ[1] ਤੇਰੀਆ ਬਾਣੀ[2] ॥**
**ਬਿਨੁ ਨਾਵੈ ਸਭ ਭਰਮਿ ਭੁਲਾਣੀ ॥**
ਗੁਰ ਸੇਵਾ ਤੇ ਹਰਿ ਨਾਮੁ ਪਾਇਆ
ਬਿਨੁ ਸਤਿਗੁਰ ਕੋਇ ਨ ਪਾਵਣਿਆ ॥ ੧ ॥
ਹਉ ਵਾਰੀ ਜੀਉ ਵਾਰੀ ਹਰਿ ਸੇਤੀ ਚਿਤੁ ਲਾਵਣਿਆ ॥
ਹਰਿ ਸਚਾ ਗੁਰ ਭਗਤੀ ਪਾਈਐ
ਸਹਜੇ ਮੰਨਿ ਵਸਾਵਣਿਆ ॥ ੧ ॥ ਰਹਾਉ ॥
ਸਤਿਗੁਰੁ ਸੇਵੇ ਤਾ ਸਭ ਕਿਛੁ ਪਾਏ ॥
ਜੇਹੀ ਮਨਸਾ ਕਰਿ ਲਾਗੈ ਤੇਹਾ ਫਲੁ ਪਾਏ ॥
ਸਤਿਗੁਰੁ ਦਾਤਾ ਸਭਨਾ ਵਥੂ[3] ਕਾ
ਪੂਰੈ ਭਾਗਿ ਮਿਲਾਵਣਿਆ ॥ ੨ ॥
ਇਹੁ ਮਨੁ ਮੈਲਾ ਇਕੁ ਨ ਧਿਆਏ ॥
ਅੰਤਰਿ ਮੈਲੁ ਲਾਗੀ ਬਹੁ ਦੂਜੈ ਭਾਏ ॥
ਤਟਿ[4] ਤੀਰਥਿ ਦਿਸੰਤਰਿ[5] ਭਵੈ ਅਹੰਕਾਰੀ
ਹੋਰੁ ਵਧੇਰੈ ਹਉਮੈ ਮਲੁ ਲਾਵਣਿਆ ॥ ੩ ॥
... ... ... ...
ਸਦਾ ਹਜੂਰਿ ਦੂਰਿ ਨ ਜਾਣਹੁ ॥
ਗੁਰ ਸਬਦੀ ਹਰਿ ਅੰਤਰਿ ਪਛਾਣਹੁ ॥
**ਨਾਨਕ ਨਾਮਿ ਮਿਲੈ ਵਡਿਆਈ**
**ਪੂਰੇ ਗੁਰ ਤੇ ਪਾਵਣਿਆ ॥ ੮ ॥ ੧੧ ॥ ੧੨ ॥**

1. ਚਾਰ ਪ੍ਰਕਾਰ ਦੀਆਂ ਖਾਣੀਆਂ (ਅੰਡਜ, ਜੇਰਜ, ਸੇਤਜ, ਉਤਭੁਜ) 2. ਚਾਰ ਪ੍ਰਕਾਰ ਦੀ (ਬੇਖਰੀ, ਮਧਮਾ, ਪਸੰਤੀ, ਪਗ)। 3. ਵਸਤੂਆਂ ਦਾ। 4. ਨਦੀਆਂ ਦੇ ਕੰਢਿਆਂ ਉੱਤੇ। 5. ਦੇਸਾਂ ਅੰਦਰ।



## ਭਾਈ ਗੁਰਦਾਸ ਜੀ
## ਵਾਰ ੪੦ ਪਉੜੀ ੧੦

**ਖਾਣੀ ਬਾਣੀ ਜੁਗਿ ਚਾਰਿ ਲਖ ਚਉਰਾਸੀਹ ਜੂਨਿ ਉਪਾਈ।**
ਉਤਮ ਜੂਨਿ ਵਖਾਣੀਐ ਮਾਣਸਿ ਜੂਨਿ ਦੁਲੰਭ ਦਿਖਾਈ।
ਸਭਿ ਜੂਨੀ ਕਰਿ ਵਸਿ ਤਿਸੁ ਮਾਣਸਿ ਨੋ ਦਿਤੀ ਵਡਿਆਈ।
ਬਹੁਤੇ ਮਾਣਸ ਜਗਤ ਵਿਚਿ ਪਰਾਧੀਨ ਕਿਛੁ ਸਮਝਿ ਨ ਪਾਈ।
ਤਿਨ ਮੈ ਸੋ ਆਧੀਨ ਕੋ ਮੰਦੀ ਕੰਮੀਂ ਜਨਮੁ ਗਵਾਈ।
**ਸਾਧ ਸੰਗਤਿ ਦੇ ਵੁਠਿਆਂ ਲਖ ਚਉਰਾਸੀਹ ਫੇਰਿ ਮਿਟਾਈ।**
**ਗੁਰੁ ਸਬਦੀ ਵਡੀ ਵਡਿਆਈ ॥ ੧੦ ॥**

## ਸਲੋਕ ਮਹਲਾ ੧
## ਆਦਿ ਗ੍ਰੰਥ, ਪੰਨਾ ੪੭੦

ਸਿੰਮਲ ਰੁਖੁ ਸਰਾਇਰਾ[1] ਅਤਿ ਦੀਰਘ ਅਤਿ ਮੁਚੁ ॥
ਓਇ ਜਿ ਆਵਹਿ ਆਸ ਕਰਿ ਜਾਹਿ ਨਿਰਾਸੇ ਕਿਤੁ ॥
**ਫਲ ਫਿਕੇ ਫੁਲ ਬਕਬਕੇ[2] ਕੰਮਿ ਨ ਆਵਹਿ ਪਤ ॥**
ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥
ਸਭੁ ਕੋ ਨਿਵੈ ਆਪ ਕਉ ਪਰ ਕਉ[3] ਨਿਵੈ ਨ ਕੋਇ ॥
ਧਰਿ ਤਾਰਾਜੂ ਤੋਲੀਐ ਨਿਵੈ ਸੁ ਗਉਰਾ[4] ਹੋਇ ॥
**ਅਪਰਾਧੀ[5] ਦੂਣਾ ਨਿਵੈ ਜੋ ਹੰਤਾ ਮਿਰਗਾਹਿ ॥**
ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ[6] ਜਾਹਿ ॥੧॥

1. ਤੀਰ ਵਾਂਗ ਸਿੱਧਾ, ਲੰਮਾ ਤੇ ਮੋਟਾ। 2. ਬੇ-ਸੁਆਦ। 3. ਪਰਾਏ ਨੂੰ। 4. ਭਾਰਾ। 5. ਦੋਸ਼ੀ। 6. ਖੋਟੇ।



## ਭਾਈ ਗੁਰਦਾਸ ਜੀ
## ਵਾਰ ੩੬ ਪਉੜੀ ੧੦

ਉਚਾ ਲੰਮਾ ਝਾਟੁਲਾ[1] ਵਿਚਿ ਬਾਗ ਦਿਸੰਦਾ।
ਮੋਟਾ ਮੁਢੁ ਪਤਾਲਿ ਜੜਿ ਬਹੁ ਗਰਬ ਕਰੰਦਾ।
ਪਤ ਸੁਪਤਰ[2] ਸੋਹਣੇ ਵਿਸਥਾਰੁ ਬਣੰਦਾ।
**ਫੁਲ ਰਤੇ ਫਲ ਬਕਬਕੇ ਹੋਇ ਅਫਲ ਫਲੰਦਾ।**
ਸਾਵਾ ਤੋਤਾ ਚੁਹਚੁਹਾ[3] ਤਿਸੁ ਦੇਖਿ ਭੁਲੰਦਾ।
ਪਿਛੋ ਦੇ ਪਛੁਤਾਇਦਾ ਓਹੁ ਫਲੁ ਨ ਲਹੰਦਾ ॥੧੦॥

1. ਸੰਘਣਾ। 2. ਸਾਵੇ। 3. ਸੁਹਣਾ/ਸੋਹਣਾ।

## ਆਸਾ ਮਹਲਾ ੪ ਛੰਤ ਘਰੁ ੪
## ਆਦਿ ਗ੍ਰੰਥ, ਪੰਨਾ ੪੪੯

ਹਰਿ ਪ੍ਰੇਮ ਬਾਣੀ ਮਨੁ ਮਾਰਿਆ
ਅਣੀਆਲੇ[1] ਅਣੀਆ[2] ਰਾਮ ਰਾਜੇ ॥
ਜਿਸੁ ਲਾਗੀ ਪੀਰ ਪਿਰੰਮ ਕੀ ਸੋ ਜਾਣੈ ਜਰੀਆ[3] ॥
**ਜੀਵਨ ਮੁਕਤਿ ਸੋ ਆਖੀਐ ਮਰਿ ਜੀਵੈ ਮਰੀਆ ॥**
ਜਨ ਨਾਨਕ ਸਤਿਗੁਰੁ ਮੇਲਿ ਹਰਿ ਜਗੁ ਦੁਤਰੁ[4] ਤਰੀਆ ॥ ੨ ॥

## ਸੁਖਮਨੀ ਸਾਹਿਬ, ਪੰਨਾ ੨੭੫

ਪ੍ਰਭ ਕੀ ਆਗਿਆ ਆਤਮ ਹਿਤਾਵੈ ॥
ਜੀਵਨ ਮੁਕਤਿ ਸੋਊ ਕਹਾਵੈ ॥
ਤੈਸਾ ਹਰਖੁ ਤੈਸਾ ਉਸੁ ਸੋਗੁ ॥
ਸਦਾ ਅਨੰਦੁ ਤਹ ਨਹੀ ਬਿਓਗੁ ॥
ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥
ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥
ਤੈਸਾ ਮਾਨੁ ਤੈਸਾ ਅਭਿਮਾਨੁ ॥
ਤੈਸਾ ਰੰਕੁ ਤੈਸਾ ਰਾਜਾਨੁ ॥
ਜੋ ਵਰਤਾਏ ਸਾਈ ਜੁਗਤਿ ॥
**ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥ ੭ ॥**

1. ਅਣੀਆਂ ਨੋਕਾਂ। 2. ਤੀਰ। 3. ਸਹਾਰੀ ਹੈ, ਜਰੀ ਹੈ। 4. ਔਖਾ।



## ਭਾਈ ਗੁਰਦਾਸ ਜੀ
## ਵਾਰ ੪ ਪਉੜੀ ੧੭

ਗੁਰ ਸਿਖੀ ਗੁਰ ਸਿਖ ਸੁਣਿ ਅੰਦਰਿ ਸਿਆਣਾ ਬਾਹਰਿ ਭੋਲਾ[1]।
ਸਬਦਿ ਸੁਰਤਿ ਸਾਵਧਾਨ ਹੋਇ ਵਿਣੁ ਗੁਰਸਬਦਿ ਨ ਸੁਣਈ ਬੋਲਾ।
ਸਤਿਗੁਰ ਦਰਸਨੁ ਦੇਖਣਾ ਸਾਧ ਸੰਗਤਿ ਵਿਣੁ ਅੰਨ੍ਹਾ ਖੋਲਾ[2]।
ਵਾਹਗੁਰੂ ਗੁਰੁ ਸਬਦੁ ਲੈ ਪਿਰਮ ਪਿਆਲਾ ਚੁਪਿ ਚਬੋਲਾ[3]।
ਪੈਰੀ ਪੈ ਪਾਖਾਕ ਹੋਇ ਚਰਣਿ ਧੋਇ ਚਰਣੋਦਕ ਝੋਲਾ[4]।
ਚਰਣ ਕਵਲ ਚਿਤੁ ਭਵਰੁ ਕਰਿ ਭਵਜਲ ਅੰਦਰਿ ਰਹੈ ਨਿਰੋਲਾ।
**ਜੀਵਣਿ ਮੁਕਤਿ ਸਚਾਵਾ ਚੋਲਾ[5] ॥ ੧੭ ॥**

1. ਸਿੱਧਾ ਸਾਦਾ। 2. ਅੰਨ੍ਹਾ ਕਾਣਾ। 3. ਪੀਂਦਾ ਹੈ। 4. ਲੀਤਾ। 5. ਜਾਮਾ।

## ਭੈਰਉ ਬਾਣੀ ਭਗਤਾ ਕੀ ॥ ਕਬੀਰ ਜੀਉ ਘਰੁ ੧
## ਆਦਿ ਗ੍ਰੰਥ, ਪੰਨਾ ੧੧੫੮

ਗੰਗਾ ਕੈ ਸੰਗਿ ਸਲਿਤਾ[1] ਬਿਗਰੀ ॥
ਸੋ ਸਲਿਤਾ ਗੰਗਾ ਹੋਇ ਨਿਬਰੀ[2] ॥ ੧ ॥
ਬਿਗਰਿਓ ਕਬੀਰਾ ਰਾਮ ਦੁਹਾਈ ॥
ਸਾਚੁ ਭਇਓ[3] ਅਨ ਕਤਹਿ ਨ ਜਾਈ ॥ ੧ ॥ ਰਹਾਉ ॥
ਚੰਦਨ ਕੈ ਸੰਗਿ ਤਰਵਰੁ[4] ਬਿਗਰਿਓ ॥
ਸੋ ਤਰਵਰੁ ਚੰਦਨੁ ਹੋਇ ਨਿਬਰਿਓ ॥ ੨ ॥
ਪਾਰਸ ਕੈ ਸੰਗਿ ਤਾਂਬਾ ਬਿਗਰਿਓ ॥
ਸੋ ਤਾਂਬਾ ਕੰਚਨੁ ਹੋਇ ਨਿਬਰਿਓ ॥ ੩ ॥
**ਸੰਤਨ ਸੰਗਿ ਕਬੀਰਾ ਬਿਗਰਿਓ ॥**
**ਸੋ ਕਬੀਰੁ ਰਾਮੈ[5] ਹੋਇ ਨਿਬਰਿਓ ॥ ੪ ॥ ੫ ॥**

1. ਨਦੀ। 2. ਹੋ ਗਈ। 3. ਸੱਚ ਦਾ ਰੂਪ ਹੋ ਗਿਆ ਹੈ। 4. ਰੱਖ। 5. ਰਾਮ ਦਾ ਰੂਪ।



## ਭਾਈ ਗੁਰਦਾਸ ਜੀ
## ਵਾਰ ੧੦ ਪਉੜੀ ੧੫

ਹੋਇ ਬਿਰਕਤੁ ਬਨਾਰਸੀ ਰਹਿੰਦਾ ਰਾਮਾਨੰਦੁ ਗੁਸਾਈਂ।
ਅੰਮ੍ਰਿਤੁ ਵੇਲੇ ਉਠਿਕੈ ਜਾਂਦਾ ਗੰਗਾ ਨ੍ਹਾਵਣ ਤਾਈਂ।
ਅਗੋ ਹੀ ਦੇ ਜਾਇਕੈ ਲੰਮਾ ਪਿਆ ਕਬੀਰ ਤਿਥਾਈਂ।
ਪੈਰੀ ਟੁੰਬਿ[1] ਉਠਾਲਿਆ 'ਬੋਲਹੁ ਰਾਮ' ਸਿਖ ਸਮਝਾਈ।
ਜਿਉ ਲੋਹਾ ਪਾਰਸੁ ਛੁਹੇ ਚੰਦਨ ਵਾਸੁ ਨਿੰਮੁ ਮਹਕਾਈ[2]।
ਪਸੂ ਪਰੇਤਹੁ ਦੇਵ ਕਰਿ ਪੂਰੇ ਸਤਿਗੁਰ ਦੀ ਵਡਿਆਈ।
ਅਚਰਜ ਨੋ ਅਚਰਜੁ ਮਿਲੈ ਵਿਸਮਾਦੈ ਵਿਸਮਾਦੁ ਮਿਲਾਈ।
ਝਰਣਾ ਝਰਦਾ ਨਿਝਰਹੁ ਗੁਰਮੁਖਿ ਬਾਣੀ ਅਘੜ ਘੜਾਈ।
**ਰਾਮ ਕਬੀਰੈ ਭੇਦੁ ਨ ਭਾਈ ॥ ੧੫ ॥**

1. ਅੰਗੂਠੇ ਨਾਲ ਛੋਹ ਕੇ। 2. ਖੁਸ਼ਬੋ ਦਿੰਦੀ ਹੈ।

## ਮਾਰੂ ਵਾਰ ਮਹਲਾ ੫ ਡਖਣੇ ਮ: ੫
## ਆਦਿ ਗ੍ਰੰਥ, ਪੰਨਾ ੧੧੦੦
## ਪਉੜੀ

**ਧਰਤਿ ਆਕਾਸੁ ਪਾਤਾਲੁ ਹੈ ਚੰਦੁ ਸੂਰੁ[1] ਬਿਨਾਸੀ॥**
ਬਾਦਿਸਾਹ ਸਾਹ ਉਮਰਾਵ[2] ਖਾਨ ਢਾਹਿ ਡੇਰੇ ਜਾਸੀ॥
ਰੰਗ ਤੁੰਗ[3] ਗਰੀਬ ਮਸਤ ਸਭੁ ਲੋਕੁ ਸਿਧਾਸੀ॥
ਕਾਜੀ ਸੇਖ ਮਸਾਇਕਾ[4] ਸਭੇ ਉਠਿ ਜਾਸੀ॥
ਪੀਰ ਪੈਕਾਬਰ ਅਉਲੀਏ ਕੋ ਥਿਰੁ ਨ ਰਹਾਸੀ॥
ਰੋਜਾ ਬਾਗ ਨਿਵਾਜ ਕਤੇਬ ਵਿਣੁ ਬੁਝੇ ਸਭ ਜਾਸੀ॥
**ਲਖ ਚਉਰਾਸੀਹ ਮੇਦਨੀ ਸਭ ਆਵੈ ਜਾਸੀ॥**
**ਨਿਹਚਲੁ ਸਚੁ ਖੁਦਾਇ ਏਕੁ ਖੁਦਾਇ ਬੰਦਾ ਅਬਿਨਾਸੀ॥੧੭॥**

## ਬਚਿਤ੍ਰ ਨਾਟਕ

**ਜਿਤੇ ਰਾਮ ਹੂਏ ਸਭੈ ਅੰਤ ਮੂਏ॥**

## ਅਕਾਲ ਉਸਤਤਿ

ਦਾਰਾ ਸੇ ਦਿਲੀਸਰ, ਦ੍ਰੁਜੋਧਨ, ਸੇ ਮਾਨਧਾਰੀ,
ਭੋਗ ਭੋਗ ਭੂਮ, **ਅੰਤ ਭੂਮ ਮੇਂ ਮਿਲਤ ਹੈਂ॥** ੮॥ ੧੮॥

## ਆਦਿ ਗ੍ਰੰਥ, ਪੰਨਾ ੩੩੦

**ਇਸ ਤਨੁ ਧਨ ਕੋ ਕਿਆ ਗਰਬਈਆ॥**

## ਆਦਿ ਗ੍ਰੰਥ, ਪੰਨਾ ੧੧੫੭-੫੮

ਨਾਂਗੇ ਆਵਨੁ ਨਾਂਗੇ ਜਾਨਾ॥
**ਕੋਇ ਨ ਰਹਿ ਹੈ ਰਾਜਾ ਰਾਨਾ॥**

1. ਸੂਰਜ। 2. ਅਮੀਰ ਦਾ ਬਹੁਵਚਨ। 3. ਗਰੀਬ ਅਮੀਰ। 4. ਸੁਖ ਦਾ ਬਹੁਵਚਨ।



## ਭਾਈ ਗੁਰਦਾਸ ਜੀ
## ਵਾਰ ੧੩ ਪਉੜੀ ੮

**ਰੂਪ ਸਰੂਪ ਅਨੂਪ ਲਖ ਇੰਦ੍ਰ ਪੁਰੀ[1] ਵਸੰਦੇ।**
ਰੰਗ ਬਿਰੰਗ[2] ਸੁਰੰਗ ਲਖ ਬੈਕੁੰਠ ਰਹੰਦੇ।
ਲਖ ਜੋਬਨ ਸੀਗਾਰ ਲਖ ਲਖ ਵੇਸ ਕਰੰਦੇ।
ਲਖ ਦੀਵੇ ਲਖ ਤਾਰਿਆਂ ਜੋਤਿ ਸੂਰਜ ਚੰਦੇ।
ਰਤਨ ਜਵਾਹਰ ਲਖ ਮਣੀ ਜਗ ਮਗ ਟਹਕੰਦੇ[3]।
**ਗੁਰਮੁਖਿ ਸੁਖ ਫਲੁ ਪਿਰਮ ਰਸ ਜੋਤੀ ਨ ਪੁਜੰਦੇ॥੮॥**

1. ਇੰਦਰ ਦੀ ਪੁਰੀ, ਸਵਰਗ। 2. ਜਿਸ ਦੇ ਬਰਾਬਰ ਕੋਈ ਰੰਗ ਨਹੀਂ। 3. ਖਿੜੇ ਹੋਏ ਪ੍ਰਕਾਸ਼।

## ਸਲੋਕ ਮਹਲਾ ੩
## ਆਦਿ ਗ੍ਰੰਥ, ਪੰਨਾ ੧੪੧੭

ਮਨ ਆਵਣ ਜਾਣੁ ਨ ਸੁਝਈ
ਨਾ ਸੁਝੈ ਦਰਬਾਰੁ ॥
ਮਾਇਆ ਮੋਹਿ ਪਲੇਟਿਆ[1]
ਅੰਤਰਿ ਅਗਿਆਨੁ ਗੁਬਾਰੁ ॥
ਤਬ ਨਰੁ ਸੁਤਾ ਜਾਗਿਆ
ਸਿਰਿ ਡੰਡੁ ਲਗਾ[2] ਬਹੁ ਭਾਰੁ ॥
ਗੁਰਮੁਖਾਂ ਕਰਾਂ ਉਪਰਿ[3] ਹਰਿ ਚੇਤਿਆ
ਸੇ ਪਾਇਨਿ[4] ਮੋਖ ਦੁਆਰੁ ॥
**ਨਾਨਕ ਆਪਿ ਓਹਿ ਉਧਰੇ[5]**
**ਸਭ ਕੁਟੰਬ ਤਰੇ ਪਰਵਾਰ ॥ ੪੨ ॥**

1. ਲਪੇਟਿਆ। 2. ਜੁਰਮਾਨਾ ਲਾਇਆ। 3. ਹਰ ਵੇਲੇ। 4. ਪ੍ਰਾਪਤ ਕਰਦੇ ਹਨ। 5. ਸੰਸਾਰ ਦੇ ਵਿਕਾਰ ਤੋਂ ਬਚ ਗਏ।



## ਭਾਈ ਗੁਰਦਾਸ ਜੀ
## ਵਾਰ ੧੨ ਪਉੜੀ ੧

ਬਲਿਹਾਰੀ ਤਿਨ੍ਹਾਂ ਗੁਰ ਸਿਖਾਂ ਜਾਇ ਜਿਨਾ ਗੁਰ ਦਰਸਨੁ ਡਿਠਾ।
ਬਲਿਹਾਰੀ ਤਿਨ੍ਹਾਂ ਗੁਰ ਸਿਖਾਂ ਪੈਰੀ ਪੈ ਗੁਰ ਸਭਾ ਬਹਿਠਾ[1]।
ਬਲਿਹਾਰੀ ਤਿਨ੍ਹਾਂ ਗੁਰ ਸਿਖਾਂ ਗੁਰਮਤਿ ਬੋਲ ਬੋਲਦੇ ਮਿਠਾ।
ਬਲਿਹਾਰੀ ਤਿਨ੍ਹਾਂ ਗੁਰ ਸਿਖਾਂ ਪੁਤ੍ਰ ਮਿਤ੍ਰ ਗੁਰ ਭਾਈ ਇਠਾ[2]।
ਬਲਿਹਾਰੀ ਤਿਨ੍ਹਾਂ ਗੁਰ ਸਿਖਾਂ ਗੁਰ ਸੇਵਾ ਜਾਣਨਿ ਅਭਿਰਿਠਾ[3]।
**ਬਲਿਹਾਰੀ ਤਿਨ੍ਹਾਂ ਗੁਰ ਸਿਖਾਂ ਆਪਿ ਤਰੇ ਤਾਰੇਨਿ ਸਰਿਠਾ[4]।**
ਗੁਰਸਿਖ ਮਿਲਿਆ ਪਾਪ ਪਣਿਠਾ[5] ॥ ੧ ॥

1. ਬੈਠਦੇ ਹਨ। 2. ਇਸ਼ਟ, ਵਾਂਛਤ ਪਦਾਰਥ। 3. ਪਿਆਰੀ। 4. ਸ੍ਰਿਸ਼ਟੀ। 5. ਦੂਰ ਹੋਣਾ।

## ਰਾਗ ਪਰਭਾਤੀ ਬਿਭਾਸ, ਮਹਲਾ ੧, ਚਉਪਦੇ ਘਰੁ ੧
## ਆਦਿ ਗ੍ਰੰਥ, ਪੰਨਾ ੧੩੨੭

ਨਾਇ ਤੇਰੈ[1] ਤਰਣਾ ਨਾਇ ਪਤਿ ਪੂਜ॥
ਨਾਉ ਤੇਰਾ ਗਹਣਾ ਮਤਿ ਮਕਸੂਦੁ[2]॥
ਨਾਇ ਤੇਰੈ ਨਾਉ ਮੰਨੇ ਸਭ ਕੋਇ॥
ਵਿਣੁ ਨਾਵੈ ਪਤਿ ਕਬਹੁ ਨ ਹੋਇ॥੧॥
ਅਵਰ ਸਿਆਣਪ ਸਗਲੀ[3] ਪਾਜੁ[4]॥
ਜੈ ਬਖਸੇ ਤੈ ਪੂਰਾ ਕਾਜੁ॥੧॥ ਰਹਾਉ॥
ਨਾਉ ਤੇਰਾ ਤਾਣੁ ਨਾਉ ਦੀਬਾਣੁ[5]॥
ਨਾਉ ਤੇਰਾ ਲਸਕਰੁ ਨਾਉ ਸੁਲਤਾਨੁ॥
ਨਾਇ ਤੇਰੈ ਮਾਣੁ ਮਹਤ ਪਰਵਾਣੁ॥
ਤੇਰੀ ਨਦਰੀ ਕਰਮਿ[6] ਪਵੈ ਨੀਸਾਣੁ॥੨॥
ਨਾਇ ਤੇਰੈ ਸਹਜੁ ਨਾਇ ਸਾਲਾਹ॥
ਨਾਉ ਤੇਰਾ ਅੰਮ੍ਰਿਤੁ ਬਿਖੁ ਉਠਿ ਜਾਇ॥
ਨਾਇ ਤੇਰੈ ਸਭਿ ਸੁਖ ਵਸਹਿ ਮਨਿ ਆਇ॥
ਬਿਨੁ ਨਾਵੈ ਬਾਧੀ ਜਮ ਪੁਰਿ ਜਾਇ॥੩॥
ਨਾਰੀ ਬੇਰੀ ਘਰ ਦਰ ਦੇਸ॥
ਮਨ ਕੀਆ ਖੁਸੀਆ ਕੀਚਹਿ ਵੇਸ॥
**ਜਾਂ ਸਦੇ ਤਾਂ ਢਿਲ[7] ਨ ਪਾਇ॥**
**ਨਾਨਕ ਕੂੜੁ ਕੂੜੋ ਹੋਇ ਜਾਇ॥੪॥੧॥**

1. ਤੇਰੇ ਨਾਮ ਵਿਚ। 2. ਮਕਸਦ। 3. ਸਾਰੀ। 4. ਲੋਕ ਵਿਖਾਵਾ। 5. ਆਸਰਾ। 6. ਬਖਸ਼ਿਸ਼। 7. ਦੇਰੀ।



## ਭਾਈ ਗੁਰਦਾਸ ਜੀ
## ਵਾਰ ੨੯ ਪਉੜੀ ੧੩

ਹਉਮੈ ਗਰਬੁ[1] ਨਿਵਾਰੀਐ ਗੁਰਮੁਖਿ ਰਿਦੈ ਗਰੀਬੀ ਆਵੈ।
ਗਿਆਨ ਮਤੀ[2] ਘਟਿ ਚਾਨਣਾ ਭਰਮ ਅਗਿਆਨੁ ਅੰਧੇਰ ਮਿਟਾਵੈ।
ਹੋਇ ਨਿਮਾਣਾ ਢਹਿ ਪਵੈ ਦਰਗਹ ਮਾਣੁ ਨਿਮਾਣਾ ਪਾਵੈ।
ਖਸਮੈ ਸੋਈ ਭਾਂਵਦਾ ਖਸਮੈ ਦਾ ਜਿਸੁ ਭਾਣਾ ਭਾਵੈ।
ਭਾਣਾ ਮੰਨੈ ਮੰਨੀਐ ਅਪਣਾ ਭਾਣਾ ਆਪਿ ਮਨਾਵੈ।
**ਦੁਨੀਆ ਵਿਚਿ ਪਰਾਹੁਣਾ ਦਾਵਾ ਛਡਿ ਰਹੈ ਲਾ ਦਾਵੈ[3]।**
ਸਾਧ ਸੰਗਤਿ ਮਿਲਿ ਹੁਕਮਿ ਕਮਾਵੈ॥੧੩॥

## ਵਾਰ ੨੯ ਪਉੜੀ ੧੨

... ... ... ...
**ਚਲਣੁ ਜਾਣਿ ਸੁਜਾਣ ਹੋਇ ਜਗ ਮਿਹਮਾਨ ਆਏ ਮਿਹਮਾਣੀ।**
... ... ... ...

1. ਹੰਕਾਰ। 2. ਗਿਆਨ ਸਿੱਖਿਆ। 3. ਬੇ-ਦਾਵੇ।

## ਗਉੜੀ ਮਹਲਾ ੫
## ਆਦਿ ਗ੍ਰੰਥ, ਪੰਨਾ ੧੯੬

ਥਾਤੀ[1] ਪਾਈ ਹਰਿ ਕੋ ਨਾਮ॥
ਬਿਚਰੁ[2] ਸੰਸਾਰ ਪੂਰਨ ਸਭਿ ਕਾਮ॥ ੧॥
**ਵਡਭਾਗੀ ਹਰਿ ਕੀਰਤਨੁ ਗਾਈਐ॥**
ਪਾਰਬ੍ਰਹਮ ਤੂੰ ਦੇਹਿ ਤ ਪਾਈਐ॥ ੧॥ ਰਹਾਉ॥
ਹਰਿ ਕੇ ਚਰਣ ਹਿਰਦੈ ਉਰਿ ਧਾਰਿ॥
ਭਵ ਸਾਗਰੁ ਚੜਿ ਉਤਰਹਿ ਪਾਰਿ॥ ੨॥
ਸਾਧੂ ਸੰਗੁ ਕਰਹੁ ਸਭੁ ਕੋਇ॥
ਸਦਾ ਕਲਿਆਣ ਫਿਰਿ ਦੂਖੁ ਨ ਹੋਇ॥ ੩॥
ਪ੍ਰੇਮ ਭਗਤਿ ਭਜੁ ਗੁਣੀ ਨਿਧਾਨੁ॥
ਨਾਨਕ ਦਰਗਹ ਪਾਈਐ ਮਾਨੁ॥ ੪॥ ੯੪॥ ੧੫੩॥

## ਆਦਿ ਗ੍ਰੰਥ, ਪੰਨਾ ੮੦੫

ਵਡੈ ਭਾਗਿ **ਪ੍ਰਭ ਕੀਰਤਨੁ ਗਾਇਆ॥**
ਸੰਤ ਸੰਗਿ ਨਾਨਕ ਪ੍ਰਭੁ ਪਾਇਆ॥

## ਆਦਿ ਗ੍ਰੰਥ, ਪੰਨਾ ੮੨੭

ਹਰਿ ਕੇ ਚਰਨ ਜਪਿ ਜਾਂਉ ਕੁਰਬਾਨੁ॥
**ਗਾਵਹੁ ਗੁਣ ਕੀਰਤਨ ਨਿਤ ਸੁਆਮੀ**
**ਕਰਿ ਕਿਰਪਾ ਨਾਨਕ ਦੀਜੈ ਦਾਨੁ॥**

1. ਰਾਸਿ, ਪੂੰਜੀ। 2. ਫਿਰਦਾ ਰਹੁ।



## ਭਾਈ ਗੁਰਦਾਸ ਜੀ
## ਵਾਰ ੨੯ ਪਉੜੀ ੧੦

ਗੁਰਮੁਖਿ ਸੁਖਫਲੁ ਖਾਵਣਾ ਦੁਖੁ ਸੁਖੁ ਸਮਕਰਿ ਅਉਚਰ ਚਰਣਾ।
**ਗੁਰਸਿਖੀ ਦਾ ਗਾਵਣਾ ਅੰਮ੍ਰਿਤ ਬਾਣੀ ਨਿਝਰੁ ਝਰਣਾ।**
ਗੁਰਸਿਖੀ ਧੀਰਜੁ ਧਰਮੁ ਪਿਰਮ ਪਿਆਲਾ ਅਜਰੁ ਜਰਣਾ।
ਗੁਰਸਿਖੀ ਦਾ ਸੰਜਮੋ ਡਰਿ ਨਿਡਰੁ ਨਿਡਰ ਮੁਚ ਡਰਣਾ।
ਗੁਰਸਿਖੀ ਮਿਲਿ ਸਾਧਸੰਗਿ ਸਬਦ ਸੁਰਤਿ ਜਗੁ ਦੁਤਰੁ ਤਰਣਾ।
ਗੁਰਸਿਖੀ ਦਾ ਕਰਮ ਏਹੁ ਗੁਰ ਫੁਰਮਾਏ ਗੁਰ ਸਿਖ ਕਰਣਾ।
ਗੁਰ ਕਿਰਪਾ ਗੁਰੁ ਸਿਖੁ ਗੁਰੁ ਸਰਣਾ॥ ੧੦॥

## ਵਾਰ ੧੯ ਪਉੜੀ ੪

... ... ... ...
**ਗਾਵਣ ਮਾਝ ਮਲਾਰਿ ਸੁਘੜ ਸੁਜਾਣੀਐ॥**
... ... ... ...

## ਕਬਿੱਤ ਭਾਈ ਗੁਰਦਾਸ ਜੀ ੬੭੫

... ... ... ...
**ਰਾਗ ਜਾਤ ਰਾਗੀ ਜਾਨੈ, ਬੈਰਾਗੈ ਬੈਰਾਗੀ ਜਾਨੈ...**
... ... ... ...

## ਵਾਰ ੨੧ ਪਉੜੀ ੫

... ... ... ...
**ਰਾਗ ਨਾਦ ਵਿਸਮਾਦ ਗੁਣ ਨਿਧਿ ਗਾਵਈ॥**
... ... ... ...

## ਸਲੋਕ

## ਆਦਿ ਗ੍ਰੰਥ, ਪੰਨਾ ੮

**ਪਵਣੁ[1] ਗੁਰੂ[2] ਪਾਣੀ ਪਿਤਾ ਮਾਤਾ ਧਰਤਿ ਮਹਤੁ[3] ॥**
**ਦਿਵਸੁ ਰਾਤਿ ਦੁਇ ਦਾਈ ਦਾਇਆ[4] ਖੇਲੈ ਸਗਲ ਜਗਤੁ ॥**
ਚੰਗਿਆਈਆ ਬੁਰਿਆਈਆ ਵਾਚੈ[5] ਧਰਮੁ[6] ਹਦੂਰਿ[7] ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥
ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ[8] ॥
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ[9] ॥ ੧ ॥

### ਪੰਨਾ ੪੪

ਮਨ ਮੇਰੇ **ਸੁਖ ਸਹਜ ਸੇਤੀ ਜਪ ਨਾਉ ॥**
**ਆਠ ਪਹਰ ਪ੍ਰਭ ਧਿਆਇ ਤੂੰ ਗੁਣ ਗੋਇੰਦ ਨਿਤ ਗਾਉ ॥**

### ਪੰਨਾ ੨੯੯

**ਗੁਨ ਗਾਵਤ ਤੇਰੀ ਉਤਰਸਿ ਮੈਲੁ ॥**
ਬਿਨਸਿ ਜਾਇ ਹਉਮੈ ਬਿਖੁ ਫੈਲੁ ॥

### ਪੰਨਾ ੫੨੪

**ਸਾਹਿਬੁ ਸੇਵਕੁ ਇਕੁ, ਇਕੁ ਦ੍ਰਿਸਟਾਇਆ ॥**

### ਪੰਨਾ ੪੪

**ਨਾਮੁ ਧਿਆਏ ਸੋ ਸੁਖੀ, ਤਿਸੁ ਮੁਖੁ ਉਜਲੁ ਹੋਇ ॥**

1. ਹਵਾ। 2. ਗਿਆਨ ਪ੍ਰਕਾਸ਼ਕ। 3. ਵੱਡੀ। 4. ਖਿਡਾਵੀ ਤੇ ਖਿਡਾਵਾ। 5. ਪੜਤਾਲ ਕਰਦਾ ਹੈ। 6. ਧਰਮ ਰਾਜ। 7. ਹਜ਼ੂਰੀ ਵਿਚ। 8. ਘਾਲਣਾ ਕਰਕੇ। 9. ਸੰਗਿ ਕਰਕੇ।



## ਭਾਈ ਗੁਰਦਾਸ ਜੀ

## ਵਾਰ ੨ ਪਉੜੀ ੧੯

**ਪਵਣ ਗੁਰੂ ਗੁਰੁ ਸਬਦੁ[1] ਹੈ ਰਾਗ ਨਾਦ ਵਿਚਾਰਾ।**
**ਮਾਤ ਪਿਤਾ ਜਲੁ ਧਰਤਿ ਹੈ, ਉਤਪਤਿ ਸੰਸਾਰਾ।**
**ਦਾਈ ਦਾਇਆ ਰਾਤਿ ਦਿਹੁ ਵਰਤੇ ਵਰਤਾਰਾ।**
ਸਿਵ[2] ਸਕਤੀ[3] ਦਾ ਖੇਲੁ ਮੇਲੁ ਪਰਕਿਰਤਿ ਪਸਾਰਾ।
ਪਾਰਬ੍ਰਹਮ ਪੂਰਨ ਬ੍ਰਹਮੁ ਘਟਿ ਚੰਦੁ ਅਕਾਰਾ।
ਆਪੇ ਆਪਿ ਵਰੱਤਦਾ ਗੁਰਮੁਖਿ ਨਿਰਧਾਰਾ ॥ ੧੯ ॥

1. ਗੁਰੂ ਦਾ ਵਾਕ। 2. ਉਹ ਤਾਕਤ ਜੋ ਸੋਚ ਸਕਦੀ ਹੈ, ਯਥਾ ਚੇਤਨਤਾ। 3. ਉਹ ਤਾਕਤ ਜੋ ਕੇਵਲ ਬਲ ਰਖਦੀ ਹੈ, ਜਿਵੇਂ ਬਿਜਲੀ।

## ਰਾਮਕਲੀ ਮਹਲਾ ੧ ਦਖਣੀ ਓਅੰਕਾਰੁ
## ਆਦਿ ਗ੍ਰੰਥ, ਪੰਨਾ ੯੩੫

ਬੀਰਾ ਬੀਰਾ[1] ਕਰਿ ਰਹੀ ਬੀਰ ਭਏ ਬੈਰਾਇ[2] ॥
ਬੀਰ ਚਲੇ ਘਰਿ ਆਪਣੈ ਬਹਿਣ[3] ਬਿਰਹਿ[4] ਜਲਿ ਜਾਇ ॥
ਬਾਬੁਲ[5] ਕੈ ਘਰਿ[6] ਬੇਟੜੀ ਬਾਲੀ ਬਾਲੈ ਨੇਹਿ ॥
ਜੇ ਲੋੜਹਿ ਵਰੁ ਕਾਮਣੀ ਸਤਿਗੁਰੁ ਸੇਵਹਿ ਤੇਹਿ ॥
ਬਿਰਲੋ ਗਿਆਨੀ ਬੂਝਣਉ ਸਤਿਗੁਰੁ ਸਾਚਿ ਮਿਲੇਇ ॥
ਠਾਕੁਰ ਹਾਥਿ ਵਡਾਈਆ ਜੈ ਭਾਵੈ ਤੈ ਦੇਇ ॥
**ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥**
ਇਹ ਬਾਣੀ ਮਹਾ ਪੁਰਖ ਕੀ ਨਿਜ ਘਰਿ[7] ਵਾਸਾ ਹੋਇ ॥ ੪੦ ॥

1. ਜੀਵ ਆਤਮਾ/ਭਰਾ। 2. ਓਪਰੇ। 3. ਦੇਹੀ (ਭੈਣ)। 4. ਵਿਛੋੜੇ ਵਿਚ। 5. ਵਾਹਿਗੁਰੂ। 6. ਸੰਸਾਰ ਰੂਪੀ ਘਰ। 7. ਸਵੈ ਸਰੂਪ ਵਿਚ।



## ਭਾਈ ਗੁਰਦਾਸ ਜੀ
## ਵਾਰ ੧ ਪਉੜੀ ੩

ਚਉਰਾਸੀਹ ਲਖ ਜੋਨਿ ਵਿਚਿ ਉਤਮੁ ਜਨਮੁ ਸੁ ਮਾਣਸਿ ਦੇਹੀ।
ਅਖੀ ਵੇਖਣੁ ਕਰਨਿ ਸੁਣਿ ਮੁਖਿ ਸੁਭਿ ਬੋਲਣਿ ਬਚਨ ਸਨੇਹੀ।
ਹਥੀ ਕਾਰ ਕਮਾਵਣੀ ਪੈਰੀ ਚਲਿ ਸਤਿਸੰਗਿ ਮਿਲੇਹੀ।
ਕਿਰਤਿ ਵਿਰਤਿ ਕਰਿ ਧਰਮ ਦੀ ਖਟਿ ਖਵਾਲਣੁ ਕਾਰਿ ਕਰੇਹੀ।
**ਗੁਰਮੁਖਿ ਜਨਮੁ ਸਕਾਰਥਾ ਗੁਰਬਾਣੀ ਪੜ੍ਹਿ ਸਮਝਿ ਸੁਣੇਹੀ।**
ਗੁਰ ਭਾਈ ਸੰਤੁਸਟਿ ਕਰਿ ਚਰਣਾਮ੍ਰਿਤੁ ਲੈ ਮੁਖਿ ਪਿਵੇਹੀ।
ਪੈਰੀ ਪਵਣੁ ਨ ਛੋਡੀਐ ਕਲੀ ਕਾਲਿ ਰਹਰਾਸਿ ਕਰੇਹੀ।
ਆਪਿ ਤਰੇ ਗੁਰ ਸਿਖ ਤਰੇਹੀ ॥ ੩ ॥

## ਆਸਾ ਮਹਲਾ ੫

## ਆਦਿ ਗ੍ਰੰਥ, ਪੰਨਾ ੪੦੦-੪੦੧

ਸੂਖ ਸਹਜ ਆਨਦੁ ਘਣਾ[1] ਹਰਿ ਕੀਰਤਨੁ ਗਾਉ[2] ॥
ਗਰਹ[3] ਨਿਵਾਰੇ[4] ਸਤਿਗੁਰੂ ਦੇ ਅਪਣਾ ਨਾਉ ॥ ੧ ॥
ਬਲਿਹਾਰੀ ਗੁਰ ਆਪਣੇ ਸਦ ਸਦ ਬਲਿ ਜਾਉ ॥
ਗੁਰੂ ਵਿਟਹੁ[5] ਹਉ ਵਾਰਿਆ ਜਿਸੁ ਮਿਲਿ ਸਚੁ ਸੁਆਉ[6] ॥ ੧ ॥ ਰਹਾਉ ॥
**ਸਗੁਨ ਅਪਸਗੁਨ ਤਿਸ ਕਉ ਲਗਹਿ ਜਿਸੁ ਚੀਤਿ ਨ ਆਵੈ ॥**
**ਤਿਸੁ ਜਮੁ ਨੇੜਿ ਨ ਆਵਈ ਜੋ ਹਰਿ ਪ੍ਰਭਿ ਭਾਵੈ ॥ ੨ ॥**
ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ ॥
ਹਰਿ ਹਰਿ ਰਸਨਾ ਜੋ ਜਪੈ ਤਿਸੁ ਪੂਰਨ ਕਾਮੁ ॥ ੩ ॥
ਭੈ ਬਿਨਸੇ ਭ੍ਰਮ ਮੋਹ ਗਏ ਕੋ ਦਿਸੈ ਨ ਬੀਆ[7] ॥
ਨਾਨਕ ਰਾਖੇ ਪਾਰਬ੍ਰਹਮਿ ਫਿਰਿ ਦੂਖੁ ਨ ਥੀਆ ॥ ੪ ॥ ੧੮ ॥ ੧੨੦ ॥

## ਆਦਿ ਗ੍ਰੰਥ, ਪੰਨਾ ੪੮

**ਸੋਈ ਸਾਸਤੁ ਸਉਣ ਸੋਇ, ਜਿਤੁ ਜਪੀਐ ਹਰਿ ਨਾਉ ॥**

... ... ...

ਅਉਸਰਿ ਹਰਿ ਜਸੁ ਗੁਣ ਰਮਣ ਜਿਤੁ ਕੋਟਿ ਮਜਨ ਇਸਨਾਨੁ ॥
ਰਸਨਾ ਉਚਰੈ ਗੁਣਵਤੀ ਕੋਇ ਨ ਪੁਜੈ ਦਾਨੁ ॥

1. ਬਹੁਤਾ। 2. ਮੈਂ ਗਾਉਂਦਾ ਹਾਂ। 3. ਨੌਂ ਗ੍ਰਹਿ। 4. ਦੂਰ ਕਰ ਦਿੱਤੇ। 5. ਤੋਂ। 6. ਜੀਵਨ ਦਾ ਮਨੋਰਥ। 7. ਦੂਜਾ।



## ਭਾਈ ਗੁਰਦਾਸ ਜੀ

## ਵਾਰ ੫ ਪਉੜੀ ੮

**ਸਉਣ[1] ਸਗੁਨ ਵੀਚਾਰਣੇ ਨਉ ਗ੍ਰਿਹ ਬਾਰਹ ਰਾਸਿ ਵੀਚਾਰਾ।**
**ਕਾਮਣ ਟੂਣੇ ਅਉਸੀਆ ਕਣਸੋਈ ਪਾਸਾਰ ਪਸਾਰਾ।**
**ਗਦਹੁ ਕੁਤੇ ਬਿਲੀਆ ਇਲ[2] ਮਲਾਲੀ[3] ਗਿਦੜ ਛਾਰਾ[4]।**
**ਨਾਰਿ ਪੁਰਖੁ ਪਾਣੀ ਅਗਨਿ ਛਿਕ ਪਦ ਹਿਡਕੀ ਵਰਤਾਰਾ।**
**ਥਿਤਿ ਵਾਰ ਭਦ੍ਰਾ ਭਰਮ ਦਿਸਾਸੂਲ ਸਹਸਾ ਸੈਸਾਰਾ।**
ਵਲਛਲ ਕਰਿ ਵਿਸਵਾਸ ਲਖ ਬਹੁ ਚੁਖੀ ਕਿਉ ਰਵੈ ਭਤਾਰਾ।
ਗੁਰਮੁਖਿ ਸੁਖ ਫਲੁ ਪਾਰ ਉਤਾਰਾ ॥ ੮ ॥

1. ਜੋਤਸ਼। 2. ਇੱਲਾਂ। 3. ਮੈਨਾ। 4. ਵਾਵਰੋਲੇ।

## ਸਿਧ ਗੋਸਟਿ
## ਆਦਿ ਗ੍ਰੰਥ, ਪੰਨਾ ੯੪੧

ਗੁਰਮੁਖਿ[1] ਪਰਚੈ[2] ਬੇਦ ਬੀਚਾਰੀ[3] ॥
ਗੁਰਮੁਖਿ ਪਰਚੈ ਤਰੀਐ ਤਾਰੀ[4] ॥
**ਗੁਰਮੁਖਿ ਪਰਚੈ ਸੁ ਸਬਦਿ[5] ਗਿਆਨੀ[6] ॥**
**ਗੁਰਮੁਖਿ ਪਰਚੈ ਅੰਤਰ ਬਿਧਿ[7] ਜਾਨੀ ॥**
ਗੁਰਮੁਖਿ ਪਾਈਐ ਅਲਖ ਅਪਾਰੁ[8] ॥
ਨਾਨਕ ਗੁਰਮੁਖਿ ਮੁਕਤਿ ਦੁਆਰੁ[9] ॥੨੮॥

1. ਗੁਰੂ ਦਾ ਅਨੁਸਾਰੀ। 2. ਪਰਚਦਾ ਹੈ/ਪਤੀਜਦਾ ਹੈ। 3. ਗਿਆਨ ਵਿਚਾਰਵਾਨ ਹੈ। 4. ਨਾਮ ਸਿਮਰਨ ਦੀ ਤਾਰੀ। 5. ਸ਼ਬਦ ਦੁਆਰਾ। 6. ਆਤਮਕ ਸੋਝੀ ਵਾਲਾ। 7. ਆਤਮਿਕ ਰਹਿਣੀ ਦੀ ਜੁਗਤੀ। 8. ਬੇਅੰਤ। 9. ਮੁਕਤੀ ਦਾ ਦਰਵਾਜ਼ਾ।



## ਭਾਈ ਗੁਰਦਾਸ ਜੀ
## ਵਾਰ ੨੮ ਪਉੜੀ ੧੫

ਪਿਛਲ ਰਾਤੀਂ[1] ਜਾਗਣਾ ਨਾਮੁ ਦਾਨੁ ਇਸਨਾਨੁ ਦਿੜਾਏ।
ਮਿਠਾ[2] ਬੋਲਣੁ ਨਿਵ ਚਲਣੁ ਹਥਹੁ ਦੇ ਕੈ ਭਲਾ ਮਨਾਏ।
ਥੋੜਾ ਸਵਣਾ ਖਾਵਣਾ ਥੋੜਾ ਬੋਲਨੁ ਗੁਰਮਤਿ[3] ਪਾਏ।
ਘਾਲਿ[4] ਖਾਇ ਸੁਕ੍ਰਿਤੁ ਕਰੈ ਵਡਾ ਹੋਇ ਨ ਆਪੁ ਗਣਾਏ।
ਸਾਧ ਸੰਗਤਿ ਮਿਲਿ ਗਾਂਵਦੇ ਰਾਤਿ ਦਿਹੈਂ ਨਿਤ ਚਲਿ ਚਲਿ ਜਾਏ।
**ਸਬਦ ਸੁਰਤਿ ਪਰਚਾ[5] ਕਰੈ ਸਤਿਗੁਰੁ ਪਰਚੈ ਮਨੁ ਪਰਚਾਏ।**
ਆਸਾ ਵਿਚਿ ਨਿਰਾਸੁ ਵਲਾਏ ॥੧੫॥

1. ਪਹਿਰ ਰਾਤ ਰਹੀ। 2. ਕੋਮਲ ਬਚਨ। 3. ਗੁਰੂ ਸਿੱਖਿਆ। 4. ਕਮਾਈ। 5. ਪ੍ਰੇਮ। 6. ਰਹੇ।

## ਜੈਜਾਵੰਤੀ ਮਹਲਾ ੯
## ਆਦਿ ਗ੍ਰੰਥ, ਪੰਨਾ ੧੩੫੨-੫੩

ਬੀਤ ਜੈਹੈ[1] ਬੀਤ ਜੈਹੈ ਜਨਮੁ ਅਕਾਜੁ[2] ਰੇ ॥
ਨਿਸਿ ਦਿਨੁ[3] ਸੁਨਿ ਕੈ ਪੁਰਾਨ[4] ਸਮਝਤ ਨਹ ਰੇ ਅਜਾਨ[5] ॥
ਕਾਲੁ[6] ਤਉ ਪਹੂਚਿਓ ਆਨਿ ਕਹਾ ਜੈਹੈ ਭਾਜਿ ਰੇ ॥ ੧ ॥ ਰਹਾਉ ॥
**ਅਸਥਿਰੁ ਜੋ ਮਾਨਿਓ ਦੇਹ ਸੋ ਤਉ ਤੇਰਉ ਹੋਇ ਹੈ ਖੇਹ ॥**
**ਕਿਉ ਨ ਹਰਿ ਕੋ ਨਾਮੁ ਲੇਹਿ ਮੂਰਖ ਨਿਲਾਜ[7] ਰੇ ॥ ੧ ॥**
ਰਾਮ ਭਗਤਿ ਹੀਏ[8] ਆਨਿ ਛਾਡਿ ਦੇ ਤੈ ਮਨ ਕੋ ਮਾਨੁ ॥
ਨਾਨਕ ਜਨ ਇਹ ਬਖਾਨਿ ਜਗ ਮਹਿ ਬਿਰਾਜੁ ਰੇ ॥ ੨ ॥ ੪ ॥

## ਆਦਿ ਗ੍ਰੰਥ, ਪੰਨਾ ੧੪੨੮

**ਬਾਲ ਜੁਆਨੀ ਅਰੁ ਬਿਰਧਿ ਫੁਨਿ**
**ਤੀਨਿ ਅਵਸਥਾ ਜਾਨਿ ॥**

1. ਬੀਤਦਾ ਜਾ ਰਿਹਾ ਹੈ। 2. ਵਿਅਰਥ। 3. ਦਿਨ ਰਾਤ। 4. ਹਿੰਦੂ ਮਤ ਦੀਆਂ ਪੁਸਤਕਾਂ। 5. ਬੇਸਮਝ। 6. ਮੌਤ। 7. ਨਿਲੱਜ। 8. ਹਿਰਦੇ ਵਿਚ।



## ਭਾਈ ਗੁਰਦਾਸ ਜੀ
## ਵਾਰ ੫ ਪਉੜੀ ੧੯

ਸੁਧਿ[1] ਨ ਹੋਵੈ ਬਾਲ ਬੁਧਿ ਬਾਲਕ ਲੀਲਾ ਵਿਚਿ ਵਿਹਾਵੈ।
ਭਰ ਜੋਬਨਿ ਭਰਮਾਈਐ ਪਰ ਤਨ ਧਨ ਪਰ ਨਿੰਦ ਲੁਭਾਵੈ।
ਬਿਰਧਿ ਹੋਆ ਜੰਜਾਲ ਵਿਚਿ ਮਹਾ ਜਾਲੁ ਪਰਵਾਰੁ ਫਹਾਵੈ।
ਬਲ ਹੀਨਾ ਮਤਿ ਹੀਣੁ ਹੋਇ ਨਾਉ ਬਹਤਰਿਆ ਬਰੜਾਵੈ[2]।
ਅੰਨ੍ਹਾ ਬੋਲਾ ਪਿੰਗਲਾ ਤਨੁ ਥਕਾ ਮਨੁ ਦਹਦਿਸੁ ਧਾਵੈ।
**ਸਾਧ ਸੰਗਤਿ ਗੁਰ ਸਬਦ ਵਿਣੁ ਲਖ ਚਉਰਾਸੀਹ ਜੂਨਿ ਭਵਾਵੈ।**
ਅਉਸਰੁ[3] ਚੁਕਾ ਹਥਿ ਨ ਆਵੈ ॥ ੧੯ ॥

1. ਗਿਆਨ। 2. ਨੀਂਦ ਵਿਚ ਬੋਲਣਾ। 3. ਸਮਾਂ, ਮਨੁੱਖ ਦੇਹ।

## ਸਤੇ ਬਲਵੰਡ ਦੀ ਵਾਰ

## ਆਦਿ ਗ੍ਰੰਥ, ਪੰਨਾ ੯੬੭-੬੮

**ਸੋ ਟਿਕਾ[1] ਸੋ ਬੈਹਣਾ ਸੋਈ ਦੀਬਾਣੁ[2] ॥**
**ਪਿਯੂ ਦਾਦੇ ਜੇਵਿਹਾ ਪੋਤਾ ਪਰਵਾਣੁ ॥**
ਜਿਨਿ ਬਾਸਕੁ[3] ਨੇਤ੍ਰੈ ਘਤਿਆ ਕਰਿ ਨੇਹੀ ਤਾਣੁ[4] ॥
ਜਿਨਿ ਸਮੁੰਦੁ ਵਿਰੋਲਿਆ ਕਰਿ ਮੇਰੁ ਮਧਾਣੁ ॥
ਚਉਦਹ ਰਤਨ ਨਿਕਾਲਿਅਨੁ ਕੀਤੋਨੁ ਚਾਨਾਣੁ ॥
ਘੋੜਾ ਕੀਤੋ ਸਹਜ[5] ਦਾ ਜਤੁ ਕੀਓ ਪਲਾਣੁ ॥
ਧਣਖੁ ਚੜਾਇਓ ਸਤ ਦਾ ਜਸ ਹੰਦਾ ਬਾਣੁ ॥
ਕਲਿ ਵਿਚਿ ਧੂ ਅੰਧਾਰੁ ਸਾ ਚੜਿਆ ਰੈ ਭਾਣੁ ॥
ਸਤਹੁ ਖੇਤੁ ਜਮਾਇਓ ਸਤਹੁ ਛਾਵਾਣੁ ॥
ਨਿਤ ਰਸੋਈ ਤੇਰੀਐ ਘਿਉ ਮੈਦਾ ਖਾਣੁ ॥
ਚਾਰੇ ਕੁੰਡਾਂ ਸੁਝੀਓਸੁ ਮਨ ਮਹਿ ਸਬਦੁ ਪਰਵਾਣੁ ॥
ਆਵਾ ਗਉਣੁ ਨਿਵਾਰਿਓ ਕਰਿ ਨਦਰਿ ਨੀਸਾਣੁ ॥
ਅਉਤਰਿਆ ਅਉਤਾਰੁ ਲੈ ਸੋ ਪੁਰਖੁ ਸੁਜਾਣੁ ॥
ਝਖੜਿ ਵਾਉ ਨ ਡੋਲਈ ਪਰਬਤੁ ਮੇਰਾਣੁ ॥
ਜਾਣੈ ਬਿਰਥਾ ਜੀਅ ਕੀ ਜਾਣੀ ਹੂ ਜਾਣੁ ॥
ਕਿਆ ਸਾਲਾਹੀ ਸਚੇ ਪਾਤਿਸਾਹ ਜਾਂ ਤੂ ਸੁਘੜੁ ਸੁਜਾਣੁ ॥
ਦਾਨੁ ਜਿ ਸਤਿਗੁਰ ਭਾਵਸੀ ਸੋ ਸਤੇ ਦਾਣੁ ॥
ਨਾਨਕ ਹੰਦਾ ਛਤ੍ਰੁ ਸਿਰਿ ਉਮਤਿ[6] ਹੈਰਾਣੁ ॥
**ਸੋ ਟਿਕਾ ਸੋ ਬੈਹਣਾ ਸੋਈ ਦੀਬਾਣੁ ॥**
**ਪਿਯੂ ਦਾਦੇ ਜੇਵਿਹਾ ਪੋਤ੍ਰਾ ਪਰਵਾਣੁ ॥ ੬ ॥**

1. ਤਿਲਕ ਥਾਪਣਾ। 2. ਦਰਬਾਰ। 3. ਸੱਪ। 4. ਆਤਮਕ ਬਲ। 5. ਅਡੋਲ ਅਵਸਥਾ। 6. ਸਿੱਖੀ ਸੇਵਕੀ।



## ਭਾਈ ਗੁਰਦਾਸ ਜੀ

## ਵਾਰ ੧ ਪਉੜੀ ੪੬

**ਸੋ ਟਿਕਾ[1] ਸੋ ਛਤ੍ਰੁ ਸਿਰਿ ਸੋਈ ਸਚਾ ਤਖਤ ਟਿਕਾਈ[2]।**
ਗੁਰ ਨਾਨਕ ਹੰਦੀ[3] ਮੁਹਰਿ[4] ਹਥਿ ਗੁਰ ਅੰਗਦ ਦੀ ਦੋਹੀ ਫਿਰਾਈ।
ਦਿਤਾ ਛੋੜਿ ਕਰਤਾਰਪੁਰੁ ਬੈਠਿ ਖਡੂਰੇ ਜੋਤਿ ਜਗਾਈ।
ਜੰਮੇ ਪੂਰਬਿ ਬੀਜਿਆ ਵਿਚਿ ਵਿਚਿ ਹੋਰੁ ਕੂੜੀ ਚਤੁਰਾਈ।
ਲਹਣੇ ਪਾਈ ਨਾਨਕੋ ਦੇਣੀ ਅਮਰਦਾਸਿ ਘਰਿ ਆਈ।
ਗੁਰੁ ਬੈਠਾ ਅਮਰੁ ਸਰੂਪ ਹੋਇ ਗੁਰਮੁਖਿ ਪਾਈ ਦਾਤਿ ਇਲਾਹੀ[5]।
ਫੇਰ ਵਸਾਇਆ ਗੋਇੰਦਵਾਲੁ ਅਚਰਜੁ ਖੇਲੁ ਨ ਲਖਿਆ ਜਾਈ।
**ਦਾਤਿ ਜੋਤਿ ਖਸਮੈ ਵਡਿਆਈ ॥ ੪੬ ॥**

1. ਤਿਲਕ। 2. ਬਿਰਾਜਮਾਨੀ। 3. ਦੀ। 4. ਛਾਪ। 5. ਈਸ਼ਵਰੀ।

## ਭੈਰਉ ਬਾਣੀ ਨਾਮਦੇਉ ਜੀਉ ਕੀ ਘਰੁ ੧
## ੧ੴ ਸਤਿਗੁਰ ਪ੍ਰਸਾਦਿ ॥
## ਆਦਿ ਗ੍ਰੰਥ, ਪੰਨਾ ੧੧੬੩

**ਪਰ ਧਨ ਪਰ ਦਾਰਾ[1] ਪਰਹਰੀ[2] ॥**
**ਤਾ ਕੈ ਨਿਕਟਿ ਬਸੈ ਨਰਹਰੀ[3] ॥੧॥**
ਜੋ ਨ ਭਜੰਤੇ ਨਾਰਾਇਣਾ ॥
ਤਿਨ ਕਾ ਮੈ ਨ ਕਰਉ ਦਰਸਨਾ ॥੧॥ ਰਹਾਉ ॥
ਜਿਨ ਕੈ ਭੀਤਰਿ ਹੈ ਅੰਤਰਾ[4] ॥
ਜੈਸੇ ਪਸੁ ਤੈਸੇ ਓਇ ਨਰਾ ॥੨॥
ਪ੍ਰਣਵਤਿ ਨਾਮਦੇਉ ਨਾਕਹਿ ਬਿਨਾ[5] ॥
ਨਾ ਸੋਹੈ ਬਤੀਸ ਲਖਨਾ[6] ॥੩॥੨॥

1. ਪਰਾਈ ਇਸਤਰੀ। 2. ਤਿਆਗ ਦਿੱਤੀ। 3. ਨਰਸਿੰਘ ਦਾ ਅਵਤਾਰ ਵਾਹਿਗੁਰੂ। 4. ਵਾਹਿਗੁਰੂ ਨਾਲੋਂ ਜੁਦਾਈ। 5. ਨਾਮ ਰੂਪੀ ਨੱਕ। 6. ਸਰੀਰਕ ਸੁੰਦਰਤਾ ਦੇ ਬੱਤੀ ਲੱਛਣਾਂ ਵਾਲਾ।



## ਭਾਈ ਗੁਰਦਾਸ ਜੀ
## ਵਾਰ ੩੯ ਪਉੜੀ ੧੯

ਨਾਰੀ ਪੁਰਖੁ[1] ਪਿਆਰੁ ਹੈ ਪੁਰਖੁ ਪਿਆਰ ਕਰੇਂਦਾ ਨਾਰੀ।
ਨਾਰਿ ਭਤਾਰੁ ਸੰਜੋਗ ਮਿਲਿ ਪੁਤ ਸਪੁਤੁ ਕੁਪੁਤੁ ਸੈਂਸਾਰੀ।
ਪੁਰਖ ਪੁਰਖਾਂ ਜੋ ਰਚਨਿ ਤੇ ਵਿਰਲੇ ਨਿਰਮਲ ਨਿਰੰਕਾਰੀ।
ਪੁਰਖਹੁੰ[2] ਪੁਰਖ[3] ਉਪਜਦਾ[4] ਗੁਰੁ ਤੇ ਚੇਲਾ ਸਬਦ ਵੀਚਾਰੀ।
ਪਾਰਸ ਹੋਆ ਪਾਰਸਹੁੰ ਗੁਰੁ ਚੇਲਾ ਚੇਲਾ ਗੁਣਕਾਰੀ।
ਗੁਰਮੁਖਿ ਵੰਸੀ ਪਰਮਹੰਸ ਗੁਰਸਿਖ ਸਾਧ[5] ਸੇ ਪਰਉਪਕਾਰੀ।
ਗੁਰਭਾਈ ਗੁਰਭਾਈਆਂ ਸਾਕ ਸਚਾ ਗੁਰਵਾਕ ਜੁਹਾਰੀ।
**ਪਰ ਤਨ ਪਰ ਧਨੁ ਪਰਹਰੇ ਪਰ ਨਿੰਦਾ ਹਉਮੈ ਪਰਹਾਰੀ।**
ਸਾਧਸੰਗਤਿ ਵਿਟਹੁੰ ਬਲਿਹਾਰੀ।੧੯॥

1. ਪਤੀ। 2. ਅਕਾਲ ਪੁਰਖ 3. ਆਦਮੀ। 4. ਉਤਪੰਨ ਹੁੰਦਾ ਹੈ। 5. ਸ੍ਰੇਸ਼ਟ।

## ਆਸਾ ਮਹਲਾ ੧
## ਆਦਿ ਗ੍ਰੰਥ, ਪੰਨਾ ੩੫੭

ਛਿਅ[1] ਘਰ ਛਿਅ ਗੁਰ[2] ਛਿਅ ਉਪਦੇਸ[3] ॥
ਗੁਰੁ ਗੁਰੁ ਏਕੋ ਵੇਸ[4] ਅਨੇਕ ॥ ੧ ॥
ਬਾਬਾ ਜੈ[5] ਘਰਿ ਕਰਤੇ ਕੀਰਤਿ ਹੋਇ ॥
ਸੋ ਘਰੁ ਰਾਖੁ ਵਡਾਈ ਤੋਇ ॥ ੧ ॥ ਰਹਾਉ ॥
ਵਿਸੁਏ[6] ਚਸਿਆ[7] ਘੜੀਆ[8] ਪਹਰਾ
ਥਿਤੀ ਵਾਰੀ ਮਾਹੁ ਹੋਆ ॥
**ਸੂਰਜੁ ਏਕੋ ਰੁਤਿ ਅਨੇਕ ॥**
ਨਾਨਕ ਕਰਤੇ ਕੇ ਕੇਤੇ ਵੇਸ ॥ ੨ ॥ ੩੦ ॥

1. ਛੇ ਸ਼ਾਸਤਰ। 2. ਸ਼ਾਸਤਰਾਂ ਦੇ ਰਚਨ ਵਾਲੇ। 3. ਛੇ ਸ਼ਾਸਤਰਾਂ ਦੀ ਵੱਖੋ-ਵੱਖਰੀ ਸਿੱਖਿਆ। 4. ਰੂਪ। 5. ਜਿਸ ਸਤਿਸੰਗੁ ਵਿਚ ਜਾਂ ਘਰ ਵਿਚ। 6. 15 ਵਾਰੀ ਅੱਖ ਦੇ ਝਮਕਣ ਦਾ ਸਮਾਂ। 7. 15 ਵਿਸ਼ਿਆਂ ਦਾ ਇਕ ਚਸਾ। 8. 3 ਚਸਿਆਂ ਦਾ ਇਕ ਪਲ ਤੇ 60 ਪਲਾਂ ਦੀ ਇਕ ਘੜੀ।



## ਭਾਈ ਗੁਰਦਾਸ ਜੀ
## ਵਾਰ ੨ ਪਉੜੀ ੧੪

ਪਲ ਘੜੀਆ ਮੂਰਤਿ[1] ਪਹਰਿ ਥਿਤ ਵਾਰ ਗਣਾਏ।
ਦੁਇ ਪਖ ਬਾਰਹ ਮਾਹ ਕਰਿ ਸੰਜੋਗ ਬਣਾਏ।
ਛਿਅ ਰੁਤੀ ਵਰਤਾਈਆਂ ਬਹੁ ਚਲਿਤ ਬਣਾਏ।
**ਸੂਰਜੁ ਇਕੁ ਵਰਤਦਾ ਲੋਕੁ ਵੇਦ ਅਲਾਏ[2]।**
ਚਾਰਿ ਵਰਨ ਛਿਅ ਦਰਸਨਾਂ ਬਹੁ ਪੰਥਿ ਚਲਾਏ।
ਆਪੇ ਆਪਿ ਵਰੱਤਦਾ ਗੁਰਮੁਖਿ ਸਮਝਾਏ ॥ ੧੪ ॥

1. ਮਹੂਰਤ। 2. ਕਹਿਣਾ।

## ਮਾਝ ਮਹਲਾ ੩
## ਆਦਿ ਗ੍ਰੰਥ, ਪੰਨਾ ੧੧੭

ਉਤਪਤਿ ਪਰਲਉ[1] ਸਬਦੇ[2] ਹੋਵੈ॥
ਸਬਦੇ ਹੀ ਫਿਰਿ ਓਪਤਿ[3] ਹੋਵੈ॥
ਗੁਰਮੁਖਿ ਵਰਤੈ ਸਭੁ ਆਪੇ ਸਚਾ
ਗੁਰਮੁਖਿ ਉਪਾਇ ਸਮਾਵਣਿਆ॥ ੧॥
ਹਉ ਵਾਰੀ ਜੀਉ ਵਾਰੀ ਗੁਰੁ ਪੂਰਾ ਮੰਨਿ ਵਸਾਵਣਿਆ॥
ਗੁਰ ਤੇ ਸਾਤਿ ਭਗਤਿ ਕਰੇ ਦਿਨੁ ਰਾਤੀ
ਗੁਣ ਕਹਿ ਗੁਣੀ ਸਮਾਵਣਿਆ॥ ੧॥ ਰਹਾਉ॥
**ਗੁਰਮੁਖਿ ਧਰਤੀ ਗੁਰਮੁਖਿ ਪਾਣੀ॥**
**ਗੁਰਮੁਖਿ ਪਵਣੁ ਬੈਸੰਤਰੁ ਖੇਲੈ ਵਿਡਾਣੀ[4]॥**
ਸੋ ਨਿਗੁਰਾ ਜੋ ਮਰਿ ਮਰਿ ਜੰਮੈ
ਨਿਗੁਰੇ ਆਵਣ ਜਾਵਣਿਆ ॥ ੨॥

... ... ... ...

ਆਪੇ ਦੇਵੈ ਸਬਦਿ ਬੁਲਾਏ॥
ਮਹਲੀ ਮਹਲਿ ਸਹਜ ਸੁਖੁ ਪਾਏ॥
**ਨਾਨਕ ਨਾਮਿ ਮਿਲੈ ਵਡਿਆਈ**
**ਆਪੇ ਸੁਣਿ ਸੁਣਿ ਧਿਆਵਣਿਆ॥ ੮॥ ੧੩॥**

1. ਵਿਨਾਸ਼। 2. ਹੁਕਮ ਨਾਲ। 3. ਉਤਪਤੀ। 4. ਅਸਚਰਜ ਕੌਤਕ ਕਰਨ ਵਾਲਾ।



## ਭਾਈ ਗੁਰਦਾਸ ਜੀ
## ਵਾਰ ੨ ਪਉੜੀ ੧੫

**ਇਕ ਪਾਣੀ ਇਕੁ ਧਰਤਿ ਹੈ ਬਹੁ ਬਿਰਖ ਉਪਾਏ।**
ਅਫਲ[1] ਸਫਲ[2] ਪਰਕਾਰ ਬਹੁ ਫਲ ਫੁਲ ਸੁਹਾਏ।
ਬਹੁ ਰਸ ਰੰਗ ਸੁਵਾਸਨਾ ਪਰਕਿਰਤਿ[3] ਸੁਭਾਏ।
**ਬੈਸੰਤਰੁ ਇਕੁ ਵਰਨ ਹੋਇ ਸਭ ਤਰਵਰ ਛਾਏ।**
ਗੁਪਤਹੁ ਪਰਗਟ ਹੋਇਕੈ ਭਸਮੰਤ[4] ਕਰਾਏ।
**ਆਪੇ ਆਪਿ ਵਰੱਤਦਾ ਗੁਰਮੁਖ ਸੁਖਿ ਪਾਏ॥੧੫॥**

1. ਫਲਾਂ ਬਾਝ। 2. ਫਲਾਂ ਵਾਲੇ। 3. ਅਸਲੀਅਤ। 4. ਸੁਆਹ।

## ਸਲੋਕ ਭਗਤ ਕਬੀਰ ਜੀਉ ਕੇ
## ਆਦਿ ਗ੍ਰੰਥ, ਪੰਨਾ ੧੩੬੭

ਕਬੀਰ ਨਿਗੁਸਾਂਏਂ[1] ਬਹਿ ਗਏ[2], ਥਾਂਘੀ[3] ਨਾਹੀ ਕੋਇ॥
**ਦੀਨ[4] ਗਰੀਬੀ ਆਪੁਨੀ, ਕਰਤੇ[5] ਹੋਇ ਸੁ ਹੋਇ॥ ੫॥**

## ਸਿਰੀਰਾਗੁ ਮਹਲਾ ੩ ਪੰਨਾ ੨੬

ਜੇ ਲਖ ਇਸਤਰੀਆ ਭੋਗ ਕਰਹਿ, ਨਵ ਖੰਡ ਰਾਜੁ ਕਮਾਹਿ॥
**ਬਿਨੁ ਸਤਿਗੁਰ ਸੁਖ ਨ ਪਾਵਈ, ਫਿਰਿ ਫਿਰ ਜੋਨੀ ਪਾਹਿ॥ ੧॥**

## ਸੁਖਮਨੀ ਸਾਹਿਬ ਪੰਨਾ ੨੮੬

ਸਤਿਗੁਰ ਸਿਖ ਕਾ ਹਲਤੁ ਪਲਤੁ ਸਵਾਰੈ॥
ਨਾਨਕ **ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ॥**

1. ਨਖਸਮੇ। 2. ਵਹਿ ਗਏ। 3. ਥੰਮਣ ਵਾਲਾ ਮਲਾਹ। 4. ਦੀਨਤਾ, ਨਿਮਰਤਾ। 5. ਕਰਦਿਆਂ।



## ਭਾਈ ਗੁਰਦਾਸ ਜੀ
## ਵਾਰ ੩੬ ਪਉੜੀ ੧੫

ਜੜੀ ਬੂਟੀ ਜੇ ਜੀਵੀਐ ਕਿਉ ਮਰੈ ਧਨੰਤਰੁ[1]।
ਤੰਤੁ ਮੰਤੁ ਬਾਜੀਗਰਾਂ ਓਇ ਭਵਹਿ ਦਿਸੰਤਰੁ।
ਰੁਖੀਂ ਬਿਰਖੀਂ ਪਾਈਐ ਕਾਸਟ ਬੈਸੰਤਰੁ।
ਮਿਲੈ ਨ ਵੀਰਾਰਾਧੁ[2] ਕਰਿ ਠਗ ਚੋਰ ਨ ਅੰਤਰੁ[3]।
ਮਿਲੈ ਨ ਰਾਤੀ ਜਾਗਿਆਂ ਅਪਰਾਧ ਭਵੰਤਰੁ।
**ਵਿਣੁ ਗੁਰ ਮੁਕਤਿ ਨ ਹੋਵਈ ਗੁਰਮੁਖਿ ਅਮਰੰਤਰੁ[4]॥ ੧੫॥**

1. ਸ਼ਿਰੋਮਣੀ ਵੈਦ। 2. ਬੀਰਾਂ ਦਾ ਆਰਾਧਨ, ਭੂਤ ਸੇਵਨ। 3. ਅੰਤਰ ਨਹੀਂ। 4. ਅਮਰ ਤੇ ਅਮਰ ਕਾਰਕ।

## ਸਲੋਕ ਵਾਰਾਂ ਤੇ ਵਧੀਕ
## ਆਦਿ ਗ੍ਰੰਥ, ਪੰਨਾ ੧੪੧੨

ਜਉ ਤਉ ਪ੍ਰੇਮ ਖੇਲਣ ਕਾ ਚਾਉ ॥
ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥
ਸਿਰ ਦੀਜੈ ਕਾਣਿ ਨ ਕੀਜੈ[1] ॥ ੨੦ ॥

## ਆਦਿ ਗ੍ਰੰਥ, ਪੰਨਾ ੧੩੬੫

ਕਬੀਰ ਐਸੀ ਹੋਇ ਪਰੀ, ਮਨ ਕੋ ਭਾਵਤ ਕੀਨੁ ॥
**ਮਰਨੇ ਤੇ ਕਿਆ ਡਰਪਨਾ, ਜਬ ਹਾਥ ਸਿਧਉਰਾ ਲੀਨ ॥ ੭੧ ॥**

## ਆਦਿ ਗ੍ਰੰਥ, ਪੰਨਾ ੫੭੯-੮੦

ਮਰਣ ਮੁਣਸਾ ਸੂਰਿਆ ਹਕੁ ਹੈ,
ਜੋ ਹੋਇ ਮਰਨਿ ਪਰਵਾਣੋ ॥
ਸੂਰੇ ਸੇਈ ਆਗੈ ਆਖੀਅਹਿ,
**ਦਰਗਹ ਪਾਵਹਿ ਸਾਚੀ ਮਾਣੋ ॥**

## ਆਦਿ ਗ੍ਰੰਥ, ਪੰਨਾ ੧੧੦੨

**ਪਹਿਲਾ ਮਰਣੁ ਕਬੂਲਿ, ਜੀਵਣ ਕੀ ਛਡਿ ਆਸ ॥**
ਹੋਹੁ ਸਭਨਾ ਕੀ ਰੇਣੁਕਾ, ਤਉ ਆਉ ਹਮਾਰੈ ਪਾਸਿ ॥ ੧ ॥

1. (ਸਿਰ ਦੇਣੋਂ) ਝਿਜਕਣਾ ਨਹੀਂ ਚਾਹੀਦਾ।



## ਭਾਈ ਗੁਰਦਾਸ ਜੀ
## ਵਾਰ ੨੭ ਪਉੜੀ ੨੩

ਦੀਪਕ ਜਲੈ ਪਤੰਗ ਵੰਸੁ ਫਿਰਿ ਦੇਖ ਨ ਹਟੈ।
ਜਲ ਵਿਚਹੁ ਫੜਿ ਕਢੀਐ ਮਛ ਨੇਹੁ ਨ ਘਟੈ।
ਘੰਡਾ ਹੇੜੈ ਮਿਰਗ ਜਿਉ ਸੁਣਿ ਨਾਦ ਪਲਟੈ।
ਭਵਰੈ ਵਾਸੁ ਵਿਣਾਸੁ ਹੈ ਫੜਿ ਕਵਲੁ ਸੰਘਟੈ[1]।
**ਗੁਰਮੁਖਿ ਸੁਖ ਫਲੁ ਪਿਰਮ ਰਸੁ ਬਹੁ ਬੰਧਨ ਕਟੈ।**
**ਧੰਨੁ ਧੰਨੁ ਗੁਰਸਿੱਖ ਵੰਸੁ ਹੈ ਗੁਰਮਤਿ ਨਿਧਿ[2] ਖਟੈ[3] ॥ ੨੩ ॥**

1. ਜੱਫੀ ਪਾਉਣੀ, ਸੁੰਘਣਾ। 2. ਆਤਮ ਨਿਧੀ। 3. ਖੱਟਦੇ ਹਨ।

# ਰਾਮਕਲੀ ਮਹਲਾ ੩
# ਆਦਿ ਗ੍ਰੰਥ, ਪੰਨਾ ੯੦੯

ਇਹੁ ਸਰੀਰੁ ਸਰਵਰੁ[1] ਹੈ ਸੰਤਹੁ
ਇਸਨਾਨੁ ਕਰੇ ਲਿਵ ਲਾਈ ॥ ੧੩ ॥
ਨਾਮਿ ਇਸਨਾਨੁ ਕਰਹਿ ਸੇ ਜਨ ਨਿਰਮਲ
ਸਬਦੇ ਮੈਲੁ ਗਵਾਈ ॥ ੧੪ ॥
ਤ੍ਰੈ ਗੁਣ[2] ਅਚੇਤ ਨਾਮੁ ਚੇਤਹਿ ਨਾਹੀ
ਬਿਨੁ ਨਾਵੈ ਬਿਨਸਿ ਜਾਈ ॥ ੧੫ ॥
**ਬ੍ਰਹਮਾ ਬਿਸਨੁ ਮਹੇਸੁ ਤ੍ਰੈ ਮੂਰਤਿ**
ਤ੍ਰਿਗੁਣਿ ਭਰਮਿ ਭੁਲਾਈ ॥ ੧੬ ॥
**ਗੁਰ ਪਰਸਾਦੀ ਤ੍ਰਿਕੁਟੀ[3] ਛੂਟੈ**
**ਚਉਥੈ ਪਦਿ ਲਿਵ ਲਾਈ ॥ ੧੭ ॥**
**ਪੰਡਿਤ ਪੜਹਿ ਪੜਿ ਵਾਦੁ ਵਖਾਣਹਿ**
**ਤਿੰਨਾ ਬੂਝ ਨ ਪਾਈ ॥ ੧੮ ॥**

1. ਨਿਰਮਲ ਜਲ ਵਾਲਾ ਸਰੋਵਰ। 2. ਇਹ ਤਿੰਨੇ—ਬ੍ਰਹਮਾ, ਵਿਸ਼ਨੂੰ, ਮਹੇਸ਼। 3. ਰਜੋ, ਤਮੋ, ਸਤੋ।



# ਭਾਈ ਗੁਰਦਾਸ ਜੀ
# ਵਾਰ ੭ ਪਉੜੀ ੩

**ਬ੍ਰਹਮਾ ਬਿਸਨੁ ਮਹੇਸੁ ਤ੍ਰੈ ਲੋਕ ਵੇਦ[1] ਗੁਣ ਗਿਆਨ ਲੰਘਾਏ।**
ਭੂਤ ਭਵਿਖਹੁ ਵਰਤਮਾਨ ਆਦਿ ਮਧਿ ਜਿਣਿ ਅੰਤਿ ਸਿਧਾਏ[2]।
ਮਨਬਚ ਕਰਮ ਇਕਤ੍ਰ ਕਰਿ ਜੰਮਣ ਮਰਣ ਜੀਵਣ ਜਿਣਿ ਆਏ।
ਆਧਿ ਬਿਆਧਿ ਉਪਾਧਿ ਸਾਧਿ ਸੁਰਗ ਮਿਰਤ ਪਾਤਾਲ ਨਿਵਾਏ।
ਉਤਮੁ ਮਧਮ ਨੀਚ ਸਾਧਿ ਬਾਲਕ ਜੋਬਨ ਬਿਰਧਿ ਜਿਣਾਏ।
ਇੜਾ ਪਿੰਗੁਲਾ ਸੁਖਮਨਾ ਤ੍ਰਿਕੁਟੀ ਲੰਘਿ ਤ੍ਰਿਬੇਣੀ[3] ਨ੍ਹਾਏ।
**ਗੁਰਮੁਖਿ ਇਕੁ ਮਨਿ ਇਕੁ ਧਿਆਏ ॥ ੩ ॥**

1. ਸ਼ਾਸਤਰ ਤੇ ਵੇਦ, ਲੋਕਾਂ ਦਾ ਵੇਦ, ਲੋਕੋਕਤੀ, ਧਰਮ ਪੁਸਤਕਾਂ। 2. ਸਿਧ ਕੀਤਾ। 3. ਪ੍ਰਯਾਗ ਭਾਵ ਸਹਜ, ਸਰਬ ਸ਼ਿਰੋਮਣੀ ਅਵਸਥਾ ਤੇ ਸਰਬ ਸਾਧਨਾਂ ਤੋਂ ਪਾਰ ਯਥਾਰਥ।

## ਸਲੋਕ ਭਗਤ ਕਬੀਰ ਜੀਉ ਕੇ
## ਆਦਿ ਗ੍ਰੰਥ, ਪੰਨਾ ੧੩੭੩

**ਕਬੀਰ ਸੰਤੁ ਨ ਛਾਡੈ ਸੰਤਈ[1]**
**ਜਉ[2] ਕੋਟਿਕ ਮਿਲਹਿ ਅਸੰਤ[3] ॥**
**ਮਲਿਆਗਰੁ[4] ਭੁਯੰਗਮ ਬੇਢਿਓ**
**ਤ ਸੀਤਲਤਾ ਨ ਤਜੰਤ ॥ ੧੭੪ ॥**

1. ਸੰਤਪੁਣਾ। 2. ਜੇਕਰ। 3. ਵਿਕਾਰੀ ਮਨੁੱਖ ਮਿਲਣ। 4. ਪਹਾੜ ਤੇ ਉੱਗਿਆ ਚੰਦਨ ਦਾ ਬੂਟਾ।



## ਭਾਈ ਗੁਰਦਾਸ ਜੀ
## ਵਾਰ ੬ ਪਉੜੀ ੧੫

**ਬਾਵਨ ਚੰਦਨ ਆਖੀਐ ਬਹਲੇ ਬਿਸੀਅਰੁ[1] ਤਿਸੁ ਲਪਟਾਹੀ[2]।**
ਪਾਰਸੁ ਅੰਦਰਿ ਪਥਰਾ ਪਥਰ ਪਾਰਸੁ ਹੋਇ ਨ ਜਾਹੀ।
ਮਣੀ ਜਿਨ੍ਹਾਂ ਸਪਾਂ ਸਿਰੀਂ ਓਇ ਭੀ ਸਪਾਂ ਵਿਚਿ ਫਿਰਾਹੀ।
ਲਹਿਰੀ ਅੰਦਰਿ ਹੰਸੁਲੇ ਮਾਣਕ ਮੋਤੀ ਚੁਗਿ ਚੁਗਿ ਖਾਹੀ।
**ਜਿਉਂ ਜਲਿ ਕਵਲ ਅਲਿਪਤੁ ਹੈ ਘਰਿਬਾਰੀ ਗੁਰਸਿਖਿ ਤਿਵਾਹੀ।**
ਆਸਾ ਵਿਚਿ ਨਿਰਾਸੁ ਹੋਇ ਜੀਵਨੁ ਮੁਕਤਿ ਸੁ ਜੁਗਤਿ ਜਵਾਹੀ।
ਸਾਧ ਸੰਗਤਿ ਕਿਤੁ ਮੁਹਿ ਸਾਲਾਹੀ ॥ ੧੫ ॥

1. ਜ਼ਹਿਰੀਲੇ ਸੱਪ। 2. ਚੰਬੜੇ ਹੋਏ।

## ਸਿਰੀਰਾਗੁ ਮਹਲਾ ੩
## ਆਦਿ ਗ੍ਰੰਥ, ਪੰਨਾ ੬੯

ਸਤਿਗੁਰਿ ਸੇਵਿਐ ਮਨੁ ਨਿਰਮਲਾ ਭਏ ਪਵਿਤੁ ਸਰੀਰ॥
ਮਨਿ ਆਨੰਦੁ ਸਦਾ ਸੁਖੁ ਪਾਇਆ ਭੇਟਿਆ ਗਹਿਰ ਗੰਭੀਰੁ[1]॥
ਸਚੀ ਸੰਗਤਿ ਬੈਸਣਾ ਸਚਿ ਨਾਮਿ ਮਨੁ ਧੀਰ॥੧॥
ਮਨ ਰੇ ਸਤਿਗੁਰੁ ਸੇਵਿ ਨਿਸੰਗੁ[2]॥
**ਸਤਿਗੁਰੁ ਸੇਵਿਐ ਹਰਿ ਮਨਿ ਵਸੈ ਲਗੈ ਨ ਮੈਲੁ ਪਤੰਗੁ[3]॥੧॥ਰਹਾਉ॥**
ਸਚੈ ਸਬਦਿ ਪਤਿ ਊਪਜੈ ਸਚੇ ਸਚਾ ਨਾਉ॥
ਜਿਨੀ ਹਉਮੈ ਮਾਰਿ ਪਛਾਣਿਆ ਹਉ ਤਿਨ ਬਲਿਹਾਰੈ ਜਾਉ॥
ਮਨਮੁਖ ਸਚੁ ਨ ਜਾਣਨੀ ਤਿਨ ਠਉਰ ਨ ਕਤਹੂ ਥਾਉ॥੨॥
... ... ... ...
ਜੋ ਸਚੈ ਲਾਏ ਸੇ ਸਚਿ ਲਗੇ ਨਿਤ ਸਚੀ ਕਾਰ ਕਰੰਨਿ॥
**ਤਿਨਾ ਨਿਜ ਘਰਿ ਵਾਸਾ ਪਾਇਆ ਸਚੈ ਮਹਲਿ ਰਹੰਨਿ॥**
ਨਾਨਕ ਭਗਤ ਸੁਖੀਏ ਸਦਾ ਸਚੈ ਨਾਮਿ ਰਚੰਨਿ ॥੮॥੧੭॥੮॥

## ਪੰਨਾ ੧੨੩੨

**ਗੁਰ ਕੈ ਸਬਦਿ ਰਤਾ ਬੈਰਾਗੀ**
**ਨਿਜ ਘਰਿ ਤਾੜੀ ਲਾਈ॥੬॥**

1. ਸੰਜੀਦਾ। 2. ਨਿਝਕ। 3. ਕਿਸੇ ਅੰਗ ਨੂੰ ਵੀ।



